PRGI (RNI) Regd. N0.42998/1985

ਰੋਜ਼ਾਨਾ

www.dailyeducator.in

# ਐਜੂਕੇਟਰ

ਨਵੀਂ ਦਿੱਲੀ

ਸਾਲ/YEAR 41
ਅੰਕ ਨੰ/Volume No.:90
ਵੀਰਵਾਰ, 2 ਅਪ੍ਰੈਲ 2026
Thursday, 2 April 2026
ਮੁੱਲ : 2/- ਰੁਪਏ
Price-Rs. 2/-

ਕੁਲ ਪੇਜ/Total Pages : 8

Chief Editor : Harpreet Singh ਮੁੱਖ ਸੰਪਾਦਕ : ਹਰਪ੍ਰੀਤ ਸਿੰਘ

THE DAILY EDUCATOR NEW DELHI

ਭਾਰਤ ਦੀ ਰਾਜਧਾਨੀ ਨਵੀਂ ਦਿੱਲੀ ਤੋਂ ਛਪਣ ਵਾਲਾ ਪੰਜਾਬੀ ਦਾ ਪੁਰਾਣਾ ਤੇ ਪ੍ਰਸਿੱਧ ਅਖ਼ਬਾਰ

ਦਫਤਰ : 104, ਡੀ. ਐਸ. ਆਈ. ਡੀ. ਸੀ., ਓਖਲਾ ਇੰਡਸਟਰੀਅਲ ਏਰੀਆ, ਫੇਜ਼ 1 ਨਵੀਂ ਦਿੱਲੀ
ਫੋਨ : 41503144
ਫੈਕਸ-011-23353936
email:educatord@gmail.com

## ਰਸੋਈ ਗੈਸ ਦੀਆਂ ਕੀਮਤਾਂ 'ਤੇ ਚਰਚਾ ਨੂੰ ਲੈ ਕੇ ਰਾਜ ਸਭਾ 'ਚ ਖੜਗੇ ਅਤੇ ਰਿਜਿਜੂ ਵਿਚਾਲੇ ਹੋਈ ਬਹਿਸ



ਨਵੀਂ ਦਿੱਲੀ, 1 ਅਪ੍ਰੈਲ (ਪ.ਪ) : ਰਸੋਈ ਗੈਸ (ਐੱਲਪੀਜੀ) ਦੀਆਂ ਕੀਮਤਾਂ @ਤੇ ਚਰਚਾ ਦ ਮੰਗ ਨੂੰ ਲੈ ਕੇ ਰਾਜ ਸਭਾ @ਚ ਵਿਰੋਧੀ ਧਿਰ ਦੇ ਨੇਤਾ ਮਲਿਕਾਰਜੁਨ ਖੜਗੇ ਅਤੇ ਸੰਸਦੀ ਕਾਰਜ ਮੰਤਰੀ ਕਿਰਨ ਰਿਜਿਜੂ ਵਿਚਾਲੇ ਬੁੱਧਵਾਰ ਨੂੰ ਹਲਕੀ ਬਹਿਸ ਦੇਖਣ ਨੂੰ ਮਿਲੀ। ਸਦਨ @ਚ ਪ੍ਰਸ਼ਨਕਾਲ ਦੀ ਕਾਰਵਾਈ ਸ਼ੁਰੂ ਹੋਣ ਤੋਂ ਠੀਕ ਪਹਿਲਾਂ ਖੜਗੇ ਨੇ ਕਿਹਾ ਕਿ ਸਰਕਾਰ ਜਦੋਂ ਚਾਹੁੰਦੀ ਹੈ, ਉਦੋਂ ਬਿੱਲ ਲਿਆਂਦੀ ਹੈ, ਜਿਸ ਵੀ ਮੁੱਦੇ @ਤੇ ਚਾਹੁੰਦੀ ਹੈ ਚਰਚਾ ਕਰਵਾਉਂਦੀ ਹੈ ਅਤੇ ਬਿਆਨ ਦਿੰਦੀ ਹੈ ਪਰ ਵਿਰੋਧੀ ਧਿਰ ਜੇਕਰ ਕਿਸੇ ਵੀ ਮੁੱਦੇ @ਤੇ ਚਰਚਾ ਦੀ ਮੰਗ ਕਰਦਾ ਹੈ ਤਾਂ ਉਸ ਨੂੰ ਠੁਕਰਾ ਦਿੱਤਾ ਜਾਂਦਾ ਹੈ। ਵਿਰੋਧੀ ਧਿਰ ਦੇ ਨੇਤਾ ਨੇ ਕਿਹਾ ਕਿ ਉਨ੍ਹਾਂ ਨੇ ਖੁਦ 2 ਵਾਰ ਨਿਯਮ 176 ਦੇ ਅਧੀਨ ਥੋੜ੍ਹੇ ਸਮੇਂ ਦੀ ਚਰਚਾ ਲਈ ਨੋਟਿਸ ਦਿੱਤਾ ਸੀ, ਜਿਸ ਨੂੰ ਸਵੀਕਾਰ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਪੂਰੀ ਦੁਨੀਆ ਐੱਲਪੀਜੀ ਅਤੇ ਗੈਸ ਲਈ ਪਰੇਸ਼ਾਨ ਹੈ ਪਰ ਸਰਕਾਰ ਕੋਲ ਇਸ @ਤੇ ਚਰਚਾ ਲਈ ਸਮਾਂ ਨਹੀਂ ਹੈ, ਜਦੋਂ ਕਿ ਕੀਮਤਾਂ ਤੇਜ਼ੀ ਨਾਲ ਵੱਧ ਰਹੀਆਂ ਹਨ। ਇਸ @ਤੇ ਰਿਜਿਜੂ ਨੇ ਕਿਹਾ ਕਿ ਸੰਸਦ ਦੇ ਦੋਵਾਂ ਸਦਨਾਂ @ਚ ਸੰਬੰਧਤ ਮੰਤਰੀਆਂ ਨੇ ਬਿਆਨ ਦਿੱਤੇ ਹਨ, ਪ੍ਰਧਾਨ ਮੰਤਰੀ ਨੇ ਵੀ ਦੋਵਾਂ ਸਦਨਾਂ @ਚ ਪੱਛਮੀ ਏਸ਼ੀਆ ਦੀ ਸਥਿਤੀ @ਤੇ ਬਿਆਨ ਦਿੱਤੇ ਹਨ। ਇੱਥੇ ਤੱਕ ਕਿ ਵਿੱਤ ਬਿੱਲ @ਤੇ ਚਰਚਾ ਦੌਰਾਨ ਵੀ ਜ਼ਿਆਦਾਤਰ ਵਿਰੋਧੀ ਮੈਂਬਰਾਂ ਨੇ ਐੱਲਪੀਜੀ ਦੇ ਮੁੱਦੇ @ਤੇ ਵੀ ਆਪਣੀ ਗੱਲ ਰੱਖੀ ਸੀ, ਜਿਸ ਦਾ ਵਿੱਤ ਮੰਤਰੀ ਨੇ ਵਿਸਥਾਰਪੂਰਵਕ ਜਵਾਬ ਦਿੱਤਾ ਸੀ। ਉਨ੍ਹਾਂ ਕਿਹਾ ਕਿ ਭਾਰਤ ਨੇ ਸਥਿਤੀ ਨੂੰ ਚੰਗੀ ਤਰ੍ਹਾਂ ਸੰਭਾਲਿਆ ਹੈ ਅਤੇ ਪੈਟਰੋਲ-ਡੀਜ਼ਲ @ਤੇ ਐਕਸਾਈਜ਼ ਡਿਊਟੀ 10 ਰੁਪਏ ਘਟਾਉਣ ਦਾ ਇਤਿਹਾਸਕ ਕਦਮ ਚੁੱਕਿਆ ਹੈ। ਸੰਸਦੀ ਕਾਰਜ ਮੰਤਰੀ ਨੇ ਵਿਰੋਧੀ ਧਿਰ ਨੂੰ ਇਸ ਮੁੱਦੇ ਨੂੰ ਲੈ ਕੇ ਰਾਜਨੀਤੀ ਨਾ ਕਰਨ ਦੀ ਨਸੀਹਤ ਦਿੰਦੇ ਹੋਏ ਕਿਹਾ ਕਿ ਇਸੇ ਮੁੱਦੇ @ਤੇ ਸਰਬ-ਪਾਰਟੀ ਮੀਟਿੰਗ @ਚ ਲੋਕ ਸਭਾ ਅਤੇ ਰਾਜ ਸਭਾ ਦੋਵਾਂ ਦੇ ਵਿਰੋਧੀ ਧਿਰ ਨੇਤਾ (ਰਾਹੁਲ ਗਾਂਧੀ ਅਤੇ ਮਲਿਕਾਰਜੁਨ ਖੜਗੇ) ਨਹੀਂ ਸ਼ਾਮਲ ਹੋਏ।

### ਅਸਾਮ ਪੁੱਜੇ ਪ੍ਰਧਾਨ ਮੰਤਰੀ ਮੋਦੀ, ਚਾਹ ਦੇ ਬਾਗ 'ਚ ਤੋੜੀਆਂ ਪੱਤੀਆਂ

## ਅਸਾਮ ਵਿਚ ਇਹ ਚੋਣ ਵਿਕਸਤ ਅਸਾਮ ਨੂੰ ਵਿਕਸਤ ਭਾਰਤ ਵਿਚ ਬਦਲਣ ਦੀ ਚੋਣ ; ਮੋਦੀ



ਅਸਾਮ, 1 ਅਪ੍ਰੈਲ (ਪ.ਪ) : ਪੰਜ ਰਾਜਾਂ ਪੱਛਮੀ ਬੰਗਾਲ, ਤਾਮਿਲਨਾਡੂ, ਕੇਰਲ, ਅਸਾਮ ਅਤੇ ਪੁਡੂਚੇਰੀ ਵਿਚ ਵਿਧਾਨ ਸਭਾ ਚੋਣਾਂ ਹੋ ਰਹੀਆਂ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅੱਜ ਅਸਾਮ ਪਹੁੰਚੇ। ਉਨ੍ਹਾਂ ਨੇ ਅੱਜ ਸਵੇਰੇ ਡਿਬਰੂਗੜ੍ਹ ਵਿਚ ਇਕ ਚਾਹ ਦੇ ਬਾਗ ਦਾ ਦੌਰਾ ਕੀਤਾ ਅਤੇ ਉੱਥੇ ਕੰਮ ਕਰਨ ਵਾਲੀਆਂ ਔਰਤਾਂ ਨਾਲ ਗੱਲਬਾਤ ਕੀਤੀ। ਪ੍ਰਧਾਨ ਮੰਤਰੀ ਨੇ ਉੱਥੇ ਚਾਹ ਦੀਆਂ ਪੱਤੀਆਂ ਵੀ ਤੋੜੀਆਂ ਤੇ ਉਨ੍ਹਾਂ ਔਰਤਾਂ ਨਾਲ ਸੈਲਫ਼ੀ ਵੀ ਲਈ।ਇਸ ਤੋਂ ਬਾਅਦ ਜਨਸਭਾ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਮੰਤਰੀ ਨੇ ਕਿਹਾ ਕਿ ਅਸਾਮ ਵਿਚ ਇਹ ਚੋਣ ਇਕ ਵਿਕਸਤ ਅਸਾਮ ਨੂੰ ਵਿਕਸਤ ਭਾਰਤ ਵਿਚ ਬਦਲਣ ਦੀ ਚੋਣ ਹੈ। ਇਸ ਵਾਰ ਭਾਜਪਾ-ਐਨ.ਡੀ.ਏ. ਯਕੀਨੀ ਤੌਰ @ਤੇ ਹੈਟ੍ਰਿਕ ਲਗਾਉਣਗੇ। ਕਾਂਗਰਸ ਹਾਰਾਂ ਦੀ ਹੈਟ੍ਰਿਕ ਦਾ ਸਾਹਮਣਾ ਕਰਨ ਵਾਲੀ ਹੈ। ਅਸਾਮ ਲਗਾਤਾਰ ਤੀਜੀ ਵਾਰ ਭਾਜਪਾ-ਐਨ.ਡੀ.ਏ. ਸਰਕਾਰ ਬਣਾ ਰਿਹਾ ਹੈ। ਕਾਂਗਰਸ ਦਾ ਅਖੌਤੀ ਰਾਜਕੁਮਾਰ ਹਾਰਾਂ ਦੀ ਸਦੀ ਬਣਾਉਣ ਵਾਲਾ ਹੈ।ਪ੍ਰਧਾਨ ਮੰਤਰੀ ਨੇ ਕਿਹਾ ਕਿ ਅਸਾਮ ਚੋਣਾਂ ਦੇ ਐਲਾਨ ਤੋਂ ਬਾਅਦ ਇਹ ਮੇਰੀ ਪਹਿਲੀ ਜਨਤਕ ਮੀਟਿੰਗ ਹੈ। ਸਾਡੇ ਸਾਹਮਣੇ ਲੋਕਾਂ ਦਾ ਸਮੁੰਦਰ ਹੈ, ਭੈਣਾਂ-ਧੀਆਂ ਦਾ ਆਸ਼ੀਰਵਾਦ, ਨੌਜਵਾਨਾਂ ਦਾ ਸਮਰਥਨ... ਪੂਰੀ ਸੜਕ ਖਚਾਖਚ ਭਰੀ ਹੋਈ ਹੈ। ਇਹ ਪਿਆਰ ਇਕ ਖੁੱਲ੍ਹਾ ਐਲਾਨ ਹੈ ਕਿ ਇਸ ਵਾਰ ਹੈਟ੍ਰਿਕ ਤੈਅ ਹੈ।ਉਨ੍ਹਾਂ ਕਿਹਾ ਕਿ ਤੁਹਾਡੇ ਆਸ਼ੀਰਵਾਦ ਨਾਲ ਮੈਨੂੰ ਪ੍ਰਧਾਨ ਮੰਤਰੀ ਵਜੋਂ ਹੈਟ੍ਰਿਕ ਬਣਾਉਣ ਦਾ ਮੌਕਾ ਮਿਲਿਆ ਹੈ। ਮੈਂ ਤੀਜੀ ਵਾਰ ਇਸ ਮੈਦਾਨ @ਤੇ ਆਇਆ ਹਾਂ। ਤੁਹਾਡੇ ਆਸ਼ੀਰਵਾਦ ਨਾਲ ਅਸਾਮ ਵਿਚ ਭਾਜਪਾ ਸਰਕਾਰ ਹੈਟ੍ਰਿਕ ਬਣਾਉਣ ਜਾ ਰਹੀ ਹੈ। ਹਰ ਕੋਈ ਕਹਿ ਰਿਹਾ ਹੈ ਕਿ ਅਕੋਏ ਬਾਰ, ਐਨ.ਡੀ.ਏ. ਸਰਕਾਰ, ਭਾਜਪਾ ਸਰਕਾਰ। ਮੈਨੂੰ ਬਹੁਤ ਖੁਸ਼ੀ ਹੈ ਕਿ ਮੈਂ ਗੁਗੁਹਾਡੋਲ ਵਿਚ ਬੈਠੇ ਭਗਵਾਨ ਸ਼ਿਵ ਅਤੇ ਡੋਨੀਪੋਲੋ ਦੇ ਆਸ਼ੀਰਵਾਦ ਨਾਲ ਚੋਣ ਮੁਹਿੰਮ ਸ਼ੁਰੂ ਕਰ ਰਿਹਾ ਹਾਂ।ਮੈਂ ਅਸਾਮ ਭਾਜਪਾ ਦੇ ਸਾਰੇ ਨੇਤਾਵਾਂ ਨੂੰ ਵਧਾਈ ਦਿੰਦਾ ਹਾਂ, ਮੈਂ ਅਸਾਮ ਭਾਜਪਾ ਦੀ ਟੀਮ ਨੂੰ ਵਧਾਈ ਦਿੰਦਾ ਹਾਂ। ਅਸਾਮ ਭਾਜਪਾ ਨੇ ਪਿਛਲੇ 10 ਸਾਲਾਂ ਵਿਚ ਕਈ ਪਹਿਲੂ ਦਿੱਤੇ ਹਨ। ਕੱਲ੍ਹ ਸ਼ਾਮ ਨੂੰ ਸੰਕਲਪ ਪੱਤਰ ਜਾਰੀ ਕੀਤਾ ਗਿਆ। ਮੰਗਲਵਾਰ ਨੂੰ ਜਾਰੀ ਕੀਤਾ ਗਿਆ ਪੱਤਰ ਅਸਾਮ ਵਿਚ ਹੋਰ ਸ਼ੁਭਕਾਮਨਾਵਾਂ ਲਿਆਉਣ ਵਾਲਾ ਹੈ। ਯਾਨੀ ਕਿ ਮੰਗਲਵਾਰ ਨੂੰ ਸ਼ੁਭ ਪੱਤਰ ਆਇਆ ਹੈ। ਇਹ ਇਕ ਸੰਕਲਪ ਪੱਤਰ ਹੈ ਜੋ ਸ਼ੁਭਕਾਮਨਾਵਾਂ ਲਿਆਵੇਗਾ, ਇਸ ਵਿਚ ਸਰਕਾਰੀ ਨੌਕਰੀਆਂ ਅਤੇ ਨੌਜਵਾਨਾਂ ਲਈ ਲੱਖਾਂ ਸਵੈ-ਰੁਜ਼ਗਾਰ ਦੇ ਮੌਕਿਆਂ ਦਾ ਇਕ ਰੋਡ ਮੈਪ ਹੈ। ਬੁਨਿਆਦੀ ਢਾਂਚੇ @ਤੇ 5 ਲੱਖ ਕਰੋੜ ਰੁਪਏ ਖਰਚ ਕਰਨ ਦਾ ਸੰਕਲਪ ਹੈ। ਹਰ ਖੇਤਰ ਵਿਚ ਰੁਜ਼ਗਾਰ ਦੇ ਬਹੁਤ ਸਾਰੇ ਮੌਕੇ ਪੈਦਾ ਕੀਤੇ ਜਾਣਗੇ।

## ਘਰੇਲੂ ਏਅਰਲਾਈਨਾਂ ਲਈ ਜੈਟ ਈਂਧਣ ਦੀ ਕੀਮਤ ਵਿੱਚ 8.5 ਫੀਸਦੀ ਵਾਧਾ

ਨਵੀਂ ਦਿੱਲੀ, 1 ਅਪ੍ਰੈਲ (ਪ.ਪ) : ਐਵੀਏਸ਼ਨ ਟਰਬਾਈਨ ਫਿਊਲ ਜਾਂ ਜੈੱਟ ਈਂਧਣ ਦੀ ਕੀਮਤ ਬੁੱਧਵਾਰ ਨੂੰ ਪਿਛਲੇ ਮਹੀਨੇ ਵਿਸ਼ਵਵਿਆਪੀ ਤੇਲ ਕੀਮਤਾਂ ਵਿੱਚ ਹੋਏ ਉਛਾਲ ਦੇ ਕਾਰਨ ਦੁੱਗਣੇ ਤੋਂ ਵੱਧ ਹੋ ਕੇ 2.07 ਲੱਖ ਰੁਪਏ ਪ੍ਰਤੀ ਕਿਲੋਲੀਟਰ ਦੇ ਰਿਕਾਰਡ ਪੱਧਰ @ਤੇ ਪਹੁੰਚ ਗਈ ਹੈ, ਪਰ ਘਰੇਲੂ ਏਅਰਲਾਈਨਾਂ ਲਈ ਇਹ ਵਾਧਾ ਸਿਰਫ 8.5 ਫੀਸਦੀ ਹੋਵੇਗਾ।ਘਰੇਲੂ ਏਅਰਲਾਈਨਾਂ ਹੋਰ ਕੈਰੀਅਰਾਂ ਜਿਵੇਂ ਕਿ ਨਾਨ-ਸ਼ਡਿਊਲਡ, ਐਡਹਾਕ ਅਤੇ ਚਾਰਟਰ ਦੁਆਰਾ ਅਦਾ ਕੀਤੇ ਜਾਣ ਵਾਲੇ ਭਾਅ ਦਾ ਅੱਧਾ ਭੁਗਤਾਨ ਕਰਨਗੀਆਂ। ਉਨ੍ਹਾਂ (ਹੋਰ ਕੈਰੀਅਰਾਂ) ਲਈ ਕੀਮਤਾਂ 1,10,703.08 ਰੁਪਏ ਪ੍ਰਤੀ ਕਿਲੋਲੀਟਰ ਜਾਂ 114.5 ਫੀਸਦੀ ਵਧ ਕੇ 2,07,341.22 ਰੁਪਏ ਪ੍ਰਤੀ ਕਿਲੋਲੀਟਰ ਹੋ ਗਈਆਂ ਹਨ। ਜੈੱਟ ਈਂਧਣ ਦੀਆਂ ਕੀਮਤਾਂ ਦੋ ਦਹਾਕੇ ਪਹਿਲਾਂ ਕੰਟਰੋਲ ਮੁਕਤ ਕੀਤੀਆਂ ਗਈਆਂ ਸਨ ਅਤੇ ਉਦੋਂ ਤੋਂ ਏਅਰਲਾਈਨਾਂ ਨਾਲ ਲਿਖਤੀ ਸਮਝੌਤੇ ਅਨੁਸਾਰ ਦਰਾਂ ਅੰਤਰਰਾਸ਼ਟਰੀ ਬੈਂਚਮਾਰਕ ਕੀਮਤਾਂ ਦੇ ਅਨੁਸਾਰ ਤੈਅ ਕੀਤੀਆਂ ਜਾਂਦੀਆਂ ਹਨ।ਉਦਯੋਗਿਕ ਸਰੋਤਾਂ ਨੇ ਦੱਸਿਆ ਕਿ ਕਿਉਂਕਿ ਮੱਧ ਪੂਰਬ ਦੀ ਜੰਗ ਕਾਰਨ ਵਿਸ਼ਵਵਿਆਪੀ ਊਰਜਾ ਕੀਮਤਾਂ ਵਿੱਚ ਆਏ ਉਛਾਲ ਕਾਰਨ ਏਟੀਐੱਫ ਕੀਮਤਾਂ ਵਿੱਚ ਹੁਣ ਤੱਕ ਦਾ ਸਭ ਤੋਂ ਵੱਡਾ ਵਾਧਾ ਕਰਨਾ ਜ਼ਰੂਰੀ ਹੋ ਗਿਆ ਸੀ, ਇਸ ਲਈ ਸਰਕਾਰ ਅਤੇ ਸਰਕਾਰੀ ਤੇਲ ਕੰਪਨੀਆਂ ਨੇ ਇੱਕ ਸੰਤੁਲਿਤ ਪਹੁੰਚ ਅਪਣਾਉਣ ਦਾ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਜਦੋਂ ਕਿ ਵਿਦੇਸ਼ੀ ਏਅਰਲਾਈਨਾਂ ਅਤੇ ਹੋਰ ਕੈਰੀਅਰ ਬਾਜ਼ਾਰ ਦੀਆਂ ਦਰਾਂ ਅਦਾ ਕਰਨਗੇ, ਘਰੇਲੂ ਏਅਰਲਾਈਨਾਂ ਲਈ ਕੀਮਤਾਂ ਨੂੰ ਮੱਧਮ (ਘੱਟ) ਰੱਖਿਆ ਗਿਆ ਹੈ।



## ਪੱਛਮੀ ਏਸ਼ੀਆ ਸੰਕਟ ਦਾ ਪ੍ਰਭਾਵ, ਦੇਸ਼ ਵਿਚ ਵਪਾਰਕ ਐਲਪੀਜੀ ਸਿਲੰਡਰ 195 ਰੁਪਏ ਹੋਇਆ ਮਹਿੰਗਾ

ਨਵੀਂ ਦਿੱਲੀ, 1 ਅਪ੍ਰੈਲ (ਪ.ਪ) : ਨਵੇਂ ਵਿੱਤੀ ਸਾਲ ਦੇ ਪਹਿਲੇ ਦਿਨ ਹੀ ਆਮ ਜਨਤਾ ਅਤੇ ਕਾਰੋਬਾਰ ਮਹਿੰਗਾਈ ਦੀ ਮਾਰ ਹੇਠ ਆ ਗਏ ਹਨ। ਤੇਲ ਕੰਪਨੀਆਂ ਨੇ ਬੁੱਧਵਾਰ ਨੂੰ ਵਪਾਰਕ ਐਲਪੀਜੀ (19 ਕਿਲੋਗ੍ਰਾਮ) ਸਿਲੰਡਰਾਂ ਦੀ ਕੀਮਤ ਵਿੱਚ 195.50 ਰੁਪਏ ਦਾ ਭਾਰੀ ਵਾਧਾ ਕੀਤਾ ਹੈ। ਇਹ ਵਾਧਾ ਵਿਸ਼ਵ ਪੱਧਰ @ਤੇ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਵਾਧੇ ਕਾਰਨ ਕੀਤਾ ਗਿਆ ਹੈ।ਬਾਜ਼ਾਰ ਮਾਹਿਰਾਂ ਦੇ ਅਨੁਸਾਰ, ਪੱਛਮੀ ਏਸ਼ੀਆ ਵਿੱਚ ਵਧ ਰਹੇ ਫੌਜੀ ਟਕਰਾਅ ਅਤੇ ਅਸਥਿਰਤਾ ਕਾਰਨ ਵਿਸ਼ਵ ਪੱਧਰ @ਤੇ ਤੇਲ ਦੀਆਂ ਕੀਮਤਾਂ ਵਿੱਚ ਵਾਧਾ ਹੋਇਆ ਹੈ। ਇਸ ਵਿਸ਼ਵਵਿਆਪੀ ਦਬਾਅ ਕਾਰਨ ਘਰੇਲੂ ਗੈਸ ਦੀਆਂ ਕੀਮਤਾਂ ਵਿੱਚ ਵਾਧਾ ਹੋਇਆ ਹੈ। ਸਰਕਾਰੀ ਤੇਲ ਕੰਪਨੀਆਂ ਦੁਆਰਾ ਜਾਰੀ ਕੀਤੇ ਗਏ ਤਾਜ਼ਾ ਅੰਕੜਿਆਂ ਅਨੁਸਾਰ, ਰਾਸ਼ਟਰੀ ਰਾਜਧਾਨੀ ਦਿੱਲੀ ਵਿੱਚ 19 ਕਿਲੋਗ੍ਰਾਮ ਦੇ ਵਪਾਰਕ ਐਲਪੀਜੀ ਸਿਲੰਡਰ ਦੀ ਕੀਮਤ ਹੁਣ 2,078.50 ਰੁਪਏ ਹੋ ਗਈ ਹੈ।ਇਸ ਤੋਂ ਪਹਿਲਾਂ, 1 ਮਾਰਚ ਨੂੰ, ਕੀਮਤਾਂ ਵਿੱਚ 114.5 ਰੁਪਏ ਦਾ ਵਾਧਾ ਕੀਤਾ ਗਿਆ ਸੀ, ਭਾਵ ਵਪਾਰਕ ਗੈਸ ਦੀਆਂ ਕੀਮਤਾਂ ਸਿਰਫ਼ ਇੱਕ ਮਹੀਨੇ ਵਿੱਚ 300 ਰੁਪਏ ਤੋਂ ਵੱਧ ਵਧੀਆਂ ਹਨ। ਵਪਾਰਕ ਗੈਸ ਦੀ ਵਧਦੀ ਕੀਮਤ ਰੈਸਟੋਰੈਂਟ, ਢਾਬਾ ਅਤੇ ਕੇਟਰਿੰਗ ਕਾਰੋਬਾਰਾਂ ਲਈ ਲਾਗਤ ਵਧਾਏਗੀ। ਇਹ ਡਰ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਬਾਹਰ ਖਾਣਾ ਅਤੇ ਹੋਰ ਖਾਣ-ਪੀਣ ਦੀਆਂ ਚੀਜ਼ਾਂ ਵੀ ਮਹਿੰਗੀਆਂ ਹੋ ਸਕਦੀਆਂ ਹਨ। ਹਾਲਾਂਕਿ, ਘਰੇਲੂ ਰਸੋਈ ਗੈਸ (14.2 ਕਿਲੋਗ੍ਰਾਮ) ਦੀ ਕੀਮਤ ਵਿੱਚ ਕਿਸੇ ਬਦਲਾਅ ਦੀ ਤੁਰੰਤ ਕੋਈ ਖ਼ਬਰ ਨਹੀਂ ਹੈ।




## ਸਿਆਸਤ 'ਚ ਫੂਲਕਾ ਦੀ ਵਾਪਸੀ: ਭਾਜਪਾ 'ਚ ਹੋਏ ਸ਼ਾਮਲ

ਨਵੀਂ ਦਿੱਲੀ, 1 ਅਪ੍ਰੈਲ 2026: 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ਼ ਦਿਵਾਉਣ ਲਈ ਲੰਬੀ ਕਾਨੂੰਨੀ ਲੜਾਈ ਲੜਨ ਵਾਲੇ ਉੱਘੇ ਵਕੀਲ ਐਚ.ਐਸ.ਫੂਲਕਾ ਅੱਜ ਰਸਮੀ ਤੌਰ @ਤੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਿਲ ਹੋ ਗਏ ਹਨ। ਦਿੱਲੀ ਸਥਿਤ ਭਾਜਪਾ ਦੇ ਕੇਂਦਰੀ ਦਫ਼ਤਰ ਵਿੱਚ ਇੱਕ ਵਿਸ਼ੇਸ਼ ਸਮਾਗਮ ਦੌਰਾਨ ਉਨ੍ਹਾਂ ਨੇ ਪਾਰਟੀ ਦਾ ਪੱਲਾ ਫੜਿਆ।ਫੂਲਕਾ ਨੂੰ ਪਾਰਟੀ ਵਿੱਚ ਸ਼ਾਮਿਲ ਕਰਵਾਉਣ ਲਈ ਭਾਜਪਾ ਦੀ ਪੂਰੀ ਸੀਨੀਅਰ ਲੀਡਰਸ਼ਿਪ ਮੌਜੂਦ ਸੀ। ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ, ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ, ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ, ਅਸ਼ਵਨੀ ਸ਼ਰਮਾ ਅਤੇ ਮਨਜਿੰਦਰ ਸਿੰਘ ਸਿਰਸਾ ਨੇ ਫੂਲਕਾ ਦਾ ਪਾਰਟੀ ਵਿੱਚ ਸਵਾਗਤ ਕੀਤਾ। ਐੱਚ. ਐੱਸ. ਫੂਲਕਾ ਵਰਗੇ ਦਿੱਗਜ ਚਿਹਰੇ ਦੇ ਭਾਜਪਾ ਵਿੱਚ ਸ਼ਾਮਲ ਹੋਣ ਨਾਲ ਪੰਜਾਬ ਦੀ ਸਿਆਸਤ ਵਿੱਚ ਨਵੀਂ ਚਰਚਾ ਛਿੜ ਗਈ ਹੈ। ਖਾਸ ਕਰਕੇ ਸਿੱਖ ਰਾਜਨੀਤੀ ਅਤੇ ਕਾਨੂੰਨੀ ਹਲਕਿਆਂ ਵਿੱਚ ਫੂਲਕਾ ਦੇ ਇਸ ਕਦਮ ਨੂੰ ਬੇਹੱਦ ਅਹਿਮ ਮੰਨਿਆ ਜਾ ਰਿਹਾ ਹੈ। ਭਾਜਪਾ ਵਿੱਚ ਸ਼ਾਮਲ ਹੋਣ ਤੋਂ ਬਾਅਦ ਫੂਲਕਾ ਨੇ ਕਿਹਾ ਕਿ ਉਹ ਪੰਜਾਬ ਦੇ ਭਵਿੱਖ ਅਤੇ ਸੂਬੇ ਦੀ ਮੌਜੂਦਾ ਮਾੜੀ ਹਾਲਤ ਨੂੰ ਦੇਖਦੇ ਹੋਏ ਮੁੜ ਰਾਜਨੀਤੀ ਵਿੱਚ ਸਰਗਰਮ ਹੋਏ ਹਨ।ਐੱਚ. ਐੱਸ. ਫੂਲਕਾ ਨੇ ਕਿਹਾ ਕਿ 1984 ਦੀ ਲੜਾਈ @ਚ ਭਾਜਪਾ ਨੇ ਹਮੇਸ਼ਾ ਸਾਥ ਦਿੱਤਾ। ਭਾਜਪਾ ਤੋਂ ਬਿਹਤਰ ਕੋਈ ਪਾਰਟੀ ਨਹੀਂਰਾਜਨੀਤੀ ਵਿੱਚ ਵਾਪਸੀ ਦਾ ਕਾਰਨ ਦੱਸਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਨੂੰ ਬਚਾਉਣ ਲਈ ਸਿਆਸਤ ਵਿੱਚ ਮੁੜ ਆਉਣਾ ਜ਼ਰੂਰੀ ਸੀ ਅਤੇ ਇਸ ਲਈ ਭਾਜਪਾ ਤੋਂ ਬਿਹਤਰ ਕੋਈ ਦੂਜੀ ਪਾਰਟੀ ਨਹੀਂ ਹੋ ਸਕਦੀ। ਉਨ੍ਹਾਂ ਭਰੋਸਾ ਜਤਾਇਆ ਕਿ ਉਹ ਭਾਜਪਾ ਦੇ ਮੰਚ ਤੋਂ ਪੰਜਾਬ ਦੇ ਹਿੱਤਾਂ ਲਈ ਜ਼ੋਰਦਾਰ ਆਵਾਜ਼ ਉਠਾਉਣਗੇ।



### ਦੇਸ਼ 'ਚ ਮਰਦਮਸ਼ੁਮਾਰੀ-2027 ਦਾ ਆਗਾਜ਼

## ਪਹਿਲੀ ਵਾਰ ਹੋਵੇਗੀ ਡਿਜੀਟਲ ਮਰਦਮਸ਼ੁਮਾਰੀ; ਅੱਜ ਤੋਂ ਸੈਲਫ-ਐਨਿਊਮਰੇਸ਼ਨ ਦੀ ਸਹੂਲਤ ਸ਼ੁਰੂ




ਨਵੀਂ ਦਿੱਲੀ, 1 ਅਪ੍ਰੈਲ (ਪ.ਪ) : ਭਾਰਤ ਦੇ ਰਜਿਸਟਰਾਰ ਜਨਰਲ ਅਤੇ ਮਰਦਮਸ਼ੁਮਾਰੀ ਕਮਿਸ਼ਨਰ, ਸ੍ਰੀ ਮ੍ਰਿਤੁੰਜੇ ਕੁਮਾਰ ਨਾਰਾਇਣ ਨੇ ਅੱਜ ਨਵੀਂ ਦਿੱਲੀ ਵਿਖੇ ਇੱਕ ਅਹਿਮ ਪ੍ਰੈੱਸ ਕਾਨਫਰੰਸ ਦੌਰਾਨ ਮਰਦਮਸ਼ੁਮਾਰੀ-2027 ਦੇ ਰੂਪ ਰੇਖਾ ਦਾ ਐਲਾਨ ਕੀਤਾ। ਵਿਸ਼ਵ ਦੀ ਇਹ ਸਭ ਤੋਂ ਵੱਡੀ ਮਰਦਮਸ਼ੁਮਾਰੀ ਦੋ ਪੜਾਵਾਂ ਵਿੱਚ ਕਰਵਾਈ ਜਾਵੇਗੀ, ਜਿਸ ਦਾ ਪਹਿਲਾ ਪੜਾਅ ਅੱਜ ਯਾਨੀ 1 ਅਪ੍ਰੈਲ 2026 ਤੋਂ ਸ਼ੁਰੂ ਹੋ ਗਿਆ ਹੈ।

**ਪਹਿਲੀ ਵਾਰ ਡਿਜੀਟਲ ਅਤੇ ਸੈਲਫ-ਐਨਿਊਮਰੇਸ਼ਨ (ਖ਼ੁਦ ਵੇਰਵੇ ਭਰਨ) ਦੀ ਸਹੂਲਤ:** ਇਸ ਵਾਰ ਦੀ ਮਰਦਮਸ਼ੁਮਾਰੀ ਵਿੱਚ ਕਈ ਇਤਿਹਾਸਕ ਬਦਲਾਅ ਕੀਤੇ ਗਏ ਹਨ। ਪਹਿਲੀ ਵਾਰ ਸਾਰਾ ਡਾਟਾ ਮੋਬਾਈਲ ਐਪ ਰਾਹੀਂ ਇਕੱਠਾ ਕੀਤਾ ਜਾਵੇਗਾ। ਗਣਨਾਕਾਰ ਆਪਣੇ ਸਮਾਰਟਫੋਨ ਦੀ ਵਰਤੋਂ ਕਰਕੇ ਜਾਣਕਾਰੀ ਦਰਜ ਕਰਨਗੇ। ਨਾਗਰਿਕਾਂ ਨੂੰ ਪਹਿਲੀ ਵਾਰ ਇਹ ਸਹੂਲਤ ਦਿੱਤੀ ਗਈ ਹੈ ਕਿ ਉਹ ਗਣਨਾਕਾਰ ਦੇ ਘਰ ਆਉਣ ਤੋਂ ਪਹਿਲਾਂ ਹੀ ਆਨਲਾਈਨ ਪੋਰਟਲ ਰਾਹੀਂ ਆਪਣੇ ਪਰਿਵਾਰ ਦੇ ਵੇਰਵੇ ਖ਼ੁਦ ਭਰ ਸਕਦੇ ਹਨ। ਇਹ ਸਹੂਲਤ ਪੰਜਾਬੀ ਸਮੇਤ 16 ਭਾਸ਼ਾਵਾਂ ਵਿੱਚ ਉਪਲਬਧ ਹੈ।

**ਪਹਿਲਾ ਪੜਾਅ (ਅਪ੍ਰੈਲ-ਸਤੰਬਰ 2026):** ਇਸ ਵਿੱਚ ਘਰਾਂ ਦੀ ਸੂਚੀ ਅਤੇ ਰਿਹਾਇਸ਼ੀ ਗਣਨਾ ਕੀਤੀ ਜਾਵੇਗੀ। ਇਸ ਦੌਰਾਨ ਮਕਾਨਾਂ ਦੀ ਹਾਲਤ, ਉਪਲਬਧ ਸਹੂਲਤਾਂ ਅਤੇ ਸੰਪਤੀਆਂ ਬਾਰੇ ਜਾਣਕਾਰੀ ਲਈ ਜਾਵੇਗੀ।

**ਦੂਜਾ ਪੜਾਅ (ਫਰਵਰੀ 2027):** ਇਸ ਵਿੱਚ ਆਬਾਦੀ ਦੀ ਗਣਨਾ ਕੀਤੀ ਜਾਵੇਗੀ। ਖ਼ਾਸ ਗੱਲ ਇਹ ਹੈ ਕਿ ਇਸ ਪੜਾਅ ਦੌਰਾਨ ਜਾਤੀ ਅਧਾਰਤ ਮਰਦਮਸ਼ੁਮਾਰੀ ਵੀ ਕਰਵਾਈ ਜਾਵੇਗੀ।

ਮਹੱਤਵਪੂਰਨ ਤਰੀਕਾਂ ਅਤੇ ਖੇਤਰ 1 ਤੋਂ 15 ਅਪ੍ਰੈਲ 2026 ਤਕ ਅੰਡੇਮਾਨ ਅਤੇ ਨਿਕੋਬਾਰ, ਗੋਆ, ਕਰਨਾਟਕ, ਮਿਜ਼ੋਰਮ, ਓਡੀਸ਼ਾ, ਸਿੱਕਮ ਅਤੇ ਦਿੱਲੀ ਦੇ ਕੁਝ ਹਿੱਸਿਆਂ ਵਿੱਚ ਸੈਲਫ-ਐਨਿਊਮਰੇਸ਼ਨ ਚੱਲੇਗੀ। 16 ਅਪ੍ਰੈਲ ਤੋਂ 15 ਮਈ 2026 ਤਕ ਇਨ੍ਹਾਂ ਰਾਜਾਂ ਵਿੱਚ ਘਰਾਂ ਦੀ ਸੂਚੀ ਬਣਾਉਣ ਦਾ ਕੰਮ ਸ਼ੁਰੂ ਹੋਵੇਗਾ। ਮੱਧ ਪ੍ਰਦੇਸ਼, ਹਰਿਆਣਾ, ਆਂਧਰਾ ਪ੍ਰਦੇਸ਼ ਅਤੇ ਚੰਡੀਗੜ੍ਹ ਵਿੱਚ ਇਹ ਪ੍ਰਕਿਰਿਆ 1 ਮਈ ਤੋਂ 30 ਮਈ 2026 ਤੱਕ ਚੱਲੇਗੀ। ਲਦਾਖ, ਜੰਮੂ-ਕਸ਼ਮੀਰ, ਉੱਤਰਾਖੰਡ ਅਤੇ ਹਿਮਾਚਲ ਪ੍ਰਦੇਸ਼ ਦੇ ਬਰਫ਼ੀਲੇ ਇਲਾਕਿਆਂ ਲਈ ਮਰਦਮਸ਼ੁਮਾਰੀ ਦੀ ਤਰੀਕ 1 ਮਾਰਚ 2027 ਦੀ ਬਜਾਏ 1 ਅਕਤੂਬਰ 2026 ਰੱਖੀ ਗਈ ਹੈ।ਕੇਂਦਰ ਸਰਕਾਰ ਨੇ ਇਸ ਮਰਦਮਸ਼ੁਮਾਰੀ ਲਈ 11,718.24 ਕਰੋੜ ਰੁਪਏ ਦਾ ਬਜਟ ਪ੍ਰਵਾਨ ਕੀਤਾ ਹੈ।

ਦੇਸ਼ ਭਰ ਵਿੱਚ ਲਗਭਗ 31 ਲੱਖ ਗਣਨਾਕਾਰ ਅਤੇ ਸੁਪਰਵਾਈਜ਼ਰ ਇਸ ਕੰਮ ਵਿੱਚ ਜੁਟੇ ਹੋਣਗੇ। ਡਾਟਾ ਦੀ ਸੁਰੱਖਿਆ ਲਈ ਪੁਖ਼ਤਾ ਇੰਤਜ਼ਾਮ ਕੀਤੇ ਗਏ ਹਨ ਤਾਂ ਜੋ ਨਾਗਰਿਕਾਂ ਦੀ ਨਿੱਜੀ ਜਾਣਕਾਰੀ ਸੁਰੱਖਿਅਤ ਰਹੇ।ਜ਼ਿਕਰਯੋਗ ਹੈ ਕਿ ਭਾਰਤ ਦੀ ਆਖਰੀ ਮਰਦਮਸ਼ੁਮਾਰੀ 2011 ਵਿੱਚ ਹੋਈ ਸੀ। 2027 ਦੀ ਇਹ ਮਰਦਮਸ਼ੁਮਾਰੀ ਭਾਰਤ ਦੀ 16ਵੀਂ ਅਤੇ ਆਜ਼ਾਦੀ ਤੋਂ ਬਾਅਦ ਦੀ 8ਵੀਂ ਮਰਦਮਸ਼ੁਮਾਰੀ ਹੋਵੇਗੀ।

## 2025 'ਚ ਭਾਰਤ ਵਿੱਚ 65 ਵਾਰ ਇੰਟਰਨੈੱਟ ਹੋਇਆ ਬੰਦ

ਨਵੀਂ ਦਿੱਲੀ, 1 ਅਪ੍ਰੈਲ (ਪ.ਪ) : 2025 ਵਿੱਚ ਇੰਟਰਨੈੱਟ ਬੰਦ ਹੋਣ ਦੇ ਮਾਮਲੇ ਵਿੱਚ ਭਾਰਤ ਦੁਨੀਆ ਦੇ ਚੋਟੀ ਦੇ ਦੇਸ਼ਾਂ ਵਿੱਚੋਂ ਇੱਕ ਸੀ, ਜਿੱਥੇ ਕੁੱਲ 65 ਵਾਰ ਇੰਟਰਨੈੱਟ ਸੇਵਾਵਾਂ ਬੰਦ ਕੀਤੀਆਂ ਗਈਆਂ। ਐਕਸੈਸ ਨਾਓ ਅਤੇ ਕੀਪ ਇਟ ਆਨ ਅਲਾਇੰਸ ਦੀ ਇੱਕ ਰਿਪੋਰਟ ਦੇ ਅਨੁਸਾਰ, 52 ਦੇਸ਼ਾਂ ਵਿੱਚ ਕੁੱਲ 313 ਸ਼ਟਡਾਊਨ ਦਰਜ ਕੀਤੇ ਗਏ, ਜੋ ਕਿ 2024 ਵਿੱਚ 304 ਮਾਮਲਿਆਂ ਤੋਂ ਵੱਧ ਹਨ। ਇਨ੍ਹਾਂ ਆਊਟੇਜ ਦੇ ਮੁੱਖ ਕਾਰਨ ਟਕਰਾਅ, ਵਿਰੋਧ ਪ੍ਰਦਰਸ਼ਨ, ਚੋਣਾਂ, ਰਾਜਨੀਤਿਕ ਅਸਥਿਰਤਾ, ਫਿਰਕੂ ਹਿੰਸਾ ਨਿਯੰਤਰਣ ਅਤੇ ਜਾਣਕਾਰੀ ਨਿਯੰਤਰਣ ਸਨ। ਰਿਪੋਰਟ ਵਿੱਚ ਪਾਇਆ ਗਿਆ ਕਿ ਫੇਸਬੁੱਕ, ਵਟਸਐਪ ਅਤੇ ਟੈਲੀਗ੍ਰਾਮ ਵਰਗੇ ਪਲੇਟਫਾਰਮ ਸਭ ਤੋਂ ਵੱਧ ਪ੍ਰਭਾਵਿਤ ਹੋਏ।

## ਰੂਸੀ ਫੌਜੀ ਜਹਾਜ਼ ਕਰਾਈਮੀਆ ਵਿਚ ਹਾਦਸਾਗ੍ਰਸਤ, ਹਾਦਸੇ ਵਿਚ 29 ਲੋਕਾਂ ਦੀ ਮੌਤ

ਕਰਾਈਮੀਆ, 1 ਅਪ੍ਰੈਲ (ਪ.ਪ) : ਰੂਸ ਦਾ ਇੱਕ ਫੌਜੀ ਟਰਾਂਸਪੋਰਟ ਜਹਾਜ਼ ਕਰਾਈਮੀਆ ਵਿਚ ਹਾਦਸਾਗ੍ਰਸਤ ਹੋ ਗਿਆ ਹੈ, ਜਿਸ ਵਿਚ 29 ਲੋਕਾਂ ਦੀ ਮੌਤ ਹੋ ਗਈ ਹੈ। ਰੂਸੀ ਰੱਖਿਆ ਮੰਤਰਾਲੇ ਨੇ ਘਟਨਾ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ 23 ਯਾਤਰੀਆਂ ਅਤੇ ਛੇ ਚਾਲਕ ਦਲ ਦੇ ਮੈਂਬਰਾਂ ਦੀ ਮੌਤ ਹੋ ਗਈ ਹੈ। ਇਸ ਘਟਨਾ ਵਿੱਚ ਕਿਸੇ ਦੇ ਬਚਣ ਦੀ ਕੋਈ ਰਿਪੋਰਟ ਨਹੀਂ ਹੈ। ਮੀਡੀਆ ਰਿਪੋਰਟਾਂ ਦੇ ਅਨੁਸਾਰ, ਇਹ ਉਹੀ ਜਹਾਜ਼ ਸੀ ਜਿਸ ਨੂੰ ਰੂਸ ਨੇ 2014 ਵਿੱਚ ਯੂਕਰੇਨ ਤੋਂ ਖੋਹਿਆ ਸੀ।ਰੱਖਿਆ ਮੰਤਰਾਲੇ ਦੇ ਅਨੁਸਾਰ, ਜਹਾਜ਼ @ਤੇ ਬਾਹਰੀ ਪ੍ਰਭਾਵ ਦੇ ਕੋਈ ਸੰਕੇਤ ਨਹੀਂ ਮਿਲੇ, ਜਿਸ ਦਾ ਅਰਥ ਹੈ ਕਿ ਇਸ ਨੂੰ ਯੂਕਰੇਨ ਨੇ ਨਹੀਂ ਡੇਗਿਆ। ਰੱਖਿਆ ਮੰਤਰਾਲੇ ਨੇ ਕਿਹਾ ਕਿ ਜਹਾਜ਼ ਨਾਲ ਸੰਪਰਕ ਸਥਾਨਕ ਸਮੇਂ ਅਨੁਸਾਰ ਸ਼ਾਮ 6 ਵਜੇ ਦੇ ਕਰੀਬ ਟੁੱਟ ਗਿਆ ਸੀ। ਸ਼ੁਰੂਆਤੀ ਅੰਕੜਿਆਂ ਤੋਂ ਪਤਾ ਚੱਲਿਆ ਹੈ ਕਿ ਜਹਾਜ਼ ਵਿੱਚ ਤਕਨੀਕੀ ਨੁਕਸ ਆਇਆ ਹੋਣਾ।ਰੂਸੀ ਰੱਖਿਆ ਮੰਤਰਾਲੇ ਨੇ ਕਿਹਾ ਕਿ ਇਹ ਹਾਦਸਾ ਤਕਨੀਕੀ ਖਰਾਬੀ ਕਾਰਨ ਹੋਇਆ ਹੋਣ ਦੀ ਸੰਭਾਵਨਾ ਹੈ। ਹਾਦਸੇ ਦੇ ਕਾਰਨਾਂ ਦੀ ਜਾਂਚ ਲਈ ਇੱਕ ਫੌਜੀ ਕਮਿਸ਼ਨ ਭੇਜਿਆ ਗਿਆ ਹੈ। ਮੰਤਰਾਲੇ ਨੇ ਇਹ ਵੀ ਕਿਹਾ ਕਿ ਜਹਾਜ਼ 'ਤੇ ਬਾਹਰੀ ਪ੍ਰਭਾਵ ਦੇ ਕੋਈ ਸੰਕੇਤ ਨਹੀਂ ਮਿਲੇ, ਜਿਸ ਤੋਂ ਪਤਾ ਲੱਗਦਾ ਹੈ ਕਿ ਮਿਜ਼ਾਈਲਾਂ, ਡਰੋਨ ਜਾਂ ਪੰਛੀਆਂ ਦੇ ਟਕਰਾਉਣ ਵਰਗੇ ਕਾਰਕ ਸ਼ਾਮਲ ਨਹੀਂ ਸਨ।

## ਮੱਧ ਕਸ਼ਮੀਰ ਵਿੱਚ ਮੁਕਾਬਲੇ ਦੌਰਾਨ ਇੱਕ ਅਤਿਵਾਦੀ ਹਲਾਕ

ਸ੍ਰੀਨਗਰ, 1 ਅਪ੍ਰੈਲ (ਪ.ਪ) : ਮੱਧ ਕਸ਼ਮੀਰ ਦੇ ਗੰਦਰਬਲ ਜ਼ਿਲ੍ਹੇ ਵਿੱਚ ਹੋਏ ਇੱਕ ਮੁਕਾਬਲੇ ਵਿੱਚ ਇੱਕ ਅਤਿਵਾਦੀ ਮਾਰਿਆ ਗਿਆ ਹੈ। ਮੰਗਲਵਾਰ ਦੇਰ ਰਾਤ ਸ੍ਰੀਨਗਰ ਸਥਿਤ ਫੌਜ ਦੀ ਚਿਨਾਰ ਕੋਰ ਨੇ ਇਹ ਜਾਣਕਾਰੀ ਸਾਂਝੀ ਕਰਦਿਆਂ ਕਿਹਾ ਕਿ ਖੁਫੀਆ ਸੂਚਨਾਵਾਂ ਦੇ ਅਧਾਰ @ਤੇ ਫੌਜ ਅਤੇ ਜੰਮੂ-ਕਸ਼ਮੀਰ ਪੁਲੀਸ ਵੱਲੋਂ ਮੱਧ ਕਸ਼ਮੀਰ ਦੇ ਗੰਦਰਬਲ ਦੇ ਅਰਾਹਾਮਾ ਇਲਾਕੇ ਵਿੱਚ ਇੱਕ ਸਾਂਝਾ ਤਲਾਸ਼ੀ ਅਭਿਆਨ ਸ਼ੁਰੂ ਕੀਤਾ ਗਿਆ ਸੀ। ਫੌਜ ਅਨੁਸਾਰ ਤਲਾਸ਼ੀ ਦੌਰਾਨ ਚੌਕਸ ਜਵਾਨਾਂ ਨੇ ਸ਼ੱਕੀ ਗਤੀਵਿਧੀ ਦੇਖੀ ਅਤੇ ਚੁਣੌਤੀ ਦਿੱਤੇ ਜਾਣ @ਤੇ ਅਤਿਵਾਦੀਆਂ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ ਜਿਸਦਾ ਫੌਜ ਵੱਲੋਂ ਮੂੰਹਤੋੜ ਜਵਾਬ ਦਿੱਤਾ ਗਿਆ।ਬੁੱਧਵਾਰ ਸਵੇਰੇ ਫੌਜ ਨੇ ਦੱਸਿਆ ਕਿ ਮੰਗਲਵਾਰ ਦੀ ਰਾਤ ਨੂੰ ਰੁਕ-ਰੁਕ ਕੇ ਹੋ ਰਹੀ ਗੋਲੀਬਾਰੀ ਦੇ ਵਿਚਕਾਰ ਘੇਰਾਬੰਦੀ ਨੂੰ ਰਣਨੀਤਕ ਤੌਰ @ਤੇ ਮੁੜ ਸੰਗਠਿਤ ਕੀਤਾ ਗਿਆ ਸੀ, ਜਿਸ ਦੇ ਨਤੀਜੇ ਵਜੋਂ ਇੱਕ ਅਤਿਵਾਦੀ ਮਾਰਿਆ ਗਿਆ। ਫੌਜ ਨੇ ਪੁਸ਼ਟੀ ਕੀਤੀ ਹੈ ਕਿ ਇਲਾਕੇ ਵਿੱਚ ਅਪਰੇਸ਼ਨ ਅਜੇ ਵੀ ਜਾਰੀ ਹੈ।



## ਸੰਪਾਦਕੀ

# ਅਰਥ ਵਿਵਸਥਾ ਦਾ ਹਾਲ

ਆਰਥਿਕਤਾ ਦੇ ਤੇਜ਼ੀ ਨਾਲ ਵਿਕਾਸ ਕਰਨ ਅਤੇ ਦੁਨੀਆਂ ਦੀ ਤੀਜੀ ਸਭ ਤੋਂ ਵੱਡੀ ਆਰਥਿਕ ਸ਼ਕਤੀ ਬਣਨ ਦੇ ਦਾਅਵਿਆਂ ਦਰਮਿਆਨ ਅਸਲੀਅਤ ਇਹ ਹੈ ਕਿ ਪਿਛਲੇ ਬਾਰਾਂ-ਤੇਰਾਂ ਸਾਲਾਂ ਵਿੱਚ ਲੋਕਾਂ ਦੇ ਘਰੇਲੂ ਖਰਚੇ ਦੁੱਗਣੇ ਤੋਂ ਵੀ ਵੱਧ ਹੋ ਗਏ ਹਨ। ਅੰਕੜਾ ਅਤੇ ਪ੍ਰੋਗਰਾਮ ਲਾਗੂ ਕਰਨ ਮੰਤਰਾਲੇ ਦੇ ਤਾਜ਼ਾ ਘਰੇਲੂ ਖਪਤ ਖਰਚ ਸਰਵੇਖਣ ਦੇ ਅਨੁਸਾਰ ਮੌਜੂਦਾ ਕੀਮਤਾਂ 'ਤੇ ਸ਼ਹਿਰੀ ਖੇਤਰਾਂ ਵਿੱਚ ਪ੍ਰਤੀ ਵਿਅਕਤੀ ਘਰੇਲੂ ਖਰਚਾ 2011-12 ਦੇ 2,630 ਰੁਪਏ ਤੋਂ ਦੁੱਗਣਾ ਹੋ ਕੇ 2022-23 ਵਿੱਚ 6,459 ਰੁਪਏ ਹੋ ਗਿਆ ਹੈ। ਇਸੇ ਤਰ੍ਹਾਂ ਪੇਂਡੂ ਖੇਤਰਾਂ ਵਿੱਚ ਇਹ 1,430 ਰੁਪਏ ਤੋਂ ਵਧ ਕੇ 3,773 ਰੁਪਏ ਹੋ ਗਿਆ ਹੈ। ਇਹ ਗੱਲ ਵੀ ਸਾਹਮਣੇ ਆਈ ਹੈ ਕਿ ਗੈਰ-ਖੁਰਾਕੀ ਵਸਤੂਆਂ 'ਤੇ ਖਰਚਾ ਵਧਿਆ ਹੈ, ਜਦੋਂ ਕਿ ਅਨਾਜ 'ਤੇ ਖਰਚਾ ਪਹਿਲਾਂ ਦੇ ਮੁਕਾਬਲੇ ਘਟਿਆ ਹੈ। ਫਲ, ਸਬਜ਼ੀਆਂ, ਦੁੱਧ, ਮੱਛੀ, ਖਾਣ ਵਾਲੇ ਤੇਲ ਆਦਿ 'ਤੇ ਖਰਚਾ ਵੱਧ ਗਿਆ ਹੈ। ਇਸੇ ਤਰ੍ਹਾਂ ਸਿੱਖਿਆ, ਸਿਹਤ, ਮਨੋਰੰਜਨ, ਕੱਪੜਿਆਂ ਅਤੇ ਹੋਰ ਜ਼ਰੂਰੀ ਖਪਤਕਾਰਾਂ ਦੇ ਖਰਚੇ ਵਧੇ ਹਨ। ਇਸ ਦਾ ਇੱਕ ਕਾਰਨ ਇਹ ਵੀ ਦੱਸਿਆ ਜਾਂਦਾ ਹੈ ਕਿ ਕੋਵਿਡ ਦੌਰਾਨ ਸ਼ਹਿਰਾਂ ਤੋਂ ਪਿੰਡਾਂ ਵਿੱਚ ਪਰਤਣ ਅਤੇ ਖੇਤੀਬਾੜੀ ਖੇਤਰ ਵਿੱਚ ਲੀਨ ਹੋ ਜਾਣ ਕਾਰਨ ਉਸ ਸੈਕਟਰ ਦਾ ਔਸਤ ਖਪਤ ਖਰਚਾ ਵਧਿਆ ਹੈ। ਪਰ ਇਹੋ ਤਰਕ ਸ਼ਹਿਰੀ ਖਰਚਿਆਂ ਨੂੰ ਵਧਾਉਣ 'ਤੇ ਲਾਗੂ ਨਹੀਂ ਹੁੰਦਾ। ਇਹ ਉਦੋਂ ਹੈ ਜਦੋਂ ਸਰਕਾਰ ਮਹਿੰਗਾਈ ਨੂੰ ਕੰਟਰੋਲ ਕਰਨ ਲਈ ਲਗਾਤਾਰ ਯਤਨ ਕਰ ਰਹੀ ਹੈ। ਇਨ੍ਹਾਂ ਅੰਕੜਿਆਂ ਦੇ ਸਮਾਨਾਂਤਰ ਇਹ ਦਾਅਵਾ ਵੀ ਕੀਤਾ ਜਾ ਰਿਹਾ ਹੈ ਕਿ ਗਰੀਬੀ ਪੰਜ ਫੀਸਦੀ ਘਟੀ ਹੈ। ਬਹੁ-ਆਯਾਮੀ ਗਰੀਬੀ ਤੋਂ ਬਾਹਰ ਆਉਣ ਵਾਲੇ ਲਗਭਗ 23 ਕਰੋੜ ਲੋਕਾਂ ਦਾ ਅੰਕੜਾ ਵੀ ਕੁਝ ਦਿਨ ਪਹਿਲਾਂ ਖ਼ਬਰਾਂ ਵਿੱਚ ਸੀ। ਇਸ ਸਭ ਦੇ ਵਿਚਕਾਰ ਇੱਕ ਤੱਥ ਇਹ ਵੀ ਹੈ ਕਿ ਪ੍ਰਤੀ ਵਿਅਕਤੀ ਆਮਦਨ ਵਿੱਚ ਕੋਈ ਖਾਸ ਵਾਧਾ ਨਹੀਂ ਹੋਇਆ ਹੈ। ਪੇਂਡੂ ਖੇਤਰਾਂ ਵਿੱਚ, ਪ੍ਰਤੀ ਵਿਅਕਤੀ ਮਾਸਿਕ ਆਮਦਨ ਲਗਭਗ ਪ੍ਰਤੀ ਵਿਅਕਤੀ ਮਾਸਿਕ ਖਰਚੇ ਦੇ ਬਰਾਬਰ ਹੈ। ਪਰ ਇਹ ਪ੍ਰਤੀ ਵਿਅਕਤੀ ਆਮਦਨ ਅਤੇ ਪ੍ਰਤੀ ਵਿਅਕਤੀ ਖਰਚੇ ਦੇ ਸਮੀਕਰਨ ਨੂੰ ਸੰਤੁਲਿਤ ਨਹੀਂ ਕਰਦਾ ਹੈ। ਬਹੁਤੇ ਪਰਿਵਾਰਾਂ ਵਿੱਚ ਇੱਕ ਹੀ ਕਮਾਉਣ ਵਾਲਾ ਵਿਅਕਤੀ ਹੈ, ਜਦੋਂ ਕਿ ਔਸਤਨ ਤਿੰਨ ਵਿਅਕਤੀ ਉਸ ਉੱਤੇ ਨਿਰਭਰ ਹਨ। ਇਨ੍ਹਾਂ ਅੰਕੜਿਆਂ ਦੇ ਵਿਚਕਾਰ, ਸਰਕਾਰ ਦਾ ਦਾਅਵਾ ਹੈ ਕਿ ਉਹ 82 ਕਰੋੜ ਲੋਕਾਂ ਨੂੰ ਮੁਫਤ ਰਾਸ਼ਨ ਪ੍ਰਦਾਨ ਕਰਦੀ ਹੈ। ਯਾਨੀ ਇਸ ਆਬਾਦੀ ਦਾ ਹਿੱਸਾ ਔਸਤ ਪ੍ਰਤੀ ਵਿਅਕਤੀ ਮਾਸਿਕ ਘਰੇਲੂ ਖਰਚੇ ਵਿੱਚ ਵੀ ਸ਼ਾਮਲ ਹੈ। ਕੁਝ ਮਾਹਿਰਾਂ ਦਾ ਕਹਿਣਾ ਹੈ ਕਿ ਕਿਉਂਕਿ ਇਹ ਸਰਵੇਖਣ ਗਿਆਰਾਂ ਸਾਲਾਂ ਬਾਅਦ ਆਇਆ ਹੈ, ਇਸ ਲਈ ਪ੍ਰਤੀ ਵਿਅਕਤੀ ਖਰਚਾ ਉੱਚ ਪੱਧਰ 'ਤੇ ਜਾਪਦਾ ਹੈ। ਮਹਿੰਗਾਈ ਅਤੇ ਪ੍ਰਤੀ ਵਿਅਕਤੀ ਖਰਚੇ ਵਿੱਚ ਵਾਧਾ ਇੱਕ ਸਿਹਤਮੰਦ ਆਰਥਿਕਤਾ ਦੀ ਨਿਸ਼ਾਨੀ ਮੰਨਿਆ ਜਾਂਦਾ ਹੈ। ਪਰ ਇਸਦੇ ਨਾਲ ਹੀ ਪ੍ਰਤੀ ਵਿਅਕਤੀ ਆਮਦਨ ਵਿੱਚ ਬਰਾਬਰ ਵਾਧਾ ਦਰਜ ਕਰਨਾ ਵੀ ਜ਼ਰੂਰੀ ਹੈ। ਇਹ ਅਜੀਬ ਗੱਲ ਹੈ ਕਿ ਪ੍ਰਤੀ ਵਿਅਕਤੀ ਆਮਦਨ ਉਸੇ ਅਨੁਪਾਤ ਵਿਚ ਨਹੀਂ ਵਧ ਰਹੀ ਜਿਸ ਤਰ੍ਹਾਂ ਮਹਿੰਗਾਈ ਅਤੇ ਘਰੇਲੂ ਖਰਚੇ ਵਧ ਰਹੇ ਹਨ। ਇਸ ਦਾ ਮੁੱਖ ਕਾਰਨ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣ ਦੀ ਘਾਟ ਅਤੇ ਕੋਵਿਡ ਦੌਰਾਨ ਕੰਮ ਤੋਂ ਬਾਹਰ ਰਹੇ ਲੋਕਾਂ ਦਾ ਰੁਜ਼ਗਾਰ 'ਤੇ ਵਾਪਸ ਨਾ ਆਉਣਾ ਹੈ। ਇੱਥੋਂ ਤੱਕ ਕਿ ਖੇਤੀਬਾੜੀ ਨਾਲ ਜੁੜੇ ਲੋਕਾਂ ਨੂੰ ਦਿਹਾੜੀ ਵੀ ਨਹੀਂ ਮਿਲਦੀ। ਖੇਤੀ ਸੈਕਟਰ ਖੁਦ ਕਈ ਸੰਕਟਾਂ ਵਿੱਚੋਂ ਗੁਜ਼ਰ ਰਿਹਾ ਹੈ। ਇਸ ਖੇਤਰ ਵਿੱਚ ਖਰਾਬ ਮੌਸਮ ਕਾਰਨ ਫਸਲਾਂ ਦੇ ਹੋਏ ਨੁਕਸਾਨ ਅਤੇ ਲਾਗਤਾਂ ਦੇ ਅਨੁਪਾਤ ਵਿੱਚ ਫਸਲਾਂ ਦੇ ਵਾਜਬ ਭਾਅ ਨਾ ਮਿਲਨ ਕਾਰਨ ਮਜ਼ਦੂਰੀ ਘਟੀ ਹੈ। ਮਨਰੇਗਾ ਵਰਗੇ ਪ੍ਰੋਗਰਾਮਾਂ ਵਿੱਚ ਵੀ ਕੰਮ 100 ਦਿਨਾਂ ਤੋਂ ਘੱਟ ਕੇ ਸਾਲ ਵਿੱਚ ਸਿਰਫ਼ 60 ਦਿਨ ਰਹਿ ਗਿਆ ਹੈ। ਅਜਿਹੇ 'ਚ ਘਰੇਲੂ ਖਰਚੇ ਵਧਣ ਨਾਲ ਲੋਕਾਂ ਨੂੰ ਕਿਹੜੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਇਸ ਦਾ ਅੰਦਾਜ਼ਾ ਲਗਾਉਣਾ ਮੁਸ਼ਕਿਲ ਨਹੀਂ ਹੈ।

# ਸਿਆਸੀ ਨਿਵਾਣਾਂ, ਤਰਕਹੀਣਤਾ ਅਤੇ ਗ਼ੈਰ ਸਿਧਾਂਤਕ ਗੱਠਜੋੜਾਂ ਨੇ ਅਸਲ ਮੁੱਦੇ ਪਛਾੜੇ

ਭਾਰਤ ਨੂੰ ਸੰਸਾਰ ਦਾ ਸਭ ਤੋਂ ਵੱਡਾ ਲੋਕਤੰਤਰ ਹੋਣ ਦਾ ਮਾਣ ਪ੍ਰਾਪਤ ਹੈ। ਜਿਸ ਕਾਰਨ ਇਸ ਦੇ ਬਸ਼ਿੰਦਿਆਂ ਨੂੰ ਵੀ ਆਪਣੇ ਆਪ 'ਤੇ ਫ਼ਖ਼ਰ ਮਹਿਸੂਸ ਹੋਣਾ ਸੁਭਾਵਿਕ ਹੀ ਹੈ। ਦੇਸ਼ ਦੇ ਨਾਗਰਿਕ ਹੋਣ ਕਾਰਨ ਹਰ ਵਿਅਕਤੀ ਨੂੰ ਆਪਣੇ ਦੇਸ਼, ਸੂਬੇ ਅਤੇ ਖਿੱਤੇ ਦੀ ਸਮਾਜਿਕ, ਰਾਜਨੀਤਿਕ, ਆਰਥਿਕ ਅਤੇ ਧਾਰਮਿਕ ਦਿਸ਼ਾ ਅਤੇ ਦਸ਼ਾ ਦੀ ਜਾਣਕਾਰੀ ਰੱਖਣ ਜਾਂ ਸਬੰਧਤ ਸਰੋਤਾਂ ਤੋਂ ਪ੍ਰਾਪਤ ਕਰਨ ਦਾ ਸੰਵਿਧਾਨ ਅਧਿਕਾਰ ਹੈ। ਹੱਥਲੇ ਲੇਖ ਦਾ ਵਿਸ਼ਾ ਸਾਡੇ ਆਲੇ ਦੁਆਲੇ ਜੋ ਵੀ ਵਰਤਾਰਾ ਵਾਪਰ ਰਿਹਾ ਹੈ, ਬਾਰੇ ਵਿਚਾਰ ਚਰਚਾ ਕਰਨਾ ਹੀ ਹੈ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਦੀ ਭਾਰਤੀ ਵਿਵਸਥਾ ਬਾਰੇ ਬਹੁਤ ਕੁਝ ਸੁਣਿਆ ਅਤੇ ਪੜ੍ਹਿਆ ਗਿਆ।ਜਿਸ ਨੂੰ ਵਾਚਦਿਆਂ ਅਜੋਕੇ ਦੌਰ ਅਤੇ ਪਹਿਲੇ ਦੌਰ ਵਿਚਲਾ ਅੰਤਰ ਵੀ ਮਹਿਸੂਸ ਹੁੰਦਾ ਹੈ। ਸਾਡੇ ਦਿਮਾਗ ਦੇ ਕਿਸੇ ਕੋਨੇ ਵਿੱਚ ਜਦੋਂ ਲੋਕਤੰਤਰ ਦੀ ਤਸਵੀਰ ਉਘੜਦੀ ਹੈ ਤਾਂ ਅਛੋਪਲੇ ਹੀ ਸਾਡੇ ਜ਼ਿਹਨ ਵਿੱਚ ਬਹੁਤ ਸਾਰੇ ਸਵਾਲ ਪ੍ਰਵੇਸ਼ ਕਰ ਜਾਂਦੇ ਹਨ। ਸਭ ਤੋਂ ਮਹੱਤਵਪੂਰਨ ਸਵਾਲ ਇਹ ਹੈ ਕਿ ਜਿਸ ਲੋਕਤੰਤਰ ਦੀ ਅਸੀਂ ਗੱਲ ਕਰਦੇ ਹਾਂ ਕੀ ਅਮਲੀ ਅਤੇ ਹਕੀਕੀ ਰੂਪ ਵਿੱਚ ਉਸ ਦਾ ਪ੍ਰਗਟਾਵਾ ਜਨਤਕ ਮੰਚ 'ਤੇ ਨਜ਼ਰੀਂ ਵੀ ਪੈ ਰਿਹਾ ਹੈ? ਇੱਥੇ ਇੱਕ ਗੱਲ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹੈ ਕਿ ਤੱਤਕਾਲੀ ਰਾਜਨੀਤਿਕ ਨੇਤਾਵਾਂ ਦੀ ਕਹਿਣੀ ਅਤੇ ਕਰਨੀ, ਸਿਧਾਂਤਕ ਪਕਿਆਈ ਦੇਸ਼ ਕੌਮ ਅਤੇ ਜਨਤਕ ਹਿਤਾਂ ਪ੍ਰਤੀ ਪ੍ਰਤੀਬੱਧਤਾ ਤੋਂ ਇਲਾਵਾ ਤਕਰੀਬਨ ਸਾਰੇ ਹੀ ਰਾਜਨੀਤਿਕ ਦਲਾਂ ਦੀਆਂ ਨੀਤੀਆਂ ਅਤੇ ਪ੍ਰੋਗਰਾਮਾਂ ਵਿੱਚ ਪਾਰਦਰਸ਼ਤਾ, ਮਿਆਰ, ਮਨੋਭਾਵਨਾ, ਵਿਰੋਧੀਆਂ ਪ੍ਰਤੀ ਸਤਿਕਾਰ ਅਤੇ ਲੋਕ ਸੇਵਾ ਆਦਿ ਵਰਗੇ ਸੰਕਲਪਾਂ ਦਾ ਪ੍ਰਤੱਖ ਰੂਪ ਵਿੱਚ ਸਮਰਪਿਤ ਹੋਣਾ ਹੀ ਸੀ।ਇਸ ਦੇ ਉਲਟ ਪਿਛਲੇ ਕੁਝ ਸਮੇਂ ਤੋਂ ਅਤੇ ਵਿਸ਼ੇਸ਼ ਕਰਕੇ ਮੌਜੂਦਾ ਦੌਰ ਵਿੱਚ ਉਕਤ ਸਭ ਕੁਝ ਲਗਭਗ ਅਲੋਪ ਹੋਣ ਦੀ ਕਗਾਰ 'ਤੇ ਹੀ ਪਹੁੰਚ ਗਿਆ ਹੈ। ਇਸ ਤਰ੍ਹਾਂ ਜਾਪਦਾ ਹੈ ਕਿ ਦੇਸ਼, ਕੌਮ ਅਤੇ ਲੋਕ ਹਿਤਾਂ ਨੂੰ ਪ੍ਰਣਾਏ ਰਾਜਨੀਤਕ ਨੇਤਾਵਾਂ ਦਾ ਜਿਵੇਂ ਕਾਲ ਹੀ ਪੈ ਗਿਆ ਹੋਵੇ।ਕਈ ਵਾਰ ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਨੈਤਿਕਤਾ, ਸਿਧਾਂਤ ਅਤੇ ਸਮਾਜਿਕ ਰਹੁ ਰੀਤਾਂ, ਆਤਮ ਸਨਮਾਨ ਅਤੇ ਵਿਰੋਧੀਆਂ ਪ੍ਰਤੀ ਸੁਨੇਹ ਵਰਗੇ ਸ਼ਬਦਾਂ ਦੀ, ਮਹੱਤਤਾ, ਗਰਿਮਾ ਦੇ ਸਿਰਫ ਅਰਥ ਹੀ ਨਾ ਬਦਲੇ ਹੋਣ ਸਗੋਂ ਉਹ ਆਪਣਾ ਵਜੂਦ ਹੀ ਗੁਆ ਚੁੱਕੇ ਹੋਣ। ਮੁਲਕ ਨੂੰ ਅੰਗਰੇਜ਼ ਹਕੂਮਤ ਤੋਂ ਅਜ਼ਾਦ ਕਰਵਾਉਣ ਵਾਲੀਆਂ ਸੰਸਥਾਵਾਂ, ਹਰ ਤਰ੍ਹਾਂ ਦੇ ਅਕਹਿ, ਅਸਹਿ ਤਸੀਹੇ ਸਹਿਣ ਵਾਲੇ ਆਜ਼ਾਦੀ ਘੁਲਾਟੀਏ, ਆਮ ਲੋਕ, ਦੇਸ਼ ਕੌਮ ਲਈ ਕੁਰਬਾਨ ਹੋਣ ਵਾਲੇ ਮਹਾਨ ਸ਼ਹੀਦਾਂ ਤੋਂ ਇਲਾਵਾ ਭਾਰਤੀ ਸੰਵਿਧਾਨ ਦੀ ਰਚੇਤਾ ਖਰੜਾ ਕਮੇਟੀ ਅਤੇ ਇਸ ਦੇ ਮੁਖੀ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਵਰਗੇ ਮਹਾਨ ਲੋਕਾਂ ਦੀਆਂ ਰੂਹਾਂ, ਅਜੋਕੇ ਵੱਡੀ ਗਿਣਤੀ ਰਾਜਸੀ ਨੇਤਾਵਾਂ ਦੀਆਂ ਸ਼ਰਮਨਾਕ, ਲੋਕ ਵਿਰੋਧੀ, ਗੈਰ ਇਖ਼ਲਾਕੀ ਅਤੇ ਗੈਰ ਮਿਆਰੀ ਕੀਤੀਆਂ ਜਾ ਰਹੀਆਂ ਕਾਰਵਾਈਆਂ ਨੂੰ ਦੇਖ ਕੇ ਕੁਰਲਾਉਣ ਤੋਂ ਇਲਾਵਾ ਸ਼ਰਮਸ਼ਾਰ ਵੀ ਹੁੰਦੀਆਂ ਹੋਣਗੀਆਂ। ਕੀ ਦੇਸ਼ ਦੇ ਵੋਟਰ ਸਰਕਾਰਾਂ ਨੂੰ ਸਿਰਫਤੇ ਸਿਰਫ ਆਪਣੀ ਤੌਹੀਨ ਕਰਵਾਉਣ ਲਈ ਹੀ ਚੁਣਦੇ ਹਨ। ਕੀ ਦੇਸ਼ ਅਤੇ ਸੂਬਿਆਂ ਦੇ ਮੁੱਦਿਆਂ ਤੋਂ ਇਲਾਵਾ ਉਨ੍ਹਾਂ ਦੇ ਨਿੱਜੀ ਮੰਗਾਂ ਮਸਲੇ ਪਾਰਲੀਮੈਂਟ ਅਤੇ ਵਿਧਾਨ ਸਭਾਵਾਂ ਵਿੱਚ ਵਿਚਾਰੇ ਜਾਂਦੇ ਹਨ? ਜੋ ਸਿਰਫ ਇਸੇ ਕੰਮ ਲਈ ਹੀ ਬਣਾਈਆਂ ਗਈਆਂ ਹਨ। ਜਾਪਦਾ ਹੈ ਕਿ ਸਾਂਸਦਾਂ ਅਤੇ ਵਿਧਾਇਕਾਂ ਕੋਲ ਅਜਿਹੇ ਲੋਕ ਪੱਖੀ ਕਾਰਜਾਂ ਲਈ ਸਮਾਂ ਹੀ ਕਿੱਥੇ ਹੈ। ਚੋਣਾਂ ਤੋਂ ਪਹਿਲਾਂ ਸਮੁੱਚੇ ਰਾਜਨੀਤਿਕ ਦਲ ਇੱਕ ਦੂਜੇ ਤੋਂ ਵੱਧ ਚੜ ਕੇ ਜਨਤਾ ਨਾਲ ਅਜਿਹੇ ਵਾਅਦੇ ਅਤੇ ਗਰੰਟੀਆਂ ਕਰਦੇ ਹਨ, ਜਿਨ੍ਹਾਂ ਦੀ ਪੂਰਤੀ ਦੇਸ਼ ਅਤੇ ਸੂਬਿਆਂ ਦੀ ਆਰਥਿਕ, ਸਮਾਜਿਕ ਅਤੇ ਧਾਰਮਿਕ ਸਥਿਤੀ ਦੇ ਚਲਦਿਆਂ ਸੰਭਵ ਹੀ ਨਹੀਂ ਹੁੰਦੀ। ਆਜ਼ਾਦੀ ਤੋਂ ਬਾਅਦ ਦੇ ਕੁਝ ਸਮੇਂ ਨੂੰ ਛੱਡ ਕੇ ਅਜਿਹਾ ਵਰਤਾਰਾ ਬੜੀ ਬੇਸ਼ਰਮੀ ਅਤੇ ਢੀਠਤਾਈ ਨਾਲ ਬਾ- ਦਸਤੂਰ ਜਾਰੀ ਹੈ। ਹਰ ਵਾਰ ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀਆਂ ਚੋਣਾਂ ਸਮੇਂ ਵੋਟਰਾਂ ਨੂੰ ਵੱਖ ਵੱਖ ਤਰ੍ਹਾਂ ਦੇ ਲੁਭਾਉਣੇ ਨਾਅਰੇ, ਨਸ਼ੇ, ਗੈਸ ਸਲੰਡਰ, ਕੋਲਡ ਡਰਿੰਕ ਪਰੋਸਣ ਤੋਂ ਇਲਾਵਾ, ਝੂਠ ਫਰੇਬ, ਡਰਾਉਣ ਧਮਕਾਉਣ ਤੱਕ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾਂਦਾ। ਮੁਫਤ ਬਿਜਲੀ ਪਾਣੀ ਆਟਾ ਦਾਲ ਆਦਿ ਦੇ ਲੌਲੀਪੋਪ ਦੇਣ ਨੂੰ ਇਸ ਤਰ੍ਹਾਂ ਪ੍ਰਚਾਰਿਆ ਜਾਂਦਾ ਹੈ ਜਿਵੇਂ ਕੋਈ ਨੇਤਾ, ਇਹ ਸਭ ਕੁਝ ਆਪਣੀ ਜੇਬ ਵਿੱਚੋਂ ਦੇਣ ਦੀ ਪੇਸ਼ਕਸ਼ ਕਰ ਰਿਹਾ ਹੋਵੇ। ਉਹ ਭੁੱਲ ਜਾਂਦੇ ਹਨ ਕਿ ਇਹ ਗਰੀਬ ਅਤੇ ਆਮ ਲੋਕਾਂ ਦੀ ਟੈਕਸ ਦੇ ਰੂਪ ਵਿੱਚ ਦਿੱਤੀ ਹੋਈ ਰਾਸ਼ੀ ਹੈ ਅਤੇ ਇਹਨਾਂ ਲੋਕਾਂ ਨੇ ਹੀ ਆਪਣੀ ਕੀਮਤੀ ਵੋਟ ਦੇ ਕੇ ਉਨਾਂ ਨੂੰ ਇਹ ਰਾਸ਼ੀ ਤਕਸੀਮ ਕਰਨ ਦੇ ਕਾਬਲ ਬਣਾਇਆ ਹੈ। ਅਜਿਹਾ ਕਰਕੇ ਸਰਕਾਰਾਂ ਲੋਕਾਂ 'ਤੇ ਕੋਈ ਅਹਿਸਾਨ ਨਹੀਂ ਕਰ ਰਹੀਆਂ। ਇਸੇ ਤਰ੍ਹਾਂ ਹੀ ਪੰਜਾਬ ਵਿਚ ਔਰਤਾਂ ਨੂੰ 1000 ਅਤੇ ਹਿਮਾਚਲ ਪ੍ਰਦੇਸ਼ ਵਿੱਚ 1500 ਸੌ ਰੁਪਏ ਪ੍ਰਤੀ ਮਹੀਨਾ ਦੇਣ ਦਾ ਵਾਅਦਾ ਕੀਤਾ ਗਿਆ ਹੈ, ਜਿਸ ਦੀ ਪੂਰਤੀ ਨੂੰ ਔਰਤਾਂ ਬੜੀ ਬੇਸਬਰੀ ਨਾਲ ਉਡੀਕ ਕਰ ਰਹੀਆਂ ਹਨ। ਇਸੇ ਤਰ੍ਹਾਂ ਹੀ ਮੁਲਾਜ਼ਮਾਂ ਦੀ ਪੁਰਾਣੀ ਪੈਨਸ਼ਨ ਬਹਾਲ ਕਰਨ, ਕੱਟੇ ਹੋਏ ਅਲਾਉਂਸ ਮੁੜ ਲਾਗੂ ਕਰਨ ਦੇ ਝੂਠੇ ਅਤੇ ਫਰੇਬੀ ਵਾਅਦੇ ਵੀ ਕਿਸੇ ਤੋਂ ਲੁਕੇ ਛਿਪੇ ਨਹੀਂ ਹੋਏ। ਰਵਾਇਤੀ ਪਾਰਟੀਆਂ ਦੀ ਸਿਆਸਤ ਤੋਂ ਬੁਰੀ ਤਰ੍ਹਾਂ ਅੱਕ ਕੇ ਇਹਨਾਂ ਦੇ ਐਨ ਉਲਟ ਆਮ ਆਦਮੀ ਪਾਰਟੀ ਦੇ ਰੂਪ ਵਿੱਚ ਇੱਕ ਅਜਿਹੀ ਪਾਰਟੀ ਦਾ ਜਨਮ ਹੋਇਆ ਜੋ ਇਥੋਂ ਦੀ ਸਮੁੱਚੀ ਵਿਵਸਥਾ ਨੂੰ ਮੁੱਢੋਂ ਖਾਰਜ ਕਰਕੇ ਇਕ ਨਵੀਂ ਵਿਵਸਥਾ ਕਾਇਮ ਕਰਨ ਦਾ ਦਮ ਭਰਦੀ ਨਜ਼ਰੀ ਵੀ ਆਈ। ਇਸ ਨਵੀਂ ਰਾਜਨੀਤਿਕ ਪਾਰਟੀ ਵਿੱਚੋਂ ਲੋਕਾਂ ਨੂੰ ਕੁਝ ਆਸ ਦੀ ਕਿਰਨ ਦਿਖਾਈ ਦਿੱਤੀ। ਇਸੇ ਕਾਰਨ ਵੋਟਰਾਂ ਵੱਲੋਂ ਇਸ ਪਾਰਟੀ ਨੂੰ ਬਿਨਾਂ ਘੋਖਿਆਂ ਪਰਖਿਆਂ ਵੱਡੇ ਬਹੁਮਤ ਨਾਲ ਨਿਵਾਜਿਆ ਗਿਆ। ਪਰੰਤੂ ਅਫਸੋਸ ਇਹ ਵੀ ਸਤਾ ਹਥਿਆਉਣ ਉਪਰੰਤ ਆਪਣੇ ਅਸਲ, ਵਿਧੀ ਵਿਧਾਨ ਨੂੰ ਤਿਲਾਂਜਲੀ ਦਿੰਦਿਆਂ ਰਵਾਇਤੀ ਰਾਜਨੀਤਿਕ ਦਲਾਂ ਵਾਂਗ ਉਸੇ ਹਮਾਮ ਦਾ ਹਿੱਸਾ ਬਣ ਕੇ ਹੀ ਰਹਿ ਗਈ। ਆਮ ਜਨਤਾ ਅਤੇ ਰਾਜਨੀਤਿਕ ਵਿਰੋਧੀਆਂ ਕੋਲ ਉਹਨਾਂ ਦੀਆਂ ਪੁਰਾਣੀਆਂ, ਵੀ ਡੀ ਓਜ਼ ਅਤੇ ਟਵੀਟਾਂ ਨੂੰ ਸੋਸ਼ਲ ਮੀਡਏ 'ਤੇ ਪਾਉਣ ਤੋਂ ਸਿਵਾਏ ਕੁਝ ਵੀ ਹੱਥ ਪੱਲੇ ਦਿਖਾਈ ਨਹੀਂ ਦਿੰਦਾ। ਸਮਾਜ ਦਾ ਹਰ ਵਰਗ ਆਪਣੇ ਆਪ ਨੂੰ ਜਿੱਥੇ ਠੱਗਿਆ ਠੱਗਿਆ ਮਹਿਸੂਸ ਕਰ ਰਿਹਾ ਹੈ ਉੱਥੇ ਹੀ ਉਹਨਾਂ ਦੇ ਚਿਹਰਿਆਂ 'ਤੇ ਪਛਤਾਵੇ ਦੀਆਂ ਲਕੀਰਾਂ ਵੀ ਸਪੱਸ਼ਟ ਰੂਪ ਵਿੱਚ ਝਲਕਦੀਆਂ ਦੇਖੀਆਂ ਜਾ ਸਕਦੀਆਂ ਹਨ। ਕੇਂਦਰੀ ਸਤਾ 'ਤੇ ਕਾਬਜ਼ ਭਾਰਤੀ ਜਨਤਾ ਪਾਰਟੀ ਦਾ ਤਾਂ ਬਾਬਾ ਆਲਮ ਹੀ ਨਿਆਰਾ ਹੈ, ਜਾਪਦਾ ਹੈ ਜਿਵੇਂ ਸੰਵਿਧਾਨ ਦੀ ਅਣਦੇਖੀ ਕਰਨ, ਨੈਤਿਕ ਕਦਰਾਂ ਕੀਮਤਾਂ ਨੂੰ ਵਿਸਾਰਨ, ਘੱਟ ਗਿਣਤੀਆਂ 'ਤੇ ਹਮਲਿਆਂ ਤੋਂ ਇਲਾਵਾ ਬੁੱਧੀਜੀਵੀਆਂ ਆਲੋਚਕਾਂ ਨੂੰ ਸਬਕ ਸਿਖਾਉਣ ਦਾ ਠੇਕਾ ਇਸ ਪਾਰਟੀ ਨੇ ਹੀ ਲਿਆ ਹੋਵੇ।

ਸਰਕਾਰ ਦਾ ਇੱਕ ਨੁਕਾਤੀ ਪ੍ਰੋਗਰਾਮ, ਅੰਦੋਲਨ ਮੁਕਤ ਸੜਕਾਂ, ਵਿਰੋਧੀ ਧਿਰ ਮੁਕਤ ਸੰਸਦ ਅਤੇ ਆਲੋਚਨਾ ਮੁਕਤ ਜਨਤਾ ਹੀ ਹੈ। ਅਜਿਹੀਆਂ ਗੈਰ ਜਮਹੂਰੀ ਨੀਤੀਆਂ ਲੋਕਤੰਤਰ ਲਈ ਵੱਡਾ ਖਤਰਾ ਹੋ ਨਿਬੜਦੀਆਂ ਹਨ। ਇਸੇ ਤਰ੍ਹਾਂ ਹੀ ਰਾਜਨੀਤੀ ਵਿੱਚ ਸਾਰੇ ਰਾਜਨੀਤਕ ਦਲ ਸਤਾ ਪ੍ਰਾਪਤੀ ਲਈ ਹਮਖਿਆਲੀ ਪਾਰਟੀਆਂ ਨਾਲ ਘੱਟੋ ਘੱਟ ਸਾਂਝੇ ਪ੍ਰੋਗਰਾਮ ਤਹਿਤ ਗੱਠਜੋੜ ਕਰਦੇ ਆਏ ਹਨ ਜੋ ਕਿਸੇ ਤਰ੍ਹਾਂ ਵੀ ਅਣਉਚਿਤ ਨਹੀਂ। ਪਰੰਤੂ ਸਾਡੇ ਦੇਸ਼ ਵਿੱਚ ਗੱਠਜੋੜਾਂ ਲਈ ਕੋਈ ਨਿਰਧਾਰਿਤ ਮਾਪਦੰਡ ਨਹੀਂ ਸਗੋਂ ਕੇਂਦਰ ਅਤੇ ਸੂਬਿਆਂ ਵਿੱਚ ਸਿਧਾਂਤਾਂ ਨੂੰ ਅਣਗੌਲਿਆਂ ਕਰਕੇ ਸਿਰਫ ਸੱਤਾ ਪ੍ਰਾਪਤੀ ਲਈ ਹੀ ਗੱਠਜੋੜ ਕੀਤੇ ਜਾਂਦੇ ਹਨ। ਇਹੀ ਕਾਰਨ ਹੈ ਕਿ ਆਪਸੀ ਖਿੱਚੋਤਾਣ ਦੇ ਚਲਦਿਆਂ ਲੋਕਾਈ ਦੇ ਅਸਲ ਮੁੱਦੇ ਪਛੜ ਕੇ ਰਹਿ ਗਏ ਹਨ।ਅਜਿਹੇ ਗੱਠਜੋੜ ਥੋੜ੍ਹਚਿਰੇ ਹੋਣ ਤੋਂ ਇਲਾਵਾ ਸਬੰਧਤ ਦਲਾਂ ਦੇ ਕਾਡਰ ਅਤੇ ਜਨਤਾ ਦੇ ਹਿੱਤ ਵਿੱਚ ਹੋ ਹੀ ਨਹੀਂ ਸਕਦੇ। ਇਸ ਨਾਲ ਕਿਸੇ ਦੇਸ਼ ਜਾਂ ਸੂਬੇ ਦਾ ਭਵਿੱਖ ਵੱਡੀਆਂ ਬੁਲੰਦੀਆਂ ਨੂੰ ਛੂਹ ਸਕੇ ਕਦਾਚਿੱਤ ਵੀ ਸੰਭਵ ਨਹੀਂ।

ਅਜੋਕੇ ਦੌਰ ਵਿੱਚ ਦੇਸ਼ ਦਾ ਕੋਈ ਵੀ ਕੌਮੀ ਜਾਂ ਖੇਤਰੀ ਰਾਜਨੀਤਿਕ ਦਲ ਅਜਿਹਾ ਨਹੀਂ ਜੋ ਬਾਂਹ ਖੜੀ ਕਰਕੇ ਖੁੱਲ੍ਹਾ ਐਲਾਨ ਕਰੇ ਕਿ ਉਹ ਆਪਣੀ ਪਾਰਟੀ ਦੇ ਸਿਧਾਂਤਾਂ, ਨੀਤੀਆਂ ਅਤੇ ਪ੍ਰੋਗਰਾਮਾਂ ਨੂੰ ਹੂਬਹੂ ਤਾਂ ਕੀ ਕੁਝ ਹੱਦ ਤੱਕ ਵੀ ਲਾਗੂ ਕਰਨ ਦਾ ਦਾਅਵਾ ਕਰ ਸਕੇ। ਇਲੈਕਟਰੋਨਿਕ, ਪ੍ਰਿੰਟ ਅਤੇ ਸੋਸ਼ਲ ਮੀਡੀਏ ਤੋਂ ਨਸ਼ਰ ਹੁੰਦੀਆਂ ਵੱਖ-ਵੱਖ ਸਰਕਾਰੀ ਸੰਸਥਾਵਾਂ ਦੇ ਕਥਿਤ ਭ੍ਰਿਸ਼ਟਾਚਾਰ ਦੀਆਂ ਖਬਰਾਂ, ਜਨਤਾ ਦੁਆਰਾ ਚੁਣੇ ਹੋਏ ਵਿਧਾਇਕਾਂ, ਸਾਂਸਦਾਂ ਦੀ ਖਰੀਦੋ ਫਰੋਖ਼ਤ, ਦਲ ਬਦਲੀਆਂ ਕਰਵਾਕੇ ਵਿਰੋਧੀ ਸਰਕਾਰਾਂ ਨੂੰ ਡੇਗਣਾ ਸ਼ੁਰੂਆਤੀ ਦੌਰ 'ਚ ਤਾਂ ਅਨੋਖਾ ਅਤੇ ਹੈਰਾਨੀਜਨਕ ਵੀ ਜਾਪਦਾ ਸੀ। ਪ੍ਰੰਤੂ ਚੁਣਾਵੀ ਮੌਸਮ ਦੌਰਾਨ ਨੇਤਾਵਾਂ ਵੱਲੋਂ ਲਾਲਸੀ ਮਾਨਸਿਕਤਾ ਤਹਿਤ ਇਧਰ ਉਧਰ ਮਾਰੀਆਂ ਜਾ ਰਹੀਆਂ ਰਾਜਨੀਤਿਕ ਟਪੂਸੀਆਂ ਨੂੰ ਆਮ ਲੋਕਾਂ ਵਲੋਂ ਵੀ ਬਹੁਤੀ ਗੰਭੀਰਤਾ ਨਾਲ ਨਹੀਂ ਲਿਆ ਜਾ ਰਿਹਾ। ਇਸ ਨੂੰ ਸਿਆਸੀ,ਬੌਧਿਕ ਕੰਗਾਲੀ, ਗਿਰਾਵਟ, ਬੇਸ਼ਰਮੀ ਆਦਿ ਦੀ ਇੰਤਹਾ ਕਹਿ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਚੰਡੀਗੜ੍ਹ ਕਾਰਪੋਰੇਸ਼ਨ ਦੇ ਮੇਅਰ, ਸੀਨੀਅਰ ਮੇਅਰ ਅਤੇ ਉਪ ਮੇਅਰ ਦੀ ਹਾਲੀਆ ਚੋਣ ਸਮੇਂ ਲੋਕਤੰਤਰ ਦੀਆਂ ਜੋ ਧੱਜੀਆਂ ਨੇਤਾਵਾਂ ਵੱਲੋਂ ਉਡਾਈਆਂ ਗਈਆਂ ਹਨ, ਉਹ ਉਕਤ ਚਰਚਾ ਦੀ ਜਿਉਂਦੀ ਜਾਗਦੀ ਮਿਸਾਲ ਹੈ। ਮੰਨਿਆ ਜਾ ਸਕਦਾ ਹੈ ਕਿ ਸ਼ੁਰੂਆਤੀ ਦੌਰ ਵਿੱਚ ਜਾਣਕਾਰੀ ਦੀ ਘਾਟ ਜਾਂ ਕਿਸੇ ਹੋਰ ਪ੍ਰਭਾਵ ਅਧੀਨ ਰਾਜਨੀਤਕ ਦਲ ਦੀ ਚੋਣ ਸਮੇਂ ਗਲਤੀ ਹੋ ਗਈ ਹੋਵੇ ਪ੍ਰੰਤੂ ਹੈਰਾਨੀ ਅਤੇ ਦੁੱਖ ਤਾਂ ਉਦੋਂ ਹੁੰਦਾ ਹੈ ਜਦੋਂ ਮਲਾਈਦਾਰ ਅਹੁਦਿਆਂ 'ਤੇ ਰਹਿ ਕੇ ਵੀ ਕੋਈ ਵਿਅਕਤੀ ਇਹ ਕਹਿੰਦਿਆਂ ਕਿਸੇ ਦੂਸਰੇ ਦਲ ਦਾ ਪੱਲਾ ਫੜ ਲਵੇ ਕਿ ਇੱਥੇ ਅਨੁਸ਼ਾਸਨਹੀਣਤਾ, ਆਪਸੀ ਕੁੱਕੜਖੋਹੀ, ਭ੍ਰਿਸ਼ਟਾਚਾਰ ਅਤੇ ਤਾਨਾਸ਼ਾਹੀ ਦਾ ਬੋਲਬਾਲਾ ਹੈ। ਜਿਸ ਕਾਰਨ ਇਸ ਰਾਜਨੀਤਿਕ ਦਲ ਵਿੱਚ ਮੇਰਾ ਦਮ ਘੁੱਟ ਰਿਹਾ ਸੀ। ਅਜਿਹੇ ਦਲ ਬਦਲੂਆਂ ਨੂੰ ਜਦੋਂ ਕੱਟੜ ਇਮਾਨਦਾਰੀ ਅਤੇ ਸਿਧਾਂਤਕ ਪਕਿਆਈ ਦਾ ਜਨਤਕ ਤੌਰ 'ਤੇ ਐਲਾਨ ਕਰਨ ਵਾਲੇ ਆਗੂ ਹੀ ਆਪਣੇ ਸਿਧਾਂਤਾਂ ਅਤੇ ਪ੍ਰੋਗਰਾਮਾਂ ਦੇ ਐਨ ਉਲਟ ਆਪਣੀ ਪਾਰਟੀ ਵਿੱਚ ਸ਼ਾਮਲ ਕਰਦਿਆਂ ਜ਼ਰਾ ਜਿੰਨੀ ਵੀ ਝਿਜਕ ਜਾਂ ਹੀਣਤਾ ਨਾ ਮੰਨਣ ਤਾਂ ਫਿਰ ਸ਼ਬਦ ਵੀ ਬੌਣੇ ਹੋ ਕੇ ਰਹਿ ਜਾਂਦੇ ਹਨ।ਉਹ ਭੁੱਲ ਜਾਂਦੇ ਹਨ ਕਿ ਲੋਕਾਂ ਨੇ ਉਹਨਾਂ ਨੂੰ ਜਿਤਾਉਣ ਲਈ ਕੀ ਕੀ ਪਾਪੜ ਵੇਲੇ ਹੋਣਗੇ,ਕੀ ਸਬੰਧਤ ਵੋਟਰਾਂ ਦੀ ਅੰਤ੍ਰਆਤਮਾ ਅਜਿਹੇ ਅਕ੍ਰਿਤਘਣਾਂ ਨੂੰ ਕਦੇ ਮੁਆਫ ਕਰੇਗੀ? ਅਜਿਹੇ ਨੇਤਾਵਾਂ ਨੂੰ ਪੁੱਛਿਆ ਜਾ ਸਕਦਾ ਹੈ ਕਿ ਪਾਰਲੀਮੈਂਟ ਅਤੇ ਵਿਧਾਨ ਸਭਾਵਾਂ ਵਿੱਚ ਕੀ ਉਹਨਾਂ ਵਲੋਂ ਦੇਸ਼ ਦੇ ਰਾਜਨੀਤਿਕ, ਆਰਥਿਕ ਅਤੇ ਸਮਾਜਿਕ ਮੁੱਦਿਆਂ ਤੋਂ ਇਲਾਵਾ ਆਮ ਲੋਕਾਂ ਦੇ ਨਿੱਜੀ ਮੰਗਾਂ ਮਸਲਿਆਂ ਨੂੰ ਬਹਿਸ ਦਾ ਹਿੱਸਾ ਬਣਾ ਕੇ ਆਪਣੀ ਫਰਜ਼ ਪੂਰਤੀ ਵਲ ਕਦਮ ਵਧਾਉਣ ਦਾ ਕਦੇ ਜ਼ੋਖਮ ਲਿਆ ਹੈ? ਕੀ ਫਿਰ ਤੁਸੀਂ ਨਿੱਜੀ ਚਿੱਕੜਉਛਾਲੀ ਜਾਂ ਇੱਕ ਦੂਸਰੇ ਨੂੰ ਗਾਲਾਂ ਕੱਢਣ ਲਈ ਹੀ ਲੋਕਾਂ ਦੇ ਖੂਨ ਪਸੀਨੇ ਦੇ ਟੈਕਸ ਦੇ ਰੂਪ ਵਿੱਚ ਆਈ ਕਮਾਈ ਅਤੇ ਸਮਾਂ ਬਰਬਾਦ ਕਰਨ ਦਾ ਹੀ ਠੇਕਾ ਲਿਆ ਹੋਇਆ ਹੈ? ਸਵਾਲ ਪੈਦਾ ਹੁੰਦਾ ਹੈ ਕਿ ਅਜਿਹੀ ਸਥਿਤੀ ਵਿੱਚ ਕੀ ਵੋਟਰ ਆਪਣੇ ਬੱਚਿਆਂ ਦੇ ਭਵਿੱਖ ਅਤੇ ਸੰਵਿਧਾਨਕ ਅਧਿਕਾਰਾਂ ਨਾਲ ਮੂਕ ਦਰਸ਼ਕ ਬਣ ਕੇ ਖਿਲਵਾੜ ਹੁੰਦਾ ਦੇਖਦੇ ਰਹਿਣਗੇ? ਜਾਂ ਫਿਰ ਕਿਸੇ ਨਵੇਂ ਮਦਾਰੀ ਦੀ ਡੁਗ ਡੁਗੀ ਅਤੇ ਬੰਸਰੀ ਵਜਾਉਣ ਦੀ ਉਡੀਕ ਕਰਨਗੇ, ਜਿਸ ਦੀ ਮਧੁਰ ਧੁਨੀ ਵਿੱਚ ਮੰਤਰ ਮੁਗਧ ਹੋ ਕੇ ਅਗਲੇ ਪੰਜ ਸਾਲਾਂ ਲਈ ਫਿਰ ਕਿਸੇ ਹੋਰ ਨੂੰ ਪਹਿਲਾਂ ਦੀ ਤਰ੍ਹਾਂ ਸਤਾ ਥਾਲੀ 'ਚ ਪਰੋਸ ਦੇਣਗੇ। ਆਗਾਮੀ ਲੋਕ ਸਭਾ ਚੋਣਾਂ ਸਮੇਂ ਵੋਟਰਾਂ ਲਈ ਇੱਕ ਵੱਡਾ ਸਵਾਲ ਦਰਪੇਸ਼ ਹੈ। ਇੱਕ ਗੱਲ ਤਾਂ ਸਪੱਸ਼ਟ ਹੈ ਕਿ ਆਗਾਮੀ ਚੋਣਾਂ ਸਮੇਂ ਚੋਣ ਮੈਦਾਨ ਵਿੱਚ ਕੁਝ ਇਮਾਨਦਾਰ, ਬੇਈਮਾਨ, ਬਲਾਤਕਾਰੀਏ, ਰਿਸ਼ਵਤਖੋਰ, ਠੱਗ, ਧਾਰਮਿਕ ਕੱਟੜਪੰਥੀਏ, ਦੰਗਈ, ਫਿਰਕਾਪ੍ਰਸਤ ਅਤੇ ਹੋਰ ਸੰਗੀਨ ਅਪਰਾਧਿਕ ਬਿਰਤੀ ਵਾਲੇ ਉਮੀਦਵਾਰ ਆਪਣੇ ਲੱਛੇਦਾਰ ਭਾਸ਼ਣ, ਗਰੀਬ ਹਤੈਸ਼ੀ ਹੋਣ ਦੇ ਦਾਅਵੇ/ ਵਾਅਦੇ ਅਤੇ ਮਗਰਮੱਛ ਦੇ ਹੰਝੂ ਵਹਾਉਣ ਦਾ ਦਿਖਾਵਾ ਵੀ ਕਰਨਗੇ। ਇਸ ਲਈ ਸਾਨੂੰ ਨਿੱਜ਼ਵਾਦ, ਨਸ਼ਿਆਂ, ਮੁਫਤ ਖੋਰੀ ਰਿਉੜੀਆਂ, ਜਾਤਾਂ, ਧਰਮਾਂ, ਖਿੱਤਿਆਂ ਆਦਿ ਨੂੰ ਇੱਕ ਪਾਸੇ ਰੱਖ ਕੇ ਸਿਰਫ ਤੇ ਸਿਰਫ ਰਾਜਨੀਤਿਕ ਦਲਾਂ ਦਾ ਪਿਛੋਕੜ ਅਤੇ ਨੀਤੀਆਂ ਦੀ ਬਰੀਕੀ ਨਾਲ ਪੜਚੋਲ ਕਰਨ ਤੋਂ ਇਲਾਵਾ, ਵਿਸ਼ੇਸ਼ ਕਰਕੇ ਉਮੀਦਵਾਰ ਦਾ ਨਿੱਜੀ ਵਿਵਹਾਰ, ਆਚਾਰ, ਭਰੋਸੇ ਯੋਗਤਾ ਅਤੇ ਜਨਤਕ ਸਰੋਕਾਰਾਂ ਪ੍ਰਤੀ ਪ੍ਰਤੀਬੱਧਤਾ ਨੂੰ ਧਿਆਨ ਹਿੱਤ ਰੱਖਦਿਆਂ ਹੀ ਆਪਣੇ ਨੁਮਾਇੰਦਿਆਂ ਦੀ ਚੋਣ ਕਰੀਏ ਤਾਂ ਕਿ ਨਮੋਸ਼ੀ ਅਤੇ ਪਛਤਾਵੇ ਦੀ ਅੱਗ ਵਿੱਚ ਸੜਨ ਤੋਂ ਬਚਿਆ ਜਾ ਸਕੇ। ਨੁਮਾਇੰਦਿਆਂ ਦੀ ਚੋਣ ਤਾਂ ਸਾਨੂੰ ਕਰਨੀ ਹੀ ਪੈਣੀ ਹੈ ਕਿਉਂਕਿ ਨੋਟਾ ਵੀ ਇਹਨਾਂ ਨੂੰ ਰਾਜਨੀਤਿਕ ਮੰਚ, ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀਆਂ ਪੌੜੀਆਂ ਚੜਨ ਤੋਂ ਰੋਕਣ ਦਾ ਕੋਈ ਢੁਕਵਾਂ ਅਤੇ ਕਾਰਗਰ ਰਸਤਾ ਨਹੀਂ ਦਿਖਾ ਰਿਹਾ। ਅਜਿਹਾ ਕਰਕੇ ਜਿੱਥੇ ਅਸੀਂ ਲੋਕਤੰਤਰ ਪ੍ਰਣਾਲੀ ਵਿੱਚ ਆਪਣੇ ਵਿਸ਼ਵਾਸ ਦੀ ਪੇਸ਼ਕਾਰੀ ਕਰ ਰਹੇ ਹੋਵਾਂਗੇ, ਉਥੇ ਨਾਲ ਹੀ ਰਾਜਨੀਤਿਕ ਖੇਤਰ ਵਿੱਚ ਅਜਿਹੇ ਘੁਸਪੈਠੀਆਂ ਨੂੰ ਪਾਰਲੀਮੈਂਟ ਅਤੇ ਵਿਧਾਨ ਸਭਾਵਾਂ ਦੀ ਪਵਿੱਤਰਤਾ ਨੂੰ ਭੰਗ ਕਰਨ ਤੋਂ ਕੁਝ ਹੱਦ ਤੱਕ ਰੋਕ ਵੀ ਸਕਦੇ ਹਾਂ, ਨਾਲ ਹੀ ਆਪਣੇ ਦੇਸ਼ ਅਤੇ ਸੂਬੇ ਪ੍ਰਤੀ ਆਪਣੀ ਫ਼ਰਜ਼ ਪੂਰਤੀ ਕਰਦਿਆਂ ਸ਼ਾਂਤੀ ਅਤੇ ਸਕੂਨ ਦਾ ਅਨੁਭਵ ਵੀ ਕਰ ਸਕਦੇ ਹਾਂ।

# ਆਪਣੇ ਲਈ ਹਮੇਸ਼ਾ ਨਵੇਂ ਰਸਤੇ ਚੁਣੋ

ਸੰਘਰਸ਼ ਹੀ ਜ਼ਿੰਦਗੀ ਹੈ। ਇਸ ਧਰਤੀ 'ਤੇ ਹਰ ਮਨੁੱਖ ਚਾਹੁੰਦਾ ਹੈ ਕਿ ਉਸਨੂੰ ਬਿਨਾਂ ਸੰਘਰਸ਼ ਕਰੇ ਹੀ ਮੰਜ਼ਿਲ ਮਿਲ ਜਾਵੇ। ਪਰ ਅਜਿਹਾ ਕਦੇ ਵੀ ਨਹੀਂ ਹੁੰਦਾ। ਮੁਕਾਮ 'ਤੇ ਪਹੁੰਚਣ ਲਈ ਇਨਸਾਨ ਨੂੰ ਬਹੁਤ ਮਿਹਨਤ ਕਰਨੀ ਪੈਂਦੀ ਹੈ। ਜ਼ਿੰਦਗੀ ਨੂੰ ਜਿਊਂਦੇ ਸਮੇਂ ਸਾਨੂੰ ਕਈ ਤਰ੍ਹਾਂ ਦੇ ਹਾਲਾਤਾਂ ਵਿੱਚੋਂ ਨਿਕਲਣਾ ਪੈਂਦਾ ਹੈ। ਜ਼ਿੰਦਗੀ ਬਹੁਤ ਖੂਬਸੂਰਤ ਹੈ। ਹਰ ਇਨਸਾਨ ਇਸ ਦਾ ਵੱਖ ਵੱਖ ਤਰੀਕੇ ਨਾਲ ਆਨੰਦ ਮਾਣਦਾ ਹੈ। ਸੁੱਖ ਦੁੱਖ ਹਰ ਇਨਸਾਨ ਦੀ ਜ਼ਿੰਦਗੀ ਵਿੱਚ ਗੇੜ੍ਹਾ ਜ਼ਰੂਰ ਮਾਰਦੇ ਹਨ। ਜੋ ਪ੍ਰਮਾਤਮਾ ਵੱਲੋਂ ਇਹ ਮਨੁੱਖੀ ਜੀਵਨ ਮਿਲਿਆ ਹੈ ,ਇਹ ਬਹੁਤ ਕੀਮਤੀ ਹੈ। ਧਾਰਮਿਕ ਗ੍ਰੰਥਾਂ ਵਿੱਚ ਵੀ ਇਸ ਦਾ ਬਹੁਤ ਜ਼ਿਕਰ ਕੀਤਾ ਹੋਇਆ ਹੈ। ਕਈ ਵਾਰ ਅਸੀਂ ਜ਼ਿੰਦਗੀ ਨੂੰ ਚੰਗੀ ਤਰ੍ਹਾਂ ਬਸਰ ਹੀ ਨਹੀਂ ਕਰਦੇ, ਸਗੋਂ ਫਿਰ ਜ਼ਿੰਦਗੀ ਨੂੰ ਬੋਝ ਸਮਝ ਕੇ ਕੱਟਦੇ ਹਾਂ। ਕਾਰਨ ਇਹ ਹੈ ਕਿ ਕਈ ਵਾਰ ਸਾਡੀਆਂ ਬੇਲੋੜੀਆਂ ਖਵਾਹਿਸ਼ਾਂ ਜ਼ਿੰਦਗੀ ਨੂੰ ਗੁੰਝਲਦਾਰ ਬਣਾਉਂਦੀਆਂ ਚਲੀ ਜਾਂਦੀਆਂ ਹਨ, ਜਦੋਂ ਬੇਲੋੜੀਆਂ ਇੱਛਾਵਾਂ ਪੂਰੀਆਂ ਨਹੀਂ ਹੁੰਦੀਆਂ ਤਾਂ ਇਨਸਾਨ ਫਿਰ ਖੁੱਲ ਕੇ ਜ਼ਿੰਦਗੀ ਨੂੰ ਬਸਰ ਨਹੀਂ ਕਰਦਾ। ਹਮੇਸ਼ਾ ਉਦਾਸ ਹੀ ਰਹਿੰਦਾ ਹੈ। ਕਿਸੇ ਨਾਲ ਹੱਸ ਖੇਡ ਕੇ ਨਹੀਂ ਵਿਚਰਦਾ। ਮਾਹੌਲ ਫਿਰ ਇਸ ਤਰ੍ਹਾਂ ਦਾ ਬਣ ਜਾਂਦਾ ਹੈ ਕਿ ਉਸ ਕੋਲ ਫਿਰ ਖੁਦਕੁਸ਼ੀ ਤੋਂ ਇਲਾਵਾ ਕੁਝ ਚਾਰਾ ਨਹੀਂ ਰਹਿ ਜਾਂਦਾ। ਖੁਦਕੁਸ਼ੀ ਬਹੁਤ ਵੱਡਾ ਗੁਨਾਹ ਹੈ। ਜਦੋਂ ਕੋਈ ਬੰਦਾ ਅਜਿਹਾ ਗਲਤ ਕਦਮ ਚੁੱਕਦਾ ਹੈ ਤਾਂ ਪਰਿਵਾਰ ਲਈ ਸਮਾਂ ਕੱਟਣਾ ਮੁਸ਼ਕਿਲ ਹੋ ਜਾਂਦਾ ਹੈ। ਲੋਕ ਪਤਾ ਨਹੀਂ ਕਿੰਨੀਆਂ ਕੁ ਤਰ੍ਹਾਂ ਦੀਆਂ ਗੱਲਾਂ ਕਰਦੇ ਹਨ। ਮਾਂ ਪਿਓ ਜਿਉਂਦੇ ਜੀਅ ਮਰ ਜਾਂਦੇ ਹਨ।ਇਹ ਕਿਸੇ ਸਮੱਸਿਆ ਦਾ ਹੱਲ ਨਹੀਂ ਹੈ। ਜੇ ਕੋਈ ਸਮੱਸਿਆ ਵੀ ਹੈ, ਤਾਂ ਚੰਗੇ ਦੋਸਤ ਨਾਲ ਸਾਂਝੀ ਕਰੋ।

ਜ਼ਿੰਦਗੀ ਬਹੁਤ ਖੂਬਸੂਰਤ ਹੈ।ਸਾਨੂੰ ਹਰ ਪਲ ਇਸਦਾ ਆਨੰਦ ਮਾਣਨਾ ਚਾਹੀਦਾ ਹੈ। ਸਾਨੂੰ ਬੇਲੋੜੀਆਂ ਖਵਾਹਿਸ਼ਾਂ ਨਹੀਂ ਪਾਲਣੀਆਂ ਚਾਹੀਦੀਆਂ। ਜਿੰਨਾ ਵੀ ਤੁਹਾਨੂੰ ਪਰਮਾਤਮਾ ਨੇ ਦਿੱਤਾ ਹੋਇਆ ਹੈ ਉਸ ਵਿੱਚ ਸਬਰ ਸੰਤੋਖ ਕਰਨਾ ਚਾਹੀਦਾ ਹੈ। ਹਰ ਪਲ ਸ਼ੁਕਰ ਹੀ ਕਰਨਾ ਚਾਹੀਦਾ ਹੈ ਕਿ ਪਰਮਾਤਮਾ ਤੂੰ ਸਾਨੂੰ ਇੰਨਾ ਦਿੱਤਾ, ਤੇਰਾ ਬਹੁਤ ਧੰਨਵਾਦ ਹੈ। ਦੂਜੇ ਦੀ ਤਰੱਕੀ ਜਾਂ ਦੂਜੇ ਕੋਲ ਵਾਧੂ ਸਾਧਨ ਦੇਖ ਕੇ ਨਕਾਰਾਤਮਕ ਨਹੀਂ ਹੋਣਾ ਚਾਹੀਦਾ। ਉਸ ਦਾ ਵੀ ਭਲਾ ਮੰਗਣਾ ਚਾਹੀਦਾ ਹੈ। ਜੇ ਕਿਸੇ ਕੋਲ ਚੀਜ਼ ਹੁੰਦੀ ਹੈ, ਤਾਂ ਉਸਦਾ ਫ਼ਾਇਦਾ ਵੀ ਸਾਨੂੰ ਜ਼ਰੂਰ ਹੁੰਦਾ ਹੈ। ਜੇ ਸਾਡੇ ਕੋਲ ਸੀਮਿਤ ਸਾਧਨ ਹਨ, ਤਾਂ ਉਸ ਵਿੱਚ ਹੀ ਸਬਰ ਰੱਖੋ। ਕਿਸੇ ਦੂਜੇ ਇਨਸਾਨ ਦੀਆਂ ਕੋਠੀਆਂ, ਕਾਰਾਂ, ਬੰਗਲੇ, ਜ਼ਮੀਨ ਜਾਇਦਾਦ, ਪੈਸਾ ਦੇਖ ਕੇ ਪਰੇਸ਼ਾਨ ਨਹੀਂ ਹੋਣਾ ਚਾਹੀਦਾ। ਅੱਜ ਦੇ ਜ਼ਮਾਨੇ ਵਿੱਚ ਸਬਰ, ਸੰਤੋਖ, ਪਿਆਰ, ਨਿਮਰਤਾ ਖ਼ਤਮ ਹੋ ਚੁੱਕਾ ਹੈ। ਕੋਈ ਕਿਸੇ ਇਨਸਾਨ ਦੀ ਤਰੱਕੀ ਦੇਖ ਕੇ ਖੁਸ਼ ਨਹੀਂ ਹੁੰਦਾ। ਇਨਸਾਨੀਅਤ ਖ਼ਤਮ ਹੋ ਚੁੱਕੀ ਹੈ। ਮਾਰ ਕੁਟਾਈ, ਕਤਲ ਵਰਗੀਆਂ ਖ਼ਬਰਾਂ ਅਸੀ ਅਖਬਾਰਾਂ ਵਿੱਚ ਆਮ ਸੁਣਦੇ ਹਾਂ। ਪਹਿਲਾ ਸਾਂਝੇ ਪਰਿਵਾਰ ਹੁੰਦੇ ਸਨ, ਇੱਕ ਦੂਜੇ ਨਾਲ ਸੁੱਖ ਦੁੱਖ ਦੀ ਗੱਲ ਕਰ ਲਈ ਜਾਂਦੀ ਸੀ। ਮਨ ਹੌਲਾ ਹੋ ਜਾਂਦਾ ਸੀ। ਕਹਿਣ ਦਾ ਮਤਲਬ ਹੈ ਕਿ ਜੇ ਕਿਸੇ ਨੂੰ ਪੈਸੇ ਦੀ ਜ਼ਰੂਰਤ ਹੁੰਦੀ ਸੀ ਤਾਂ ਇੱਕ ਦੂਜੇ ਤੋਂ ਆਸ ਰੱਖੀ ਜਾਂਦੀ ਸੀ, ਕਿ ਇਹ ਮੇਰਾ ਮਿੱਤਰ ਮੇਰੀ ਮਦਦ ਜ਼ਰੂਰ ਕਰ ਦੇਵੇਗਾ। ਪਰ ਅੱਜ ਜ਼ਮਾਨਾ ਬਹੁਤ ਬਦਲ ਚੁੱਕਿਆ ਹੈ। ਜੇ ਤੁਸੀਂ ਕਿਸੇ ਤੋਂ ਮਦਦ ਮੰਗੀ ਪਹਿਲੀ ਗੱਲ ਤਾਂ ਉਸਨੇ ਮਨਾਂ ਹੀ ਕਰ ਦੇਣਾ ਹੈ ਕਿ ਇਹ ਤਾਂ ਮੇਰੇ ਪੈਸੇ ਮਾਰ ਲਵੇਗਾ। ਜੇ ਤੁਹਾਡੀ ਸਹਾਇਤਾ ਕਰ ਵੀ ਦਿੱਤੀ ਤਾਂ ਸਾਰੇ ਸ਼ਹਿਰ ਵਿੱਚ ਢੰਡੋਰਾ ਪਿੱਟ ਦੇਵੇਗਾ। ਪਰਿਵਾਰਿਕ ਰਿਸ਼ਤੇ, ਸਮਾਜਿਕ, ਮੇਲ ਜੋਲ ਸਭ ਖ਼ਤਮ ਹੋ ਚੁੱਕਿਆ ਹੈ। ਮਤਲਬ ਰੱਖ ਕੇ ਦੋਸਤੀ ਕੀਤੀ ਜਾਂਦੀ ਹੈ। ਜਦੋਂ ਤੱਕ ਤੁਹਾਡੇ ਕੋਲੋਂ ਮਤਲਬ ਹੈ, ਉਦੋਂ ਤੱਕ ਤੁਹਾਡੀ ਹਾਂ ਵਿੱਚ ਹਾਂ ਮਿਲਾਈ ਜਾਂਦੀ ਹੈ।ਖੂਬਸੂਰਤ ਜ਼ਿੰਦਗੀ ਜਿਊਣ ਲਈ ਸਾਨੂੰ ਇੱਕ ਟੀਚਾ ਮਿੱਥ ਕੇ ਚਲਣਾ ਪਵੇਗਾ। ਟੀਚੇ ਮੁਤਾਬਕ ਸਮਾਂ ਸਾਰਣੀ ਬਣਾ ਕੇ ਮਿਹਨਤ ਕਰੋ। ਇਹ ਜ਼ਰੂਰੀ ਨਹੀਂ ਕਿ ਤੁਹਾਨੂੰ ਪਹਿਲੀ ਵਾਰ ਟੀਚਾ ਮਿਲ ਜਾਵੇ। ਮੈਂ ਗੱਲ ਵਿਦਿਆਰਥੀ ਵਰਗ ਦੀ ਕਰ ਰਿਹਾ ਹਾਂ। ਦੁਬਾਰਾ ਫਿਰ ਅਭਿਆਸ ਕਰੋ।ਅਕਸਰ ਸਿਆਣੇ ਕਹਿੰਦੇ ਵੀ ਹਨ ਕਿ ਕਈ ਵਾਰ ਜਿੰਦਰਾ ਆਖ਼ਰੀ ਚਾਬੀ ਨਾਲ ਖੁੱਲਦਾ ਹੈ। ਹਰ ਵਾਰ ਜੇ ਤੁਸੀਂ ਅਸਫ਼ਲ ਹੋ ਰਹੇ ਹੋ ਤਾਂ ਤੁਹਾਨੂੰ ਤਜ਼ਰਬਾ ਜ਼ਰੂਰ ਮਿਲਦਾ ਹੈ। ਗਲਤੀਆਂ ਤੋਂ ਸਿੱਖੋ। ਚੰਗੇ ਦੋਸਤਾਂ ਦਾ ਸੰਗ ਕਰੋ। ਚੰਗੀ ਸੰਗਤ ਵਿੱਚ ਜਾਓ। ਚੰਗੀ ਸੰਗਤ ਹੀ ਤੁਹਾਨੂੰ ਅੱਗੇ ਵਧਣ ਲਈ ਪ੍ਰੇਰਿਤ ਕਰਦੀ ਹੈ। ਜਦੋਂ ਤੁਸੀਂ ਟੀਚਾ ਮੁਕਾਮ ਹਾਸਿਲ ਨਹੀਂ ਕਰ ਪਾਉਂਦੇ ਤਾਂ ਚੰਗੇ ਦੋਸਤਾਂ ਦੀ ਸੰਗਤ ਤੁਹਾਨੂੰ ਹੋਰ ਹੱਲਾਸ਼ੇਰੀ ਦਿੰਦੀ ਹੈ ਕਿ ਤੁਸੀਂ ਇਹ ਟੀਚਾ ਪ੍ਰਾਪਤ ਕਰਨਾ ਹੈ। ਨਾ ਪੱਖੀ ਵਿਚਾਰਾਂ ਤੇ ਨਕਾਰਾਤਮਕ ਸੋਚ ਵਾਲੇ ਦੋਸਤਾਂ ਦਾ ਕਦੇ ਵੀ ਸੰਗ ਨਾ ਕਰੋ। ਕਦੇ ਵੀ ਕਿਸੇ ਚੀਜ਼ ਦਾ ਹੰਕਾਰ ਨਾ ਕਰੋ। ਸ਼ਹਿਨਸ਼ੀਲ ਰਹਿ ਕੇ ਕੰਮ ਕਰੋ। ਮਨੁੱਖੀ ਜੀਵਨ ਦਾ ਅਨਮੋਲ ਗੁਣ ਹੈ ਸਹਿਣਸ਼ੀਲਤਾ। ਇੱਕ ਦੂਜੇ ਦਾ ਪਿਆਰ ਸਤਿਕਾਰ ਕਰੋ। ਜ਼ਿੰਦਗੀ ਨੂੰ ਹੱਸ ਖੇਡ ਕੇ ਗੁਜ਼ਾਰੋ।ਛੋਟੀਆਂ ਛੋਟੀਆਂ ਖੁਸ਼ੀਆਂ ਵਿੱਚੋਂ ਆਨੰਦ ਮਾਣੋ।ਵੱਡਿਆਂ ਦੀ ਇੱਜ਼ਤ ਕਰੋ। ਜ਼ਿੰਦਗੀ ਦੇ ਤਾਣੇ ਬਾਣੇ ਵਿੱਚ ਜ਼ਿਆਦਾ ਨਾ ਉਲਝੋ। ਕਿਸੇ ਦੇ ਕੰਮ ਵਿੱਚ ਜ਼ਿਆਦਾ ਦਖਲਅੰਦਾਜ਼ੀ ਨਾ ਕਰੋ। ਆਪਣੇ ਆਪ ਨਾਲ ਪਿਆਰ ਕਰੋ। ਆਪਣੇ ਆਪ ਨੂੰ ਸਮਾਂ ਦੇਵੋ।ਚੰਗੀਆਂ ਕਿਤਾਬਾਂ ਪੜ੍ਹੋ। ਚੰਗੀਆਂ ਥਾਵਾਂ 'ਤੇ ਜਾਓ ਜਿੱਥੇ ਤੁਹਾਨੂੰ ਸਕੂਨ ਮਿਲੇ। ਕਈ ਇਨਸਾਨਾਂ ਦੀਆਂ ਅਸੀਂ ਗੱਲਾਂ ਆਮ ਸੁਣਦੇ ਹਾਂ ਕਿ ਨਾਮੁਰਾਦ ਬਿਮਾਰੀ ਵਿੱਚ ਵੀ ਡਾਵਾਂਡੋਲ ਨਹੀਂ ਹੁੰਦੇ, ਸਗੋਂ ਹੱਸ ਖੇਡ ਕੇ ਉਸ ਬਿਮਾਰੀ ਵਿੱਚੋਂ ਨਿਕਲ ਜਾਂਦੇ ਹਨ। ਕਿਉਂਕਿ ਉਹਨਾਂ ਨੂੰ ਪਤਾ ਹੈ ਕਿ ਅਸੀਂ ਇੱਥੇ ਕੋਈ ਪੱਕੀ ਰਜਿਸਟਰੀ ਨਹੀਂ ਕਰਵਾ ਕੇ ਆਏ ਹਾਂ। ਕੱਲ ਕਿਸ ਦੀ ਹੈ ਪਤਾ ਨਹੀਂ ਕਦੋਂ ਸੰਸਾਰ ਤੋਂ ਚਲੇ ਜਾਣਾ ਹੈ।ਕਿਸੇ ਤੋਂ ਜ਼ਿਆਦਾ ਉਮੀਦ ਨਾ ਰੱਖੋ। ਹਰ ਕਿਸੇ ਦੇ ਕੰਮ ਨਾ ਕਰੋ, ਇਸ ਨਾਲ ਤੁਹਾਡੀ ਕਦਰ ਘਟਦੀ ਹੈ। ਉੱਥੇ ਜਾਓ ਜਿੱਥੇ ਤੁਹਾਡਾ ਆਦਰ ਮਾਣ ਹੋ ਰਿਹਾ ਹੋਵੇ। ਤੁਹਾਡੀ ਇੱਜ਼ਤ ਤੁਹਾਡੇ ਹੱਥ ਹੁੰਦੀ ਹੈ। ਕਦੇ ਵੀ ਕਿਸੇ ਨਾਲ ਬਹਿਸ ਨਾ ਕਰੋ, ਜੇ ਸਾਹਮਣੇ ਵਾਲਾ ਬਹਿਸ ਕਰ ਰਿਹਾ ਹੈ ਤਾਂ ਚੁੱਪ ਕਰ ਜਾਓ। ਜਾਂ ਉਸ ਥਾਂ ਤੋਂ ਚਲੇ ਜਾਓ। ਚੁੱਪ ਰਹਿਣਾ ਹੀ ਸਿਆਣਪ ਦੀ ਨਿਸ਼ਾਨੀ ਹੁੰਦੀ ਹੈ। ਜਦੋਂ ਕੋਈ ਮੁਸੀਬਤ ਆ ਵੀ ਗਈ ਹੈ ਤਾਂ ਚੰਗੇ ਦੋਸਤਾਂ ਨਾਲ ਸਾਂਝੀ ਕਰੋ। ਤੁਹਾਨੂੰ ਕੋਈ ਨਾ ਕੋਈ ਰਾਹ ਜ਼ਰੂਰ ਮਿਲੇਗਾ। ਪਰਮਾਤਮਾ ਦਾ ਹਰ ਵੇਲੇ ਸ਼ੁੱਕਰ ਗੁਜ਼ਾਰ ਕਰਨਾ ਚਾਹੀਦਾ ਹੈ। ਬੇਲੋੜੀਆਂ ਖਵਾਹਿਸ਼ਾਂ ਨਾਲ ਜ਼ਿੰਦਗੀ ਨੂੰ ਨਰਕ ਨਾ ਬਣਾਓ। ਹਰ ਪਲ ਖੁਸ਼ ਰਹਿ ਕੇ ਗੁਜ਼ਾਰੋ ਤਾਂ ਜਦੋਂ ਤੁਸੀਂ ਜ਼ਿੰਦਗੀ ਦੇ ਅੰਤਿਮ ਪੜਾਓ 'ਤੇ ਹੋਵੋਗੇ ਤਾਂ ਤੁਹਾਨੂੰ ਜ਼ਿੰਦਗੀ ਪ੍ਰਤੀ ਕੋਈ ਗਿਲਾ(ਸ਼ਿਕਾਇਤ )ਨਹੀਂ ਰਹੇਗਾ। ਇਹੀ ਖੂਬਸੂਰਤ ਜ਼ਿੰਦਗੀ ਦਾ ਰਾਜ਼ ਹੈ।

# ਹਰ ਸਾਲ ਸੱਤ ਲੱਖ ਭਾਰਤੀ ਡੰਕੀ ਰਸਤੇ ਜਾਂਦੇ ਨੇ ਦੂਜੇ ਮੁਲਕਾਂ ਨੂੰ

ਭਾਰਤ ਵਿੱਚੋਂ ਡੰਕੀ ਰਸਤੇ ਪ੍ਰਵਾਸ ਰੋਕਣ ਅਤੇ ਨੌਜਵਾਨਾਂ ਨੂੰ ਆਪਣੇ ਮੁਲਕ ਵਿੱਚ ਟਿਕੇ ਰਹਿਣ ਦੇ ਮੌਕੇ ਪ੍ਰਦਾਨ ਕਰਨ ਵਿੱਚ ਕੇਂਦਰ ਦੀਆਂ ਸਰਕਾਰਾਂ ਦੀ ਕਾਰਗੁਜ਼ਾਰੀ ਫਿੱਕੀ ਰਹੀ ਹੈ। ਭਾਰਤ ਸਰਕਾਰ ਵਿਸ਼ੇਸ਼ ਕਰਕੇ ਪੰਜਾਬ ਨੇ ਫਾਈਲਾਂ ਵਿੱਚ ਲੋਕਾਂ ਦਾ ਢਿੱਡ ਭਰਨ ਲਈ ਕਈ ਸਕੀਮਾਂ ਸ਼ੁਰੂ ਕੀਤੀਆਂ ਹਨ। ਲੋਕਾਂ ਨੂੰ ਸਬਸਿਡੀਆਂ ਅਤੇ ਗਰੰਟੀਆਂ ਦੇ ਨਾਂ 'ਤੇ ਪਰੋਸਿਆ ਜਾ ਰਿਹਾ ਹੈ। ਪੰਜਾਬ ਦਾ ਐਨਆਰਆਈ ਮੰਤਰਾਲਾ ਬਗੈਰ ਦੰਦਾਂ ਤੋਂ ਚਿੱਟਾ ਹਾਥੀ ਬਣ ਕੇ ਰਹਿ ਗਿਆ ਹੈ। ਭਾਰਤ ਸਰਕਾਰ ਨੇ 2022 ਤੱਕ ਪੰਜ ਸੌ ਮਿਲੀਅਨ ਲੋਕਾਂ ਨੂੰ ਵਿਦੇਸ਼ ਭੇਜਣ ਦਾ ਟੀਚਾ ਮਿਥਿਆ ਸੀ ਤਾਂ ਜੋ ਗੈਰ ਕਾਨੂੰਨੀ ਪ੍ਰਵਾਸ ਨੂੰ ਨੱਥ ਪਾਈ ਜਾ ਸਕੇ। ਬਾਵਜੂਦ ਇਸ ਦੇ ਹਰ ਰੋਜ਼ 2000 ਦੇ ਕਰੀਬ ਭਾਰਤੀ ਗੈਰ ਕਾਨੂੰਨੀ ਤੌਰ 'ਤੇ ਜਹਾਜ਼ ਚੜ ਰਹੇ ਹਨ। ਇੰਟਰਨੈਸ਼ਨਲ ਆਰਗਨਾਈਜੇਸ਼ਨ ਫਾਰ ਮਾਈਗਰੇਸ਼ਨ ਨੇ ਗੈਰ ਕਾਨੂੰਨੀ ਤੌਰ 'ਤੇ ਅਮਰੀਕਾ ਸਮੇਤ ਦੂਜੇ ਮੁਲਕਾਂ ਵਿੱਚ ਜਾ ਕੇ ਵਸਣ ਦੀ ਇੱਛਾ ਰੱਖਣ ਵਾਲੇ ਲੋਕਾਂ ਦੀ ਪੋਲ ਖੋਲ੍ਹ ਦਿੱਤੀ ਹੈ। ਵਿਦੇਸ਼ ਦਾ ਸੁਪਨਾ ਪੂਰਾ ਕਰਨ ਲਈ ਹਰ ਰੋਜ਼ 1986 ਭਾਰਤੀ ਗੈਰ ਕਾਨੂੰਨੀ ਤਰੀਕੇ ਨਾਲ ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਸਮੇਤ ਹੋਰ ਮੁਲਕਾਂ ਲਈ ਜਹਾਜ਼ ਚੜਦੇ ਹਨ। ਇੰਟਰਨੈਸ਼ਨਲ ਆਰਗਨਾਈਜੇਸ਼ਨ ਫਾਰ ਮਾਈਗਰੇਸ਼ਨ ਦੀ ਇੱਕ ਤਾਜ਼ਾ ਰਿਪੋਰਟ ਅਨੁਸਾਰ ਹਰ ਸਾਲ 7 ਲੱਖ 25 ਹਜ਼ਾਰ ਭਾਰਤੀ ਗੈਰ ਕਾਨੂੰਨੀ ਤੌਰ 'ਤੇ ਪਰਵਾਸ ਕਰਦੇ ਹਨ। ਇਹਨਾਂ ਵਿੱਚੋਂ ਵੱਡੀ ਗਿਣਤੀ ਭਾਰਤੀਆਂ ਦੀ ਪਹਿਲੀ ਪਸੰਦ ਅਮਰੀਕਾ ਹੈ। ਇਸ ਨੂੰ ਏਜੰਟਾਂ ਦੀ ਭਾਸ਼ਾ ਵਿੱਚ ਡੰਕੀ ਰੂਟ ਦਾ ਨਾਂ ਦਿੱਤਾ ਗਿਆ ਹੈ। ਇੰਟਰਨੈਸ਼ਨਲ ਆਰਗਨਾਈਜੇਸ਼ਨ ਫਾਰ ਮਾਈਗ੍ਰੇਸ਼ਨ ਨੇ ਬੜੇ ਦੁਖਦਾਈ ਅੰਕੜੇ ਸਾਂਝੇ ਕੀਤੇ ਹਨ ਕਿ ਸਾਲ 2014 ਤੋਂ ਲੈ ਕੇ ਪਿਛਲੇ ਸਾਲ ਦੇ ਅੰਤ ਤੱਕ ਗੈਰ ਕਾਨੂੰਨੀ ਤੌਰ 'ਤੇ ਦੂਜੇ ਦੇਸ਼ਾਂ ਵਿੱਚ ਪ੍ਰਵੇਸ਼ ਕਰਦੇ 50 ਹਜ਼ਾਰ ਭਾਰਤੀ ਮਾਰੇ ਗਏ ਹਨ ਜਾਂ ਲਾਪਤਾ ਹੋਏ ਹਨ। ਅਮਰੀਕਾ ਪੁੱਜਣ ਲਈ ਭਾਰਤੀਆਂ ਨੂੰ ਕਈ ਦੇਸ਼ਾਂ ਵਿੱਚੋਂ ਦੀ ਹੋ ਕੇ ਲੰਘਣਾ ਪੈਂਦਾ ਹੈ। ਦਿੱਲੀ ਤੋਂ ਅਮਰੀਕਾ ਦੀ ਦੂਰੀ 14 ਹਜ਼ਾਰ ਕਿਲੋਮੀਟਰ ਦੱਸੀ ਗਈ ਹੈ।ਇਸ ਵਿੱਚ ਡੰਕੀ ਰੂਟ ਦਾ 4600 ਕਿਲੋਮੀਟਰ ਰਸਤਾ ਵੀ ਸ਼ਾਮਿਲ ਹੈ। ਰਿਪੋਰਟ ਅਨੁਸਾਰ ਅਮਰੀਕਾ ਵਿੱਚ ਦਾਖਲ ਹੋਣ ਦੇ ਇੱਛੁਕ ਭਾਰਤੀਆਂ ਨੂੰ ਸਭ ਤੋਂ ਪਹਿਲਾਂ ਲਾਤੀਨੀ ਅਮਰੀਕਾ ਦੇ ਦੇਸ਼ ਇਕਵਾਡੋਰ ਲਿਜਾਇਆ ਜਾਂਦਾ ਹੈ। ਉੱਥੋਂ ਦਾ ਵੀਜ਼ਾ ਏਅਰਪੋਰਟ 'ਤੇ ਮਿਲ ਜਾਂਦਾ ਹੈ, ਜਿਸ ਕਰਕੇ ਕੋਈ ਦਿੱਕਤ ਨਹੀਂ ਆਉਂਦੀ ਹੈ। ਇਕਵਾਡੋਰ ਤੋਂ ਬਾਅਦ ਸਭ ਤੋਂ ਪਹਿਲਾਂ ਕੋਲੰਬੀਆ ਪਹੁੰਚਣਾ ਹੁੰਦਾ ਹੈ ਇਹ ਰਸਤਾ ਸਮੁੰਦਰ ਰਾਹੀਂ ਤੈ ਕਰਨ ਲਈ ਕਿਹਾ ਜਾਂਦਾ ਹੈ। ਕੋਲੰਬੀਆ ਤੋਂ ਅਗਲਾ ਸੁਰੱਖਿਅਤ ਪੜਾਅ ਪਨਾਮਾ ਹੁੰਦਾ ਹੈ, ਜਿੱਥੋਂ ਜੰਗਲ ਰਾਹੀਂ ਪੈਦਲ ਚੱਲ ਕੇ ਨਿਕਾਰਾਗੂਆ ਰਾਹੀਂ ਮੈਕਸੀਕੋ ਪੁੱਜਦੇ ਹਨ। ਅਮਰੀਕਾ ਅਤੇ ਮੈਕਸੀਕੋ ਦੀ ਸਰਹੱਦ 3100 ਕਿਲੋਮੀਟਰ ਲੰਮੀ ਹੈ ਉਥੋਂ ਦੇ ਵੱਡੇ ਹਿੱਸੇ ਵਿੱਚ ਕੰਧ ਬਣੀ ਹੋਈ ਹੈ। ਕੰਧ ਟੱਪ ਕੇ ਅਮਰੀਕਾ ਵਿੱਚ ਦਾਖਲ ਕਰਵਾਇਆ ਜਾਂਦਾ ਹੈ। ਜਿਹੜੇ ਕੰਧ ਪਾਰ ਨਹੀਂ ਕਰ ਸਕਦੇ ਉਹ ਰੀਓ ਨਦੀ ਦਾ ਰਸਤਾ ਚੁਣਦੇ ਹਨ। ਅਮਰੀਕਾ ਪੁੱਜ ਕੇ ਜ਼ਿਆਦਾਤਰ ਲੋਕ ਸਿਆਸੀ ਸ਼ਰਨ ਲੈਂਦੇ ਹਨ। ਕਈ ਭਾਰਤੀ ਹਾਲੇ ਵੀ ਅਮਰੀਕਾ ਵਿੱਚ ਗੈਰ ਕਾਨੂੰਨੀ ਤੌਰ 'ਤੇ ਰਹਿੰਦੇ ਹਨ ਹਨ, ਜਿਨ੍ਹਾਂ ਵਿੱਚੋਂ ਹਰ ਸਾਲ ਹਜ਼ਾਰਾਂ ਪੁਲਿਸ ਦੇ ਹੱਥ ਲੱਗ ਜਾਂਦੇ ਹਨ। ਅਮਰੀਕਾ ਦੀ ਪੁਲਿਸ ਨੇ ਸਾਲ 2018 ਦੌਰਾਨ 8029 ਅਤੇ 219 ਦੌਰਾਨ 19837 ਭਾਰਤੀਆਂ ਨੂੰ ਇੰਡੀਆ ਡਿਪੋਰਟ ਕੀਤਾ ਸੀ। ਸਾਲ 2020 ਵਿੱਚ ਇਹ ਗਿਣਤੀ 30 662 ਅਤੇ 2021 ਨੂੰ 63927 ਨੂੰ ਪੁੱਜ ਗਈ ਸੀ। ਸਾਲ 2022 ਦੌਰਾਨ ਅਮਰੀਕਾ ਵਿੱਚ ਗੈਰ ਕਾਨੂੰਨੀ ਤੌਰ 'ਤੇ ਰਹਿੰਦੇ 96,917 ਭਾਰਤੀਆਂ ਨੂੰ ਅਮਰੀਕਾ ਦੀ ਪੁਲਿਸ ਨੇ ਫੜ ਲਿਆ ਸੀ।ਅਮਰੀਕਾ ਤੋਂ ਬਾਅਦ ਗੈਰ ਕਾਨੂੰਨੀ ਤੌਰ 'ਤੇ ਇੰਗਲੈਂਡ ਅਤੇ ਕੈਨੇਡਾ ਲਈ ਡੰਕੀ ਲਾਈ ਜਾਂਦੀ ਹੈ। ਕੈਨੇਡਾ ਵਿੱਚ ਸਟੱਡੀ ਵੀਜ਼ਾ, ਵਰਕ ਪਰਮਿਟ ਅਤੇ ਪੀਆਰ ਦੇ ਸਹਾਰੇ ਜਾਣ ਵਾਲਿਆਂ ਦੀ ਗਿਣਤੀ ਕਾਫੀ ਹੈ। ਪੰਜਾਬ ਵਿੱਚ ਚਾਲੂ ਸਾਲ ਦੌਰਾਨ 10 ਲੱਖ ਦੇ ਕਰੀਬ ਪਾਸਪੋਰਟ ਬਣੇ ਹਨ।

# ਪ੍ਰਵੇਸ਼ ਉਤਸਵ ਰੱਥ ਸਿੱਖਿਆ ਪ੍ਰਤੀ ਲੋਕਾਂ ਨੂੰ ਜਾਗਰੂਕ ਕਰੇਗਾ : ਡੀਸੀ ਅਪਰਾਜਿਤਾ



ਕੈਥਲ, 1 ਅਪ੍ਰੈਲ (ਪ.ਪ.): ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਵਿੱਚ 100% ਦਾਖਲਾ ਅਤੇ ਜ਼ੀਰੋ ਸਕੂਲ ਛੱਡਣ ਦੇ ਉਦੇਸ਼ ਨਾਲ, ਡੀਸੀ ਅਪਰਾਜਿਤਾ ਨੇ ਮਿੰਨੀ ਸਕੱਤਰੇਤ, ਕੈਥਲ ਤੋਂ ਇੱਕ ਪ੍ਰਵੇਸ਼ ਉਤਸਵ ਰੱਥ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਹਰਿਆਣਾ ਸਕੂਲ ਸਿੱਖਿਆ ਵਿਭਾਗ ਦਾਖਲਾ ਪ੍ਰਕਿਰਿਆ ਨਾਲ ਸਬੰਧਤ ਇੱਕ ਪ੍ਰਵੇਸ਼ ਉਤਸਵ ਪ੍ਰੋਗਰਾਮ ਚਲਾ ਰਿਹਾ ਹੈ। ਸਾਰੇ ਸਰਕਾਰੀ ਸਕੂਲਾਂ ਵਿੱਚ ਦਾਖਲਾ ਪ੍ਰਕਿਰਿਆ ਨੂੰ ਤੇਜ਼ ਕਰਨ ਲਈ ਪ੍ਰਵੇਸ਼ ਉਤਸਵ ਰੱਥ ਸ਼ੁਰੂ ਕੀਤਾ ਗਿਆ ਹੈ। ਸਿੱਖਿਆ ਵਿਭਾਗ ਦਾ ਇਹ ਰੱਥ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਦੀ ਗਿਣਤੀ ਵਧਾਉਣ ਅਤੇ ਸਿੱਖਿਆ ਪ੍ਰਤੀ ਜਾਗਰੂਕਤਾ ਫੈਲਾਉਣ ਲਈ ਪਿੰਡ-ਪਿੰਡ ਯਾਤਰਾ ਕਰੇਗਾ। ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਘੱਟ ਵਾਲੇ ਪਿੰਡਾਂ ਦੀ ਚੋਣ ਪਹਿਲਾਂ ਕੀਤੀ ਜਾਵੇਗੀ। ਜ਼ਿਲ੍ਹਾ ਸਕੱਤਰੇਤ, ਕੈਥਲ ਤੋਂ ਬੋਲਦਿਆਂ ਡੀਸੀ ਅਪਰਾਜਿਤਾ ਨੇ ਕਿਹਾ ਕਿ ਸਿੱਖਿਆ ਵਿਭਾਗ ਦਾ ਇਹ ਰੱਥ ਸਰਕਾਰੀ ਸਕੂਲਾਂ ਵਿੱਚ ਦਿੱਤੀਆਂ ਜਾਂਦੀਆਂ ਸਹੂਲਤਾਂ ਅਤੇ ਇਸ ਦੀਆਂ ਪ੍ਰਾਪਤੀਆਂ ਨੂੰ ਜਨਤਾ ਦੇ ਸਾਹਮਣੇ ਲਿਆਵੇਗਾ।ਉਨ੍ਹਾਂ ਅੱਗੇ ਕਿਹਾ ਕਿ ਹਰਿਆਣਾ ਸਰਕਾਰ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਮੁਫ਼ਤ ਸਿੱਖਿਆ ਦੇ ਨਾਲ-ਨਾਲ ਅਤਿ-ਆਧੁਨਿਕ ਸਰੋਤ, ਵਿਗਿਆਨ, ਖੇਡਾਂ, ਸੱਭਿਆਚਾਰਕ ਪ੍ਰੋਗਰਾਮਾਂ, ਇਤਿਹਾਸਕ ਸਥਾਨਾਂ ਦੇ ਦੌਰੇ, ਸਾਹਸੀ ਗਤੀਵਿਧੀਆਂ ਅਤੇ ਵਿਦਿਅਕ ਟੂਰ ਪ੍ਰਦਾਨ ਕਰ ਰਹੀ ਹੈ। ਸਿੱਖਿਆ ਹਰ ਬੱਚੇ ਦਾ ਮੌਲਿਕ ਅਧਿਕਾਰ ਹੈ। ਕਿਸੇ ਵੀ ਬੱਚੇ ਨੂੰ ਸਿੱਖਿਆ ਤੋਂ ਵਾਂਝਾ ਨਹੀਂ ਰੱਖਿਆ ਜਾਣਾ ਚਾਹੀਦਾ। ਇਹ ਪ੍ਰਵੇਸ਼ ਉਤਸਵ ਰੱਥ ਆਮ ਲੋਕਾਂ ਵਿੱਚ ਸਿੱਖਿਆ ਪ੍ਰਤੀ ਜਾਗਰੂਕਤਾ ਵਧਾਉਣ ਵਿੱਚ ਮਦਦ ਕਰੇਗਾ। ਇਸ ਮੌਕੇ ਉਨ੍ਹਾਂ ਜ਼ਿਲ੍ਹਾ ਸਿੱਖਿਆ ਅਧਿਕਾਰੀ ਨੂੰ ਜ਼ਿਲ੍ਹੇ ਵਿੱਚ 100% ਦਾਖਲਾ ਅਤੇ ਜ਼ੀਰੋ ਸਕੂਲ ਛੱਡਣ ਨੂੰ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ। ਜ਼ਿਲ੍ਹਾ ਸਿੱਖਿਆ ਅਧਿਕਾਰੀ ਸੁਭਾਸ਼ ਕੁਮਾਰ ਨੇ ਦੱਸਿਆ ਕਿ, ਪਿਛਲੇ ਸਮੇਂ ਵਾਂਗ, ਇਸ ਸਾਲ ਵੀ ਪ੍ਰਵੇਸ਼ ਉਤਸਵ ਰੱਥ ਚਲਾਉਣ ਦਾ ਫੈਸਲਾ ਕੀਤਾ ਗਿਆ ਹੈ। ਜ਼ਿਲ੍ਹੇ ਵਿੱਚ ਪ੍ਰਵੇਸ਼ ਉਤਸਵ ਲਈ ਇੱਕ ਟੀਮ ਬਣਾਈ ਗਈ ਹੈ। ਇਸ ਟੀਮ ਲਈ ਕੁਸ਼ਲ ਕੁਮਾਰ ਸ਼ਰਮਾ ਨੂੰ ਨੋਡਲ ਅਧਿਕਾਰੀ ਨਿਯੁਕਤ ਕੀਤਾ ਗਿਆ ਹੈ, ਜੋ ਨਿਯਮਿਤ ਤੌਰ 'ਤੇ ਪ੍ਰਵੇਸ਼ ਉਤਸਵ ਰੱਥ ਦੀ ਨਿਗਰਾਨੀ ਕਰੇਗਾ। ਇੱਕ ਮਹੀਨੇ ਤੱਕ ਚੱਲਣ ਵਾਲਾ ਇਹ ਰੱਥ ਹਰਿਆਣਾ ਸਰਕਾਰ ਦੁਆਰਾ ਪ੍ਰਦਾਨ ਕੀਤੀਆਂ ਜਾਣ ਵਾਲੀਆਂ ਸਾਰੀਆਂ ਸਹੂਲਤਾਂ ਅਤੇ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਨੂੰ ਉਤਸ਼ਾਹਿਤ ਕਰੇਗਾ। ਅੱਜ, ਸਰਕਾਰੀ ਸਕੂਲ ਆਧੁਨਿਕ ਪ੍ਰਾਈਵੇਟ ਸਕੂਲਾਂ ਨਾਲੋਂ ਵੱਧ ਸਹੂਲਤਾਂ ਪ੍ਰਦਾਨ ਕਰਦੇ ਹਨ। ਨਤੀਜੇ ਵਜੋਂ, ਪਿਛਲੇ ਸਾਲ ਜ਼ਿਲ੍ਹੇ ਦੇ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੇ 12ਵੀਂ ਜਮਾਤ ਦੀਆਂ ਬੋਰਡ ਪ੍ਰੀਖਿਆਵਾਂ ਵਿੱਚ ਚੋਟੀ ਦੇ ਸਥਾਨ ਪ੍ਰਾਪਤ ਕੀਤੇ। ਸਾਡਾ ਟੀਚਾ ਹਰ ਕੀਮਤ 'ਤੇ 100% ਦਾਖਲਾ ਅਤੇ ਜ਼ੀਰੋ ਸਕੂਲ ਛੱਡਣ ਦਾ ਟੀਚਾ ਪ੍ਰਾਪਤ ਕਰਨਾ ਹੈ। ਜ਼ਿਲ੍ਹਾ ਸਿੱਖਿਆ ਅਧਿਕਾਰੀ ਨੇ ਦੱਸਿਆ ਕਿ ਇਹ ਰੱਥ ਅਸ਼ਵਨੀ ਪ੍ਰਵੇਸ਼ ਬਾਂਸਲ ਚੈਰੀਟੇਬਲ ਟਰੱਸਟ ਦੀ ਮਦਦ ਨਾਲ ਚਲਾਇਆ ਜਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਪ੍ਰਵੇਸ਼ ਬਾਂਸਲ ਸਿੱਖਿਆ ਦੇ ਖੇਤਰ ਵਿੱਚ ਯੋਗਦਾਨ ਪਾਉਣ ਲਈ ਹਮੇਸ਼ਾ ਤਿਆਰ ਰਹਿੰਦੇ ਹਨ। ਪਿਛਲੇ ਸਾਲ, ਪ੍ਰਵੇਸ਼ ਉਤਸਵ ਰੱਥ ਉਨ੍ਹਾਂ ਦੇ ਸਹਿਯੋਗ ਨਾਲ ਪੂਰਾ ਇੱਕ ਮਹੀਨਾ ਚੱਲਿਆ। ਜ਼ਿਲ੍ਹਾ ਸਿੱਖਿਆ ਅਧਿਕਾਰੀ ਨੇ ਦੱਸਿਆ ਕਿ ਸਕੂਲ ਅਧਿਆਪਕ ਹਰ ਉਸ ਪਿੰਡ ਵਿੱਚ ਰੱਥ ਦੇ ਨਾਲ ਜਾਣਗੇ ਜਿੱਥੇ ਇਹ ਤਿਉਹਾਰ ਨੂੰ ਉਤਸ਼ਾਹਿਤ ਕਰਨ ਲਈ ਜਾਂਦਾ ਹੈ। ਇਸ ਮੌਕੇ 'ਤੇ, ਪ੍ਰਵੇਸ਼ ਉਤਸਵ ਰੱਥ ਦੇ ਜ਼ਿਲ੍ਹਾ ਨੋਡਲ ਅਧਿਕਾਰੀ ਕੁਸ਼ਲ ਕੁਮਾਰ ਸ਼ਰਮਾ ਨੇ ਦੱਸਿਆ ਕਿ ਪ੍ਰਵੇਸ਼ ਉਤਸਵ ਰੱਥ ਲਈ ਇੱਕ ਰੋਡ ਮੈਪ ਤਿਆਰ ਕੀਤਾ ਗਿਆ ਹੈ। ਇਹ ਰੱਥ ਜ਼ਿਲ੍ਹੇ ਦੇ ਹਰ ਪਿੰਡ ਦਾ ਦੌਰਾ ਕਰੇਗਾ ਅਤੇ ਸਥਾਨਕ ਸਕੂਲ ਦੇ ਸਹਿਯੋਗ ਨਾਲ, ਉਸ ਪਿੰਡ ਵਿੱਚ ਜਾਗਰੂਕਤਾ ਪੈਦਾ ਕਰੇਗਾ। ਡਾ. ਵਿਜੇ ਚਾਵਲਾ ਨੇ ਰੱਥ ਤਿਆਰ ਕਰਨ ਵਿੱਚ ਮੁੱਖ ਭੂਮਿਕਾ ਨਿਭਾਈ। ਇਸ ਮੌਕੇ ਜ਼ਿਲ੍ਹਾ ਸਿੱਖਿਆ ਅਧਿਕਾਰੀ ਸੁਭਾਸ਼ ਕੁਮਾਰ, ਜ਼ਿਲ੍ਹਾ ਮੁੱਢਲੀ ਸਿੱਖਿਆ ਅਧਿਕਾਰੀ ਪ੍ਰਮੋਦ ਕੁਮਾਰ, ਜ਼ਿਲ੍ਹਾ ਪ੍ਰੋਜੈਕਟ ਕੋਆਰਡੀਨੇਟਰ ਰਾਜੇਂਦਰ ਆਜ਼ਾਦ, ਸੁਪਰਡੈਂਟ ਸੁਰੇਸ਼ ਕੌਸ਼ਿਕ, ਪ੍ਰਵੇਸ਼ ਬਾਂਸਲ, ਅਸ਼ਵਨੀ ਬਾਂਸਲ, ਬਲਾਕ ਸਿੱਖਿਆ ਅਧਿਕਾਰੀ ਸਿਵਾਨ ਅਨਿਲ ਛਾਬੜਾ, ਨੋਡਲ ਅਧਿਕਾਰੀ ਕੁਸ਼ਲ ਕੁਮਾਰ, ਜ਼ਿਲ੍ਹਾ ਵਿਗਿਆਨ ਮਾਹਿਰ ਸੁਸ਼ੀਲ ਕੁਮਾਰ ਛਤਰਪਾਲ, ਪ੍ਰਵੀਨ ਥਰੇਜਾ, ਰਮੇਸ਼ ਚਾਹਲ, ਡਾ. ਵਿਜੇ ਕੁਮਾਰ ਚਾਵਲਾ, ਅਰੁਣ ਕੁਮਾਰ, ਵਿਨੋਦ ਆਰੀਆ, ਗੁਰਦੀਪ ਸਿੰਘ, ਸੁਨੀਲ ਡਾਂਗੀ, ਫਕੀਰਾ ਚੰਦ, ਰਜਨੀ ਬਾਲਾ, ਰੂਪਾ ਸ਼ਰਮਾ ਆਦਿ ਹਾਜ਼ਰ ਸਨ।



# ਪੈਰਾਮਾਉਂਟ ਇੰਟਰਨੈਸ਼ਨਲ ਸਕੂਲ ਨਰਵਾਣਾ ਦੇ ਸਾਲਾਨਾ ਸਮਾਗਮ ਵਿੱਚ ਸੰਦੇਸ਼ ਗੂੰਜਿਆ

ਨਰਵਾਣਾ, 1 ਅਪ੍ਰੈਲ (ਪ.ਪ.): ਨਰਵਾਣਾ-ਪਟਿਆਲਾ ਰੋਡ 'ਤੇ ਸਥਿਤ ਪੈਰਾਮਾਉਂਟ ਇੰਟਰਨੈਸ਼ਨਲ ਸਕੂਲ ਦਾ ਸਾਲਾਨਾ ਸਮਾਗਮ ਕੱਲ੍ਹ ਸ਼ਾਮ ਬਹੁਤ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਹਰਿਆਣਾ ਦੇ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰੀ ਕ੍ਰਿਸ਼ਨ ਕੁਮਾਰ ਬੇਦੀ ਨੇ ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਵਿਦਿਆਰਥੀਆਂ, ਮਾਪਿਆਂ ਅਤੇ ਅਧਿਆਪਕਾਂ ਨੂੰ ਸੰਬੋਧਨ ਕੀਤਾ। ਆਪਣੇ ਪ੍ਰੇਰਨਾਦਾਇਕ ਭਾਸ਼ਣ ਵਿੱਚ, ਮੰਤਰੀ ਨੇ ਕਿਹਾ ਕਿ ਸਿੱਖਿਆ ਦੇਸ਼ ਦੀ ਤਰੱਕੀ ਅਤੇ ਮਜ਼ਬੂਤ ਭਵਿੱਖ ਲਈ ਸਭ ਤੋਂ ਮਜ਼ਬੂਤ ਨੀਂਹ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਵਿਦਿਆਰਥੀਆਂ ਦਾ ਸੰਪੂਰਨ ਵਿਕਾਸ ਸਿਰਫ਼ ਕਿਤਾਬਾਂ ਤੱਕ ਸੀਮਤ ਨਹੀਂ ਹੋਣਾ ਚਾਹੀਦਾ; ਖੇਡਾਂ, ਕਲਾ, ਸੱਭਿਆਚਾਰ ਅਤੇ ਨੈਤਿਕ ਕਦਰਾਂ-ਕੀਮਤਾਂ ਵੀ ਬਰਾਬਰ ਮਹੱਤਵਪੂਰਨ ਹਨ। ਉਨ੍ਹਾਂ ਕਿਹਾ ਕਿ ਪੇਂਡੂ ਖੇਤਰਾਂ ਦੇ ਸਕੂਲ ਸਿੱਖਿਆ ਦੇ ਨਾਲ-ਨਾਲ ਕਦਰਾਂ-ਕੀਮਤਾਂ ਲਈ ਵੀ ਮਜ਼ਬੂਤ ? ?ਨੀਂਹ ਰੱਖ ਰਹੇ ਹਨ, ਜੋ ਰਾਸ਼ਟਰ ਨਿਰਮਾਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਸਿਰਫ਼ ਮੁੱਲ-ਅਧਾਰਤ ਸਿੱਖਿਆ ਹੀ ਵਿਦਿਆਰਥੀਆਂ ਵਿੱਚ ਦੇਸ਼ ਭਗਤੀ ਅਤੇ ਜ਼ਿੰਮੇਵਾਰੀ ਦੀ ਭਾਵਨਾ ਦੇ ਨਾਲ-ਨਾਲ ਸਫਲਤਾ ਨੂੰ ਉਤਸ਼ਾਹਿਤ ਕਰਦੀ ਹੈ। ਪ੍ਰਧਾਨ ਮੰਤਰੀ ਦੇ ਪ੍ਰੀਖਿਆਵਾਂ 'ਤੇ ਵਿਚਾਰ-ਵਟਾਂਦਰੇ ਪ੍ਰੋਗਰਾਮ ਦਾ ਹਵਾਲਾ ਦਿੰਦੇ ਹੋਏ, ਮੰਤਰੀ ਨੇ ਵਿਦਿਆਰਥੀਆਂ ਨੂੰ ਪ੍ਰੀਖਿਆਵਾਂ ਨੂੰ ਇੱਕ ਜਸ਼ਨ ਵਜੋਂ ਵੇਖਣ ਲਈ ਉਤਸ਼ਾਹਿਤ ਕੀਤਾ, ਨਾ ਕਿ ਇੱਕ ਬੋਝ ਵਜੋਂ। ਉਨ੍ਹਾਂ ਕਿਹਾ ਕਿ ਸਫਲਤਾ ਟੀਚੇ ਨਿਰਧਾਰਤ ਕਰਨ ਅਤੇ ਲਗਾਤਾਰ ਸਖ਼ਤ ਮਿਹਨਤ ਕਰਨ ਨਾਲ ਪ੍ਰਾਪਤ ਹੁੰਦੀ ਹੈ। ਉਨ੍ਹਾਂ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਲਈ ਇੱਕ ਸਕਾਰਾਤਮਕ ਮਾਹੌਲ ਪ੍ਰਦਾਨ ਕਰਨ, ਉਨ੍ਹਾਂ ਦੀਆਂ ਪ੍ਰਤਿਭਾਵਾਂ ਨੂੰ ਪਛਾਣਨ ਅਤੇ ਉਨ੍ਹਾਂ ਨੂੰ ਅੱਗੇ ਵਧਾਉਣ ਲਈ ਉਤਸ਼ਾਹਿਤ ਕਰਨ। ਉਨ੍ਹਾਂ ਸਕੂਲ ਪ੍ਰਬੰਧਨ ਦੀ ਵੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਅਜਿਹੇ ਸਮਾਗਮ ਵਿਦਿਆਰਥੀਆਂ ਦੇ ਆਤਮਵਿਸ਼ਵਾਸ ਨੂੰ ਵਧਾਉਂਦੇ ਹਨ ਅਤੇ ਉਨ੍ਹਾਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਲਈ ਇੱਕ ਪਲੇਟਫਾਰਮ ਪ੍ਰਦਾਨ ਕਰਦੇ ਹਨ। ਜ਼ਿਲ੍ਹਾ ਨਗਰ ਕਮਿਸ਼ਨਰ ਸੁਰੇਂਦਰ ਦੂਹਨ, ਮਾਰਕੀਟ ਕਮੇਟੀ ਦੇ ਚੇਅਰਮੈਨ ਅਮਿਤ ਧਾਕਲ, ਨਗਰ ਪ੍ਰੀਸ਼ਦ ਦੇ ਪ੍ਰਤੀਨਿਧੀ ਵਿਸ਼ਾਲ ਮਿਰਧਾ ਅਤੇ ਉਪ ਚੇਅਰਮੈਨ ਸੱਤਿਆ ਪ੍ਰਕਾਸ਼ ਸੈਣੀ ਸਮੇਤ ਕਈ ਹੋਰ ਪਤਵੰਤੇ ਇਸ ਸਮਾਗਮ ਵਿੱਚ ਮੌਜੂਦ ਸਨ। ਸਕੂਲ ਪ੍ਰਬੰਧਨ, ਸਟਾਫ਼, ਵਿਦਿਆਰਥੀਆਂ ਅਤੇ ਪਿੰਡ ਵਾਸੀਆਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ, ਜਿਸ ਨਾਲ ਸਮਾਗਮ ਹੋਰ ਵੀ ਸ਼ਾਨਦਾਰ ਹੋ ਗਿਆ। ਸਾਲਾਨਾ ਜਸ਼ਨ ਨੇ ਸਿੱਖਿਆ, ਕਦਰਾਂ-ਕੀਮਤਾਂ ਅਤੇ ਰਾਸ਼ਟਰ ਨਿਰਮਾਣ ਦਾ ਇੱਕ ਮਜ਼ਬੂਤ ? ?ਸੰਦੇਸ਼ ਦਿੱਤਾ, ਜਿਸ ਨੇ ਮੌਜੂਦ ਸਾਰਿਆਂ ਨੂੰ ਪ੍ਰੇਰਿਤ ਕੀਤਾ।

# ਸ਼੍ਰੀ ਘੰਟਾਕਰਨ ਮਹਾਵੀਰ ਦੇਵ ਤੀਰਥ ਸਥਾਨ ਦਾ ਸਾਲਾਨਾ ਸਥਾਪਨਾ ਦਿਵਸ ਸਮਾਰੋਹ



ਇੰਦਰੀ, 1 ਅਪ੍ਰੈਲ (ਪ.ਪ.) : ਬਹੁਤ ਪ੍ਰਭਾਵਸ਼ਾਲੀ ਸ਼੍ਰੀ ਘੰਟਾਕਰਨ ਮਹਾਵੀਰ ਦੇਵ ਤੀਰਥ ਸਥਾਨ ਦਾ ਸਾਲਾਨਾ ਸਥਾਪਨਾ ਦਿਵਸ ਸਮਾਰੋਹ, ਸ਼੍ਰੀ ਆਤਮਾ ਮਨੋਹਰ ਜੈਨ ਨਿਰਮਯਮ ਕੇਂਦਰ ਸੇਵਾ ਦਾ ਉਦਘਾਟਨ ਅਤੇ ਸ਼੍ਰੀ ਆਤਮਾ ਮਨੋਹਰ ਜੈਨ ਚੈਰੀਟੇਬਲ ਹਸਪਤਾਲ ਦੀ ਦੂਜੀ ਮੰਜ਼ਿਲ ਦੀ ਉਸਾਰੀ ਦਾ ਉਦਘਾਟਨ ਭਾਰਤ ਸੰਤ ਗੌਰਵ ਸ਼੍ਰੀ ਪੀਯੂਸ਼ ਮੁਨੀ ਜੀ ਮਹਾਰਾਜ ਦੀ ਮੌਜੂਦਗੀ ਵਿੱਚ ਸ਼੍ਰੀ ਆਤਮਾ ਮਨੋਹਰ ਜੈਨ ਆਰਾਧਨਾ ਮੰਦਰ, ਇੰਦਰੀ ਰੋਡ, ਕਰਨਾਲ ਵਿਖੇ ਆਯੋਜਿਤ ਕੀਤਾ ਗਿਆ। ਹਰਿਆਣਾ ਦੇ ਰਾਜਪਾਲ ਪ੍ਰੋਫੈਸਰ ਅਸ਼ੀਮ ਕੁਮਾਰ ਘੋਸ਼ ਨੇ ਮੁੱਖ ਮਹਿਮਾਨ ਵਜੋਂ ਸਮਾਗਮ ਵਿੱਚ ਸ਼ਿਰਕਤ ਕੀਤੀ, ਸੰਤਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦਾ ਆਸ਼ੀਰਵਾਦ ਪ੍ਰਾਪਤ ਕੀਤਾ। ਸ਼੍ਰੀ ਆਤਮਾ ਮਨੋਹਰ ਜੈਨ ਨਿਰਾਮਯਮ ਕੇਂਦਰ ਦਾ ਉਦਘਾਟਨ ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐੱਸ.ਐੱਸ.) ਦੇ ਸਰਕਾਰੀਵਾਹ (ਜਨਰਲ ਸਕੱਤਰ) ਦੀ ਮੌਜੂਦਗੀ ਵਿੱਚ ਕੀਤਾ ਗਿਆ।

ਇਸ ਮੌਕੇ 'ਤੇ ਸ਼ਰਧਾਲੂਆਂ ਨੇ ਚੱਕਰਵਰਤੀ ਯੋਗ ਸਮਰਾਟ ਤ੍ਰਿਪੁਰਾ ਪੀਠਾਧੀਸ਼ਵਰ ਸਵਾਮੀ ਸ਼੍ਰੀ ਹਰਿਓਮ ਜੀ ਮਹਾਰਾਜ, ਗੀਤਾਮਨੀ ਮਹਾਮੰਡਲੇਸ਼ਵਰ ਸਵਾਮੀ ਸ਼੍ਰੀ ਗਿਆਨਾਨੰਦ ਜੀ ਮਹਾਰਾਜ, ਮਹਾਮੰਡਲੇਸ਼ਵਰ ਸਵਾਮੀ ਸ਼੍ਰੀ ਧਰਮਦੇਵ ਜੀ ਮਹਾਰਾਜ, ਮੰਡਲੇਸ਼ਵਰ ਸਵਾਮੀ ਸ਼੍ਰੀ ਸੰਪੂਰਨਾਨੰਦ ਜੀ ਮਹਾਰਾਜ, ਮਹਾਮੰਡਲੇਸ਼ਵਰ ਸਵਾਮੀ ਸ਼੍ਰੀ ਸੰਪੂਰਨਾਨੰਦ ਜੀ ਮਹਾਰਾਜ, ਮਹਾਮੰਡਲੇਸ਼ਵਰ ਸਵਾਮੀ ਸ਼੍ਰੀ ਸੰਪੂਰਨਾਨੰਦ ਜੀ ਮਹਾਰਾਜ ਅਤੇ ਸ਼੍ਰੀ ਜਗਜੀਤ ਸਿੰਘ ਮਹਾਰਾਜ ਜੀ ਮਹਾਰਾਜ ਦੇ ਦਰਸ਼ਨ ਕਰਕੇ ਆਸ਼ੀਰਵਾਦ ਲਿਆ। ਜੀ, ਸ਼੍ਰੀ ਪੀਯੂਸ਼ ਮੁਨੀ ਜੀ ਮਹਾਰਾਜ ਦੇ ਨਾਲ। ਇਸ ਮੌਕੇ ਪ੍ਰਬੰਧਕਾਂ ਨੇ ਰਾਜਪਾਲ ਪ੍ਰੋ.ਅਸ਼ਿਮ ਕੁਮਾਰ ਘੋਸ਼ ਨੂੰ ਦਸਤਾਰ, ਸ਼ਾਲ, ਮਾਲਾ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ।ਇਸ ਮੌਕੇ ਮੇਅਰ ਰੇਣੂ ਬਾਲਾ ਗੁਪਤਾ ਅਤੇ ਹਰਿਆਣਾ ਭਾਸ਼ਣ ਅਤੇ ਸੁਣਨ ਵਾਲੇ ਮੰਦਬੁੱਧੀ ਭਲਾਈ ਕਮੇਟੀ ਦੀ ਉਪ ਪ੍ਰਧਾਨ ਅਤੇ ਚੇਅਰਪਰਸਨ ਮੇਘਾ ਭੰਡਾਰੀ ਨੇ ਪ੍ਰਬੰਧਕਾਂ ਦੀ ਤਰਫੋਂ ਰਾਜਪਾਲ ਦੀ ਪਤਨੀ ਮਿੱਤਰਾ ਘੋਸ਼ ਨੂੰ ਸ਼ਾਲ, ਮਾਲਾ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ 'ਤੇ, ਰਾਜਪਾਲ ਨੇ ਆਪਣੇ ਵਿਵੇਕਸ਼ੀਲ ਫੰਡ ਵਿੱਚੋਂ ਸ਼੍ਰੀ ਆਤਮਾ ਮਨੋਹਰ ਜੈਨ ਅਰਾਧਨਾ ਮੰਦਰ ਨੂੰ 20 ਲੱਖ ਰੁਪਏ ਦਾਨ ਕਰਨ ਦਾ ਐਲਾਨ ਕੀਤਾ। ਇਸ ਸਮਾਗਮ ਵਿੱਚ, ਸਰਕਾਰੀ ਮੁੱਖ ਵ੍ਹਿਪ ਅਤੇ ਇੰਦਰੀ ਦੇ ਵਿਧਾਇਕ ਰਾਮ ਕੁਮਾਰ ਕਸ਼ਯਪ ਨੇ ਵੀ ਆਪਣੇ ਵਿਵੇਕਸ਼ੀਲ ਫੰਡ ਵਿੱਚੋਂ 11 ਲੱਖ ਰੁਪਏ ਦਾਨ ਕਰਨ ਦਾ ਐਲਾਨ ਕੀਤਾ। ਪ੍ਰਬੰਧਕਾਂ ਨੇ ਲੁਧਿਆਣਾ ਦੇ ਉਦਾਰ ਦਾਨੀਆਂ ਕੁਲਦੀਪ ਓਸਵਾਲ ਅਤੇ ਅਨਮੋਲ ਕਵਾਤਰਾ ਨੂੰ ਸੇਵਾ ਰਤਨ ਪੁਰਸਕਾਰ ਨਾਲ ਸਨਮਾਨਿਤ ਕੀਤਾ। ਇਕੱਠ ਨੂੰ ਸੰਬੋਧਨ ਕਰਦੇ ਹੋਏ, ਰਾਜਪਾਲ ਪ੍ਰੋ. ਅਸ਼ੀਮ ਕੁਮਾਰ ਘੋਸ਼ ਨੇ ਹਰਿਆਣਾ ਅਤੇ ਪੂਰੇ ਦੇਸ਼ ਦੇ ਲੋਕਾਂ ਨੂੰ ਮਹਾਵੀਰ ਜਯੰਤੀ 'ਤੇ ਆਪਣੀਆਂ ਸ਼ੁਭਕਾਮਨਾਵਾਂ ਅਤੇ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਇਹ ਪਵਿੱਤਰ ਦਿਨ ਸਾਨੂੰ ਭਗਵਾਨ ਮਹਾਂਵੀਰ ਦੀਆਂ ਸਿੱਖਿਆਵਾਂ ਦੀ ਯਾਦ ਦਿਵਾਉਂਦਾ ਹੈ, ਜਿਨ੍ਹਾਂ ਦਾ ਸੱਚ, ਅਹਿੰਸਾ, ਦਇਆ ਅਤੇ ਸਵੈ-ਅਨੁਸ਼ਾਸਨ ਦਾ ਸੰਦੇਸ਼ ਅੱਜ ਵੀ ਮਨੁੱਖਤਾ ਦਾ ਮਾਰਗਦਰਸ਼ਨ ਕਰਦਾ ਹੈ। ਉਨ੍ਹਾਂ ਕਿਹਾ ਕਿ ਇਹ ਇੱਕ ਸੁੰਦਰ ਸੰਜੋਗ ਹੈ ਕਿ ਸ਼੍ਰੀ ਆਤਮਾ ਮਨੋਹਰ ਜੈਨ ਅਰਾਧਨਾ ਮੰਦਰ ਦਾ ਸਥਾਪਨਾ ਦਿਵਸ ਅਤੇ ਭਗਵਾਨ ਮਹਾਂਵੀਰ ਦੀ ਜਨਮ ਵਰ੍ਹੇਗੰਢ ਇਕੱਠੇ ਮਨਾਈ ਜਾ ਰਹੀ ਹੈ। ਇਨ੍ਹਾਂ ਦੋਵਾਂ ਮੌਕਿਆਂ ਦਾ ਇਹ ਮੇਲ ਇਸ ਪਲ ਨੂੰ ਹੋਰ ਵੀ ਅਧਿਆਤਮਿਕ ਤੌਰ 'ਤੇ ਅਮੀਰ ਅਤੇ ਅਰਥਪੂਰਨ ਬਣਾਉਂਦਾ ਹੈ। ਇਸ ਤੋਂ ਇਲਾਵਾ, ਸ਼੍ਰੀ ਆਤਮਾ ਮਨੋਹਰ ਜੈਨ ਨਿਰਮਯਮ ਕੇਂਦਰ ਦਾ ਵੀ ਅੱਜ ਉਦਘਾਟਨ ਕੀਤਾ ਜਾ ਰਿਹਾ ਹੈ। ਇਹ ਉੱਤਮ ਪਹਿਲ ਕਰਨਾਲ ਅਤੇ ਆਸ ਪਾਸ ਦੇ ਇਲਾਕਿਆਂ ਦੇ ਲੋਕਾਂ ਵਿੱਚ ਸਿਹਤ, ਤੰਦਰੁਸਤੀ ਅਤੇ ਸਮੁੱਚੀ ਤੰਦਰੁਸਤੀ ਨੂੰ ਉਤਸ਼ਾਹਿਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਏਗੀ। ਅੱਜ ਦੇ ਤੇਜ਼ ਰਫ਼ਤਾਰ ਸੰਸਾਰ ਵਿੱਚ, ਅਜਿਹੇ ਕੇਂਦਰ ਸਿਰਫ਼ ਸੰਸਥਾਵਾਂ ਨਹੀਂ ਹਨ ਸਗੋਂ ਉਮੀਦ ਅਤੇ ਇਲਾਜ ਦੇ ਚਾਨਣ ਹਨ। ਉਨ੍ਹਾਂ ਕਿਹਾ ਕਿ ਅਸੀਂ ਅੱਜ ਦੁਨੀਆ ਦੇ ਸਾਹਮਣੇ ਚੁਣੌਤੀਆਂ ਤੋਂ ਅੱਖਾਂ ਮੀਟ ਨਹੀਂ ਸਕਦੇ। ਪੱਛਮੀ ਏਸ਼ੀਆ ਵਿੱਚ ਚੱਲ ਰਿਹਾ ਸੰਕਟ ਇਸ ਗੱਲ ਦੀ ਸਪੱਸ਼ਟ ਯਾਦ ਦਿਵਾਉਂਦਾ ਹੈ ਕਿ ਸ਼ਾਂਤੀ ਕਿੰਨੀ ਨਾਜ਼ੁਕ ਹੋ ਸਕਦੀ ਹੈ। ਅਜਿਹੇ ਅਸ਼ਾਂਤ ਸਮੇਂ ਵਿੱਚ, ਭਗਵਾਨ ਮਹਾਂਵੀਰ ਦੀਆਂ ਸਿੱਖਿਆਵਾਂ ਹੋਰ ਵੀ ਪ੍ਰਸੰਗਿਕ ਹੋ ਜਾਂਦੀਆਂ ਹਨ। ਅਹਿੰਸਾ, ਵਿਭਿੰਨ ਦ੍ਰਿਸ਼ਟੀਕੋਣਾਂ ਲਈ ਸਤਿਕਾਰ ਅਤੇ ਸਦਭਾਵਨਾ 'ਤੇ ਉਨ੍ਹਾਂ ਦਾ ਜ਼ੋਰ ਸ਼ਾਂਤੀ ਅਤੇ ਸਹਿ-ਹੋਂਦ ਵੱਲ ਇੱਕ ਰਸਤਾ ਦਿਖਾਉਂਦਾ ਹੈ। ਉਨ੍ਹਾਂ ਲੋਕਾਂ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਇਨ੍ਹਾਂ ਕਦਰਾਂ-ਕੀਮਤਾਂ ਨੂੰ ਅਪਣਾਉਣ ਅਤੇ ਇੱਕ ਹੋਰ ਦਿਆਲੂ ਅਤੇ ਸਦਭਾਵਨਾਪੂਰਨ ਸਮਾਜ ਦੇ ਨਿਰਮਾਣ ਵਿੱਚ ਯੋਗਦਾਨ ਪਾਉਣ ਦਾ ਸੱਦਾ ਦਿੱਤਾ। ਰਾਜਪਾਲ ਨੇ ਸ਼੍ਰੀ ਆਤਮਾ ਮਨੋਹਰ ਜੈਨ ਆਰਾਧਨਾ ਮੰਦਰ ਦੁਆਰਾ ਕੀਤੀ ਜਾ ਰਹੀ ਸ਼ਾਨਦਾਰ ਸੇਵਾ ਦੀ ਸ਼ਲਾਘਾ ਕੀਤੀ, ਇਹ ਨੋਟ ਕਰਦੇ ਹੋਏ ਕਿ ਸੰਸਥਾ ਕਰਨਾਲ ਅਤੇ ਆਸ ਪਾਸ ਦੇ ਇਲਾਕਿਆਂ ਦੇ ਲੋਕਾਂ ਦੀ ਭਲਾਈ ਲਈ ਨਿਰੰਤਰ ਕੰਮ ਕਰ ਰਹੀ ਹੈ, ਅਧਿਆਤਮਿਕ ਵਿਕਾਸ, ਸਮਾਜ ਸੇਵਾ ਅਤੇ ਭਾਈਚਾਰਕ ਭਲਾਈ ਨੂੰ ਉਤਸ਼ਾਹਿਤ ਕਰ ਰਹੀ ਹੈ। ਅਜਿਹੇ ਯਤਨ ਸੱਚਮੁੱਚ ਨਿਰਸਵਾਰਥ ਸੇਵਾ ਦੀ ਭਾਵਨਾ ਨੂੰ ਦਰਸਾਉਂਦੇ ਹਨ, ਜੋ ਕਿ ਸਭ ਤੋਂ ਵੱਧ ਪ੍ਰਸ਼ੰਸਾ ਦੇ ਹੱਕਦਾਰ ਹੈ। ਉਨ੍ਹਾਂ ਨੇ ਭਗਵਾਨ ਮਹਾਵੀਰ ਦੀਆਂ ਸਿੱਖਿਆਵਾਂ ਨੂੰ ਉਤਸ਼ਾਹਿਤ ਕਰਨ ਅਤੇ ਮਜ਼ਬੂਤ ਕਰਨ ਲਈ ਹਰ ਸੰਭਵ ਤਰੀਕੇ ਨਾਲ ਯੋਗਦਾਨ ਪਾਉਣ ਦਾ ਸੱਦਾ ਦਿੱਤਾ; ਇਹ ਸਿੱਖਿਆਵਾਂ ਸਮਾਨਤਾ, ਨਿਆਂ, ਭਾਈਚਾਰਾ, ਸਮਾਵੇਸ਼, ਦਇਆ ਅਤੇ ਮਨੁੱਖਤਾ ਦੇ ਆਦਰਸ਼ਾਂ ਵਿੱਚ ਡੂੰਘੀਆਂ ਜੜ੍ਹਾਂ ਹਨ। ਰਾਸ਼ਟਰੀ ਸਵੈਮ ਸੇਵਕ ਸੰਘ ਦੇ ਸਰਕਾਰੀਵਾਹ ਦੱਤਾਤ੍ਰੇਯ ਹੋਸਾਬਲੇ ਇਸ ਸਮਾਗਮ ਦੇ ਮੁੱਖ ਬੁਲਾਰੇ ਸਨ। ਉਨ੍ਹਾਂ ਕਿਹਾ ਕਿ ਸੰਤਾਂ, ਰਿਸ਼ੀਆਂ ਅਤੇ ਸੰਤਾਂ ਦੀਆਂ ਸਿੱਖਿਆਵਾਂ ਸਮਾਜ ਲਈ ਪ੍ਰੇਰਨਾਦਾਇਕ ਹਨ। ਉਨ੍ਹਾਂ ਦੀਆਂ ਸਿੱਖਿਆਵਾਂ ਸਮਾਜ ਨੂੰ ਇੱਕ ਨਵੀਂ ਦਿਸ਼ਾ ਦਿੰਦੀਆਂ ਹਨ ਅਤੇ ਦੇਸ਼ ਭਗਤੀ ਦੀ ਭਾਵਨਾ ਨੂੰ ਜਗਾਉਂਦੀਆਂ ਹਨ। ਇਸ ਮੌਕੇ ਵਿਧਾਇਕ ਜਗਮੋਹਨ ਆਨੰਦ, ਮੇਅਰ ਰੇਣੂ ਬਾਲਾ ਗੁਪਤਾ, ਭਾਜਪਾ ਜ਼ਿਲ੍ਹਾ ਪ੍ਰਧਾਨ ਪ੍ਰਵੀਨ ਲਾਠਰ, ਸੰਸਦ ਮੈਂਬਰ ਪ੍ਰਤੀਨਿਧੀ ਕਵਿੰਦਰ ਰਾਣਾ, ਮੁੱਖ ਮੰਤਰੀ ਦੇ ਰਾਜਨੀਤਿਕ ਸਕੱਤਰ ਤਰੁਣ ਭੰਡਾਰੀ, ਹਰਿਆਣਾ ਭਾਸ਼ਣ ਅਤੇ ਸੁਣਨ ਤੋਂ ਅਸਮਰੱਥ ਭਲਾਈ ਕਮੇਟੀ ਦੇ ਉਪ ਪ੍ਰਧਾਨ ਅਤੇ ਚੇਅਰਪਰਸਨ ਮੇਘਾ ਭੰਡਾਰੀ, ਹਰਿਆਣਾ ਸਵੱਛ ਭਾਰਤ ਮਿਸ਼ਨ ਦੇ ਉਪ ਪ੍ਰਧਾਨ ਸੁਭਾਸ਼ ਚੰਦਰ, ਰਾਜੀਵ ਜੈਨ, ਸੁਸ਼ੀਲ ਜੈਨ, ਸਾਬਕਾ ਵਾਈਸ ਚਾਂਸਲਰ ਡਾ. ਰਾਧੇਸ਼ਿਆਮ ਸ਼ਰਮਾ, ਸਾਬਕਾ ਸਪੀਕਰ ਕੁਲਦੀਪ ਸ਼ਰਮਾ, ਵੱਖ-ਵੱਖ ਸਮਾਜਿਕ, ਧਾਰਮਿਕ ਅਤੇ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦੇ ਅਤੇ ਜ਼ਿਲ੍ਹਾ ਪ੍ਰਸ਼ਾਸਨ ਵਿੱਚ ਏਡੀਸੀ ਰਾਹੁਲ ਰਈਆ, ਸੀਈਓ ਜ਼ਿਲ੍ਹਾ ਪ੍ਰੀਸ਼ਦ ਅਮਿਤ ਕੁਮਾਰ ਅਤੇ ਜੈਨ ਮੁਨੀ ਪਰਿਵਾਰ ਸ਼ਾਮਲ ਸਨ।

# ਵਿਧਾਇਕ ਕਬੀਰਪੰਥੀ ਨੇ ਵਾਢੀ ਦੇ ਸੀਜ਼ਨ ਤੋਂ ਪਹਿਲਾਂ ਅਨਾਜ ਮੰਡੀ ਦਾ ਅਚਨਚੇਤ ਨਿਰੀਖਣ ਕੀਤਾ



ਤਾਰਾਵਰੀ, 1 ਅਪ੍ਰੈਲ (ਪ.ਪ.) : ਹਲਕਾ ਵਿਧਾਇਕ ਭਗਵਾਨਦਾਸ ਕਬੀਰਪੰਥੀ ਨੇ ਵਾਢੀ ਦੇ ਸੀਜ਼ਨ ਲਈ ਢੁਕਵੇਂ ਪ੍ਰਬੰਧਾਂ ਨੂੰ ਯਕੀਨੀ ਬਣਾਉਣ ਲਈ ਅਨਾਜ ਮੰਡੀ ਦਾ ਅਚਨਚੇਤ ਨਿਰੀਖਣ ਕੀਤਾ। ਨਿਰੀਖਣ ਦੌਰਾਨ, ਉਨ੍ਹਾਂ ਨੇ ਮਾਰਕੀਟ ਕਮੇਟੀ ਦਫ਼ਤਰ ਵਿਖੇ ਅਧਿਕਾਰੀਆਂ ਅਤੇ ਕਮਿਸ਼ਨ ਏਜੰਟਾਂ ਨਾਲ ਇੱਕ ਮਹੱਤਵਪੂਰਨ ਮੀਟਿੰਗ ਵੀ ਕੀਤੀ, ਜਿੱਥੇ ਮੰਡੀ ਦੀਆਂ ਤਿਆਰੀਆਂ ਦਾ ਵਿਸਥਾਰ ਨਾਲ ਜਾਇਜ਼ਾ ਲਿਆ ਗਿਆ। ਮੀਟਿੰਗ ਵਿੱਚ ਮਾਰਕੀਟ ਕਮੇਟੀ ਤਾਰਾਵੜੀ ਦੇ ਚੇਅਰਮੈਨ ਰਣਦੀਪ ਚੌਧਰੀ, ਉਪ ਚੇਅਰਮੈਨ ਰਾਜੀਵ ਨਾਰੰਗ, ਮੰਡੀ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਸੁਭਾਸ਼ ਗੁਪਤਾ ਸਮੇਤ ਕਈ ਪਤਵੰਤੇ ਸੱਜਣ, ਕਮਿਸ਼ਨ ਏਜੰਟ ਅਤੇ ਕਮੇਟੀ ਮੈਂਬਰ ਮੌਜੂਦ ਸਨ। ਵਿਧਾਇਕ ਭਗਵਾਨਦਾਸ ਕਬੀਰਪੰਥੀ ਨੇ ਕਿਹਾ ਕਿ ਸਰਕਾਰ ਕਿਸਾਨਾਂ ਦੀ ਸਹੂਲਤ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਕਿਸੇ ਵੀ ਕਿਸਾਨ ਜਾਂ ਕਮਿਸ਼ਨ ਏਜੰਟ ਨੂੰ ਵਾਢੀ ਦੇ ਸੀਜ਼ਨ ਦੌਰਾਨ ਕੋਈ ਮੁਸ਼ਕਲ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਮੰਡੀ ਵਿੱਚ ਸਫਾਈ, ਪੀਣ ਵਾਲਾ ਪਾਣੀ, ਬਿਜਲੀ, ਤੋਲ ਅਤੇ ਖਰੀਦ ਪ੍ਰਕਿਰਿਆ ਨੂੰ ਪੂਰੀ ਤਰ੍ਹਾਂ ਸੁਚਾਰੂ ਬਣਾਇਆ ਜਾਵੇ ਤਾਂ ਜੋ ਕਿਸਾਨਾਂ ਨੂੰ ਆਪਣੀ ਉਪਜ ਵੇਚਣ ਵਿੱਚ ਕੋਈ ਮੁਸ਼ਕਲ ਨਾ ਆਵੇ। ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਕਿ ਜੇਕਰ ਕਿਸੇ ਵੀ ਪੱਧਰ 'ਤੇ ਕੋਈ ਲਾਪਰਵਾਹੀ ਪਾਈ ਗਈ ਤਾਂ ਸਬੰਧਤ ਅਧਿਕਾਰੀਆਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਮਾਰਕੀਟ ਕਮੇਟੀ ਦੇ ਚੇਅਰਮੈਨ ਰਣਦੀਪ ਚੌਧਰੀ ਨੇ ਕਿਹਾ ਕਿ ਵਾਢੀ ਦੇ ਸੀਜ਼ਨ ਲਈ ਸਾਰੀਆਂ ਤਿਆਰੀਆਂ ਲਗਭਗ ਪੂਰੀਆਂ ਹੋ ਚੁੱਕੀਆਂ ਹਨ। ਕਿਸਾਨਾਂ ਨੂੰ ਬਿਹਤਰ ਵਾਤਾਵਰਣ ਪ੍ਰਦਾਨ ਕਰਨ ਲਈ ਸੈਨੀਟੇਸ਼ਨ ਸਿਸਟਮ, ਸ਼ੈੱਡ, ਪਾਣੀ ਅਤੇ ਹੋਰ ਸਹੂਲਤਾਂ ਵਿੱਚ ਸੁਧਾਰ ਕੀਤੇ ਜਾ ਰਹੇ ਹਨ। ਵਾਈਸ ਚੇਅਰਮੈਨ ਰਾਜੀਵ ਨਾਰੰਗ ਨੇ ਕਿਹਾ ਕਿ ਮੰਡੀ ਵਿੱਚ ਕਿਸਾਨਾਂ ਅਤੇ ਕਮਿਸ਼ਨ ਏਜੰਟਾਂ ਦੀ ਸਹੂਲਤ ਸਭ ਤੋਂ ਮਹੱਤਵਪੂਰਨ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਸੀਜ਼ਨ ਦੌਰਾਨ ਹਰ ਸਮੱਸਿਆ ਦਾ ਤੁਰੰਤ ਹੱਲ ਕੀਤਾ ਜਾਵੇਗਾ ਅਤੇ ਕਿਸੇ ਨੂੰ ਵੀ ਅਸੁਵਿਧਾ ਨਹੀਂ ਹੋਵੇਗੀ। ਮੰਡੀ ਆੜ੍ਹਤੀਆ ਐਸੋਸੀਏਸ਼ਨ ਦੇ ਪ੍ਰਧਾਨ ਸੁਭਾਸ਼ ਗੁਪਤਾ ਨੇ ਕਿਹਾ ਕਿ ਕਮਿਸ਼ਨ ਏਜੰਟ ਕਿਸਾਨਾਂ ਨੂੰ ਸੁਚਾਰੂ ਖਰੀਦ ਅਤੇ ਸਮੇਂ ਸਿਰ ਭੁਗਤਾਨ ਯਕੀਨੀ ਬਣਾਉਣ ਲਈ ਪ੍ਰਸ਼ਾਸਨ ਨਾਲ ਮਿਲ ਕੇ ਕੰਮ ਕਰਨਗੇ। ਮੀਟਿੰਗ ਦੇ ਅੰਤ ਵਿੱਚ, ਵਿਧਾਇਕ ਨੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਮੰਡੀ ਦਾ ਦੌਰਾ ਕੀਤਾ ਅਤੇ ਮੌਜੂਦ ਅਧਿਕਾਰੀਆਂ ਨੂੰ ਜ਼ਰੂਰੀ ਮਾਰਗਦਰਸ਼ਨ ਦਿੱਤਾ। ਉਨ੍ਹਾਂ ਸਾਰਿਆਂ ਨੂੰ ਅਪੀਲ ਕੀਤੀ ਕਿ ਇਸ ਸੀਜ਼ਨ ਨੂੰ ਕਿਸਾਨਾਂ ਲਈ ਸੁਚਾਰੂ ਅਤੇ ਲਾਭਦਾਇਕ ਬਣਾਉਣ ਲਈ ਮਿਲ ਕੇ ਕੰਮ ਕੀਤਾ ਜਾਵੇ।

# ਸਰਕਾਰ ਦੀ ਵਚਨਬੱਧਤਾ ਨੂੰ ਲਾਗੂ ਕਰਨ ਦਾ ਇੱਕ ਪ੍ਰਭਾਵਸ਼ਾਲੀ ਸਾਧਨ ਹਨ: ਅਨਿਲ ਕੁਮਾਰ ਦੂਨ

ਪਿਹੋਵਾ, 1 ਅਪ੍ਰੈਲ (ਪ.ਪ.) : ਉਪ-ਮੰਡਲ ਅਧਿਕਾਰੀ (ਸਿਵਲ) ਅਨਿਲ ਕੁਮਾਰ ਦੂਨ ਨੇ ਕਿਹਾ ਕਿ ਸਮਾਧਾਨ ਕੈਂਪ ਜ਼ਮੀਨੀ ਪੱਧਰ 'ਤੇ ਚੰਗੇ ਸ਼ਾਸਨ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਲਾਗੂ ਕਰਨ ਦਾ ਇੱਕ ਪ੍ਰਭਾਵਸ਼ਾਲੀ ਸਾਧਨ ਹਨ। ਉਨ੍ਹਾਂ ਸਾਰੇ ਅਧਿਕਾਰੀਆਂ ਨੂੰ ਹੱਲ ਕੈਂਪਾਂ ਵਿੱਚ ਪੈਦਾ ਹੋਣ ਵਾਲੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਹੱਲ ਕਰਨ ਦੀ ਅਪੀਲ ਕੀਤੀ। ਜੇਕਰ ਕੋਈ ਅਧਿਕਾਰੀ ਕਿਸੇ ਵੀ ਪੱਧਰ 'ਤੇ ਲਾਪਰਵਾਹੀ ਕਰਦਾ ਪਾਇਆ ਜਾਂਦਾ ਹੈ, ਤਾਂ ਸਬੰਧਤ ਅਧਿਕਾਰੀ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ।

ਐਸਡੀਐਮ ਅਨਿਲ ਕੁਮਾਰ ਦੂਨ ਸੋਮਵਾਰ ਨੂੰ ਐਸਡੀਐਮ ਦਫ਼ਤਰ ਦੇ ਆਡੀਟੋਰੀਅਮ ਵਿੱਚ ਸਮਾਧਾਨ ਕੈਂਪ ਦੌਰਾਨ ਲੋਕਾਂ ਦੀਆਂ ਸ਼ਿਕਾਇਤਾਂ ਸੁਣ ਰਹੇ ਸਨ। ਇਸ ਤੋਂ ਪਹਿਲਾਂ, ਐਸਡੀਐਮ ਅਨਿਲ ਕੁਮਾਰ ਦੂਨ ਨੇ ਵੱਖ-ਵੱਖ ਵਿਭਾਗਾਂ ਦੀਆਂ ਸ਼ਿਕਾਇਤਾਂ ਸੁਣੀਆਂ ਅਤੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਇਨ੍ਹਾਂ ਮੁੱਦਿਆਂ ਨੂੰ ਹੱਲ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਨੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਮੁੱਦਿਆਂ ਦੇ ਹੱਲ ਤੋਂ ਬਾਅਦ ਪੋਰਟਲ 'ਤੇ ਰਿਪੋਰਟ ਅਪਡੇਟ ਕਰਨ ਦੇ ਨਿਰਦੇਸ਼ ਦਿੱਤੇ, ਕਿਉਂਕਿ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਖੁਦ ਸਮਾਧਾਨ ਪੋਰਟਲ ਦੀ ਨਿਯਮਤ ਤੌਰ 'ਤੇ ਸਮੀਖਿਆ ਕਰਦੇ ਹਨ। ਉਨ੍ਹਾਂ ਨੇ ਮੌਕੇ 'ਤੇ ਮੌਜੂਦ ਅਧਿਕਾਰੀਆਂ ਨੂੰ ਪੂਰੀ ਜਾਣਕਾਰੀ ਦੇ ਨਾਲ ਨਿਰਧਾਰਤ ਸਮਾਂ-ਸੀਮਾ ਦੇ ਅੰਦਰ ਸ਼ਿਕਾਇਤਾਂ ਦਾ ਹੱਲ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਅਧਿਕਾਰੀਆਂ ਨੂੰ ਵੱਖ-ਵੱਖ ਵਿਭਾਗਾਂ ਤੋਂ ਲੰਬਿਤ ਸ਼ਿਕਾਇਤਾਂ ਦਾ ਜਲਦੀ ਹੱਲ ਕਰਨ ਅਤੇ ਜਨਤਾ ਨੂੰ ਰਾਹਤ ਪ੍ਰਦਾਨ ਕਰਨ ਦੀ ਅਪੀਲ ਕੀਤੀ। ਸਾਰੇ ਵਿਭਾਗ ਮੁਖੀਆਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਹਰੇਕ ਸ਼ਿਕਾਇਤ ਦਾ ਨਿਪਟਾਰਾ ਨਿਰਧਾਰਤ ਸਮਾਂ-ਸੀਮਾ ਦੇ ਅੰਦਰ ਕੀਤਾ ਜਾਵੇ। ਗੁਣਵੱਤਾ ਵਾਲੇ ਏਟੀਆਰ ਪੋਰਟਲ 'ਤੇ ਅਪਲੋਡ ਕੀਤੇ ਜਾਣੇ ਚਾਹੀਦੇ ਹਨ ਤਾਂ ਜੋ ਸ਼ਿਕਾਇਤ ਦੁਬਾਰਾ ਨਾ ਖੁੱਲ੍ਹੇ। ਜਿਨ੍ਹਾਂ ਸ਼ਿਕਾਇਤਾਂ ਦਾ ਹੱਲ ਨਹੀਂ ਹੋ ਸਕਦਾ, ਉਨ੍ਹਾਂ ਨੂੰ ਰੱਦ ਕੀਤੇ ਜਾਣ ਵਜੋਂ ਸ਼੍ਰੇਣੀਬੱਧ ਕੀਤਾ ਜਾਣਾ ਚਾਹੀਦਾ ਹੈ। ਇਸ ਮੌਕੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਮੌਜੂਦ ਸਨ।

# ਨਾਮ ਸਿਮਰਨ, ਸੇਵਾ ਅਤੇ ਗੁਰਬਾਣੀ ਨਾਲ ਜੁੜਨਾ ਹੀ ਜੀਵਨ ਦੀ ਸਫਲਤਾ ਦਾ ਮੂਲ ਮੰਤਰ - ਗਿਆਨੀ ਜਸਬੀਰ ਸਿੰਘ (ਚਾਕਰ)

ਜਗਾਧਰੀ, 1 ਅਪ੍ਰੈਲ (ਪ.ਪ.) : ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਗੁਰੂ ਅਰਜੁਨ ਨਗਰ, ਛੋਟੀ ਲਾਈਨ ਜਗਾਧਰੀ ਵਿਖੇ ਖਾਲਸਾ ਸਾਜਨਾ ਦਿਹਾੜੇ ਨੂੰ ਸਮਰਪਿਤ ਤਿੰਨ ਰੋਜ਼ਾ ਵਿਸ਼ਾਲ ਗੁਰਮਤਿ ਕਥਾ ਸਮਾਗਮ ਦੌਰਾਨ ਦੂਜੇ ਦਿਨ ਦੇ ਦੀਵਾਨ ਵੀ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਸਜੇ। ਸੰਗਤਾਂ ਦਾ ਗੁਰਦੁਆਰਾ ਸਾਹਿਬ ਵਿੱਚ ਆਉਣਾ ਜਾਰੀ ਰਿਹਾ ਅਤੇ ਵੱਡੀ ਗਿਣਤੀ ਵਿੱਚ ਸੰਗਤ ਨੇ ਹਾਜ਼ਰੀ ਭਰ ਕੇ ਗੁਰਬਾਣੀ ਕਥਾ ਦਾ ਆਨੰਦ ਮਾਣਿਆ। ਦੀਵਾਨ ਦੀ ਸ਼ੁਰੂਆਤ ਹਜ਼ੂਰੀ ਰਾਗੀ ਭਾਈ ਮੋਹਨ ਸਿੰਘ ਅਤੇ ਭਾਈ ਅਕਾਸ਼ਦੀਪ ਸਿੰਘ ਦੇ ਕੀਰਤਨੀ ਜੱਥੇ ਵੱਲੋਂ ਕੀਰਤਨ ਨਾਲ ਹੋਈ, ਜਿਸ ਨਾਲ ਪੂਰਾ ਦਰਬਾਰ ਗੁਰਬਾਣੀ ਦੇ ਰੰਗ ਵਿੱਚ ਰੰਗਿਆ ਹੋਇਆ ਨਜ਼ਰ ਆਇਆ। ਇਸ ਮੌਕੇ ਪ੍ਰਸਿੱਧ ਕਥਾਵਾਚਕ ਗਿਆਨੀ ਭਾਈ ਜਸਬੀਰ ਸਿੰਘ ਜੀ (ਚਾਕਰ) ਨੇ ਦੂਜੇ ਦਿਨ ਦੀ ਕਥਾ ਦੌਰਾਨ ਸੰਗਤ ਨੂੰ ਗੁਰਮਤਿ ਜੀਵਨ ਦੇ ਅਹਿਮ ਪੱਖਾਂ ਨਾਲ ਜੋੜਦਿਆਂ ਨਾਮ ਸਿਮਰਨ, ਸੇਵਾ ਅਤੇ ਸਾਧ ਸੰਗਤ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਮਨੁੱਖੀ ਜੀਵਨ ਦੀ ਅਸਲੀ ਕਾਮਯਾਬੀ ਗੁਰੂ ਦੀ ਸ਼ਰਨ ਵਿੱਚ ਰਹਿ ਕੇ ਗੁਰਬਾਣੀ ਅਨੁਸਾਰ ਜੀਵਨ ਬਿਤਾਉਣ ਵਿੱਚ ਹੈ।ਉਨ੍ਹਾਂ ਆਪਣੇ ਵਿਚਾਰਾਂ ਵਿੱਚ ਕਿਹਾ ਕਿ ਅੱਜ ਦੇ ਭੌਤਿਕਵਾਦੀ ਯੁੱਗ ਵਿੱਚ ਮਨੁੱਖ ਮਾਇਆ ਦੇ ਮੋਹ ਵਿੱਚ ਫਸ ਕੇ ਆਪਣੀ ਆਤਮਕ ਪਛਾਣ ਨੂੰ ਭੁੱਲਦਾ ਜਾ ਰਿਹਾ ਹੈ। ਇਸ ਤੋਂ ਬਚਣ ਲਈ ਨਾਮ ਸਿਮਰਨ ਅਤੇ ਗੁਰੂ ਨਾਲ ਜੁੜਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਨੇ ਸੰਗਤ ਨੂੰ ਪ੍ਰੇਰਿਤ ਕੀਤਾ ਕਿ ਰੋਜ਼ਾਨਾ ਜੀਵਨ ਵਿੱਚ ਗੁਰਬਾਣੀ ਦਾ ਅਭਿਆਸ ਕੀਤਾ ਜਾਵੇ ਅਤੇ ਸਾਧ ਸੰਗਤ ਨਾਲ ਜੁੜਿਆ ਰਹੇ। ਗਿਆਨੀ ਜਸਬੀਰ ਸਿੰਘ (ਚਾਕਰ) ਨੇ ਨੌਜਵਾਨਾਂ ਨੂੰ ਖਾਸ ਸੰਦੇਸ਼ ਦਿੰਦਿਆਂ ਕਿਹਾ ਕਿ ਨਵੀਂ ਪੀੜ੍ਹੀ ਨੂੰ ਗੁਰਬਾਣੀ, ਸਿੱਖ ਇਤਿਹਾਸ ਅਤੇ ਸਿੱਖੀ ਮਰਿਆਦਾ ਨਾਲ ਜੁੜਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇ ਨੌਜਵਾਨ ਸਿੱਖੀ ਦੇ ਮੂਲ ਸਿਧਾਂਤਾਂ ਨੂੰ ਅਪਣਾਉਣਗੇ ਤਾਂ ਉਹ ਨਾ ਸਿਰਫ਼ ਆਪਣੇ ਜੀਵਨ ਵਿੱਚ ਕਾਮਯਾਬ ਹੋਣਗੇ, ਸਗੋਂ ਸਮਾਜ ਨੂੰ ਵੀ ਸਹੀ ਦਿਸ਼ਾ ਦੇ ਸਕਣਗੇ। ਉਨ੍ਹਾਂ ਨੇ ਸੇਵਾ ਭਾਵਨਾ ਦੀ ਮਹੱਤਤਾ ਬਾਰੇ ਵੀ ਵਿਸਥਾਰ ਨਾਲ ਦੱਸਦਿਆਂ ਕਿਹਾ ਕਿ ਨਿਸ਼ਕਾਮ ਸੇਵਾ ਸਿੱਖੀ ਦਾ ਅਟੁੱਟ ਹਿੱਸਾ ਹੈ ਅਤੇ ਹਰ ਸਿੱਖ ਨੂੰ ਆਪਣੀ ਸਮਰੱਥਾ ਅਨੁਸਾਰ ਸੇਵਾ ਵਿੱਚ ਹਿੱਸਾ ਲੈਣਾ ਚਾਹੀਦਾ ਹੈ।ਸਮਾਗਮ ਦੌਰਾਨ ਗੁਰਮਤਿ ਮੁਕਾਬਲੇ ਵੀ ਜਾਰੀ ਰਹੇ, ਜਿਨ੍ਹਾਂ ਵਿੱਚ ਬੱਚਿਆਂ ਅਤੇ ਨੌਜਵਾਨਾਂ ਨੇ ਵੱਡੇ ਉਤਸ਼ਾਹ ਨਾਲ ਭਾਗ ਲਿਆ। ਇਸ ਤੋਂ ਇਲਾਵਾ ਗੁਰੂ ਕਾ ਲੰਗਰ ਅਟੁੱਟ ਵਰਤਾਇਆ ਗਿਆ, ਜਿਸ ਵਿੱਚ ਸੰਗਤ ਵੱਲੋਂ ਬੜੇ ਪਿਆਰ ਨਾਲ ਸੇਵਾ ਨਿਭਾਈ ਗਈ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸਾਧ ਸੰਗਤ ਨੂੰ ਅਪੀਲ ਕੀਤੀ ਗਈ ਕਿ ਤੀਜੇ ਅਤੇ ਆਖ਼ਰੀ ਦਿਨ ਦੇ ਦੀਵਾਨਾਂ ਵਿੱਚ ਵੀ ਵੱਧ ਤੋਂ ਵੱਧ ਗਿਣਤੀ ਵਿੱਚ ਹਾਜ਼ਰੀ ਭਰ ਕੇ ਗੁਰਬਾਣੀ ਕਥਾ ਦਾ ਲਾਭ ਲਿਆ ਜਾਵੇ। ਸਮਾਗਮ ਨੂੰ ਲੈ ਕੇ ਸੰਗਤ ਵਿੱਚ ਲਗਾਤਾਰ ਉਤਸ਼ਾਹ ਵਧਦਾ ਜਾ ਰਿਹਾ ਹੈ ਅਤੇ ਇਲਾਕੇ ਵਿੱਚ ਧਾਰਮਿਕ ਮਾਹੌਲ ਬਣਿਆ ਹੋਇਆ ਹੈ।

# ਭਾਜਪਾ ਸਰਕਾਰ ਅਧੀਨ ਸਮਾਜ ਦਾ ਹਰ ਵਰਗ ਨਾਖੁਸ਼ ਹੈ: ਪਰਾਗ ਗਾਬਾ



ਕਰਨਾਲ, 1 ਅਪ੍ਰੈਲ (ਪ.ਪ.) ਜ਼ਿਲ੍ਹਾ ਕਾਂਗਰਸ ਕਮੇਟੀ ਦੇ ਸ਼ਹਿਰੀ ਪ੍ਰਧਾਨ ਪਰਾਗ ਗਾਬਾ ਨੇ ਭਾਜਪਾ ਸਰਕਾਰ 'ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਸਮਾਜ ਦਾ ਹਰ ਵਰਗ ਇਸ ਸਮੇਂ ਮਹਿੰਗਾਈ ਤੋਂ ਪੀੜਤ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਸਰਕਾਰ ਦੀਆਂ ਨੀਤੀਆਂ ਆਮ ਆਦਮੀ ਦੀ ਆਰਥਿਕ ਸਥਿਤੀ ਨੂੰ ਲਗਾਤਾਰ ਵਿਗਾੜ ਰਹੀਆਂ ਹਨ। ਗਾਬਾ ਨੇ ਕਿਹਾ ਕਿ ਕਿਸਾਨ, ਮਜ਼ਦੂਰ, ਕਾਰੋਬਾਰੀ ਅਤੇ ਕਰਮਚਾਰੀ ਸਾਰੇ ਇਸ ਸਰਕਾਰ ਤੋਂ ਨਾਖੁਸ਼ ਹਨ। ਵਧਦੀ ਮਹਿੰਗਾਈ ਨੇ ਗਰੀਬਾਂ ਦੀ ਕਮਰ ਤੋੜ ਦਿੱਤੀ ਹੈ, ਜਿਸ ਨਾਲ ਰੋਜ਼ਾਨਾ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨਾ ਮੁਸ਼ਕਲ ਹੋ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਰੁਪਏ ਦੀ ਕੀਮਤ ਲਗਾਤਾਰ ਡਿੱਗ ਰਹੀ ਹੈ, ਜਿਸ ਨਾਲ ਸਥਿਤੀ ਹੋਰ ਵੀ ਵਿਗੜ ਗਈ ਹੈ। ਉਨ੍ਹਾਂ ਅਨੁਸਾਰ, 1 ਮਾਰਚ ਨੂੰ ਡਾਲਰ ਦੀ ਕੀਮਤ 91.06 ਸੀ, ਅਤੇ ਹੁਣ ?94.86 ਹੋ ਗਈ ਹੈ। ਉਨ੍ਹਾਂ ਨੇ ਪੈਟਰੋਲ 'ਤੇ 10 ਰੁਪਏ ਦੀ ਐਕਸਾਈਜ਼ ਡਿਊਟੀ ਘਟਾਉਣ ਦੇ ਸਰਕਾਰ ਦੇ ਐਲਾਨ ਨੂੰ ਸਿਰਫ਼ ਦਿਖਾਵਾ ਦੱਸਿਆ। ਉਨ੍ਹਾਂ ਕਿਹਾ ਕਿ ਭਾਰਤ ਆਪਣੇ ਕੱਚੇ ਤੇਲ ਦਾ ਲਗਭਗ 85 ਪ੍ਰਤੀਸ਼ਤ ਵਿਦੇਸ਼ਾਂ ਤੋਂ ਆਯਾਤ ਕਰਦਾ ਹੈ ਅਤੇ ਇਸਦਾ ਭੁਗਤਾਨ ਡਾਲਰਾਂ ਵਿੱਚ ਕੀਤਾ ਜਾਂਦਾ ਹੈ। ਇਸ ਲਈ, ਡਾਲਰ ਵਿੱਚ ਵਾਧਾ ਆਪਣੇ ਆਪ ਹੀ ਤੇਲ ਦੀਆਂ ਕੀਮਤਾਂ ਨੂੰ ਵਧਾਉਂਦਾ ਹੈ, ਜਿਸ ਨਾਲ ਰਾਹਤ ਦੇ ਪ੍ਰਭਾਵ ਨੂੰ ਖਤਮ ਕੀਤਾ ਜਾਂਦਾ ਹੈ। ਉਨ੍ਹਾਂ ਅੱਗੇ ਕਿਹਾ ਕਿ 2008 ਦੇ ਵਿਸ਼ਵ ਆਰਥਿਕ ਸੰਕਟ ਦੌਰਾਨ ਭਾਰਤ ਨੂੰ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ ਸੀ, ਪਰ ਇਸਦਾ ਆਰਥਿਕ ਪ੍ਰਬੰਧਨ ਮਜ਼ਬੂਤ ਸੀ।

## ਕੁੜੀਆਂ ਨੂੰ ਕੁੱਖਾਂ 'ਚ ਕਤਲ ਕਰਵਾ ਦੇਣਾ ਸਮਾਜ ਦੇ ਮੱਥੇ ਉੱਤੇ ਕਲੰਕ

ਧੀਆਂ ਧਿਆਣੀਆਂ ਦੀ ਸਲਾਮਤੀ ਲਈ ਅਨੰਤ ਉਪਰਾਲੇ ਹੋ ਰਹੇ ਹਨ। ਕੁੜੀਆਂ ਨੂੰ ਕੁੱਖਾਂ 'ਚ ਕਤਲ ਕਰਵਾ ਦੇਣਾ ਸਮਾਜ ਦੇ ਮੱਥੇ ਉੱਤੇ ਕਲੰਕ ਹੈ। ਇਸ ਦੁਖਦਾਈ ਵਰਤਾਰੇ ਨਾਲ ਔਰਤ-ਮਰਦ ਅਨੁਪਾਤ ਵਿੱਚ ਅਸਾਵਾਂਪਨ ਪੈਦਾ ਹੋਇਆ ਹੈ। ਇਹ ਵੀ ਦੇਖਣ 'ਚ ਆਇਆ ਹੈ ਕਿ ਪੜ੍ਹੇ-ਲਿਖੇ ਤੇ ਸਾਧਨ ਭਰਪੂਰ ਲੋਕ ਕੰਨਿਆ ਭਰੂਣ ਹੱਤਿਆ ਜਿਹੀ ਸਮਾਜਕ ਬੁਰਾਈ 'ਚ ਵਧੇਰੇ ਸ਼ਾਮਲ ਹਨ। ਇਸ ਵਾਰ ਜਨਗਣਨਾ 2011 ਦੇ ਅੰਕੜਿਆਂ ਮੁਤਾਬਿਕ ਪੰਜਾਬ ਵਿੱਚ ਲੜਕੀਆਂ ਦੀ ਗਿਣਤੀ 'ਚ ਸਾਕਾਰਾਤਮਕ ਸੁਧਾਰ ਹੋਇਆ ਹੈ। ਲੜਕੀ ਅਨੁਪਾਤ 'ਚ ਵਾਧਾ ਪੰਜਾਬ ਸਰਕਾਰ, ਸਮਾਜਕ ਤੇ ਧਾਰਮਿਕ ਸੰਸਥਾਵਾਂ ਦੇ ਸਾਰਥਕ ਯਤਨਾਂ ਕਾਰਨ ਸੰਭਵ ਹੋ ਸਕਿਆ ਹੈ। ਕੰਨਿਆ ਭਰੂਣ ਹੱਤਿਆ ਲਈ ਬਹੁਤ ਸਾਰੇ ਸਮਾਜਕ ਤੇ ਆਰਥਿਕ ਕਾਰਨ ਜ਼ਿੰਮੇਵਾਰ ਹਨ। ਸਭ ਤੋਂ ਵੱਡਾ ਕਾਰਨ ਮੌਜੂਦਾ ਨੁਕਸਦਾਰ ਵਿਆਹ ਰਸਮਾਂ ਹਨ। ਧੀਆਂ ਦੀ ਰਖਵਾਲੀ ਲਈ ਤਰੁੱਟੀਆਂ ਤੇ ਕੁਰੀਤੀਆਂ ਭਰਪੂਰ ਮੌਜੂਦਾ ਵਿਆਹ-ਰਸਮਾਂ ਨੂੰ ਬਦਲ ਦੇਣ ਦੀ ਲੋੜ ਹੈ। ਸਾਡੇ ਸਮਾਜ ਨੂੰ ਨਵਾਂ 'ਵਿਆਹ-ਮਾਡਲ' ਤਿਆਰ ਕਰਨ ਦੀ ਜ਼ਰੂਰਤ ਹੈ। ਇਹ ਵਿਆਹ ਮਾਡਲ ਅਤੀ ਸਾਦਾ ਹੋਵੇ। ਇਸ ਨਵੇਂ ਵਿਆਹ-ਮਾਡਲ ਅਨੁਸਾਰ ਵਿਆਹ ਰਸਮ ਦਾ ਸਮੁੱਚਾ ਆਯੋਜਨ ਲੜਕੇ ਦੇ ਮਾਪੇ ਕਰਨ। ਵਿਆਂਦੜ ਲੜਕੀ ਦੇ ਮਾਪੇ ਇਸ ਵਿਆਹ 'ਚ ਕੇਵਲ ਸਤਿਕਾਰਤ ਮਹਿਮਾਨਾਂ ਵਜੋਂ ਸ਼ਾਮਲ ਹੋਣ। ਲੜਕੀ-ਲੜਕੇ ਦੀ ਦੇਖਾ-ਦਿਖਾਈ ਘਰ 'ਚ ਹੀ ਰੱਖੀ ਜਾਵੇ। ਦੇਖਾ-ਦਿਖਾਈ ਦੀ ਰਸਮ 'ਚ ਪੰਜ ਤੋਂ ਵੱਧ ਵਿਅਕਤੀ ਸ਼ਾਮਲ ਨਾ ਹੋਣ। ਸਾਨੂੰ ਵਿਆਹ-ਘਰ (ਮੈਰਿਜ-ਪੈਲੇਸ) ਸੱਭਿਆਚਾਰ ਬੰਦ ਕਰ ਦੇਣਾ ਚਾਹੀਦਾ ਹੈ। ਵਿਆਹ ਰਸਮਾਂ ਘਰਾਂ ਅੰਦਰ ਨਿਭਾਈਆਂ ਜਾਣ। ਬਰਾਤ ਵਿੱਚ ਕੇਵਲ ਲੜਕਾ, ਮਾਂ-ਬਾਪ ਤੇ ਸਕੇ ਭਾਈ-ਭੈਣਾਂ ਸ਼ਾਮਲ ਹੋਣ ਤੇ ਇਹ ਗਿਣਤੀ ਗਿਆਰਾਂ ਤੋਂ ਵੱਧ ਨਾ ਹੋਵੇ। ਕਿਸੇ ਵੀ ਤਰ੍ਹਾਂ ਦਾ ਦਾਜ-ਦਹੇਜ, ਕਾਰਾਂ, ਮੋਟਰਸਾਈਕਲ, ਸੋਫਾ ਸੈੱਟ, ਮੇਜ਼, ਕੁਰਸੀਆਂ ਆਦਿ ਦੇਣ-ਲੈਣ 'ਤੇ ਸਖ਼ਤ ਪਾਬੰਦੀ ਹੋਵੇ। ਵਿਆਂਦੜ ਮੁੰਡੇ ਦੇ ਮਾਪੇ ਤੇ ਬਾਕੀ ਓੜਮੇ-ਕੋੜਮੇ ਵਾਲੇ ਛਾਪਾਂ-ਛੱਲੇ, ਖੇਸ-ਕੰਬਲ ਤੇ ਹੋਰ ਤੋਹਫੇ ਲੈਣੇ ਬੰਦ ਕਰ ਦੇਣ। ਲੜਕੇ ਦੇ ਮਾਪੇ ਆਪਣੀ ਖ਼ੁਸ਼ੀ ਤੇ ਸਮਰੱਥਾ ਮੁਤਾਬਕ ਘਰ ਆਈ ਨੂੰਹ-ਰਾਣੀ ਲਈ ਲੋੜੀਂਦੀਆਂ ਵਸਤਾਂ ਤੋਹਫੇ ਵਜੋਂ ਭੇਟ ਕਰਨ। ਲੜਕੀ ਦੇ ਵਿਆਹ ਉਪਰੰਤ ਲੰਬੇ ਸਮੇਂ 'ਤੇ ਆਉਣ ਵਾਲੇ ਖਰਚੇ ਜੋ ਮਾਪਿਆਂ ਨੂੰ ਰੀਤੀ-ਰਿਵਾਜਾਂ ਦੀ ਆੜ 'ਚ ਨਿਭਾਉਣੇ ਹੁੰਦੇ ਹਨ, ਵੀ ਖ਼ਤਮ ਕਰ ਦੇਣੇ ਚਾਹੀਦੇ ਹਨ। ਵਿਆਹ ਤੋਂ ਬਾਅਦ ਨੂੰਹ-ਰਾਣੀ ਦਾ ਪੈਰ ਭਾਰਾ ਹੋਇਆ ਹੈ ਘਰ 'ਚ ਨਵੇਂ ਜੀਅ ਦੀ ਆਮਦ ਹੋਣੀ ਹੈ, ਇਸ ਲਈ ਬੱਚੇ ਦੀ ਜਨਣ-ਪ੍ਰਕਿਰਿਆ ਦੀ ਨਿਗਰਾਨੀ ਸਹੁਰਾ ਪਰਿਵਾਰ ਆਪਣੀ ਦੇਖ-ਰੇਖ ਅਧੀਨ ਕਰਵਾਉਣ। ਲੜਕੀ ਦੇ ਮਾਪਿਆਂ ਦਾ ਮੁੱਖ ਫਰਜ਼ ਲੜਕੀ ਦੇ ਤਾਲੀਮ ਪ੍ਰਾਪਤ ਕਰਨ 'ਚ ਮੱਦਦਗਾਰ ਬਣਨਾ ਹੋਵੇ। ਲੜਕੀ ਦੇ ਮਾਪੇ-ਧੀਆਂ ਲਈ ਘਰਾਂ ਅੰਦਰ ਅਜਿਹਾ ਮਾਹੌਲ ਪੈਦਾ ਕਰਨ ਜਿਸ ਨਾਲ ਉਹ ਸੰਪੂਰਨ ਤੇ ਸਮਰੱਥ ਬਣ ਸਕੇ। ਹੁਣ ਇਕ ਨਵੀਂ ਸਮਾਜਿਕ ਤਬਦੀਲੀ ਦੀ ਜ਼ਰੂਰਤ ਹੈ। ਨੰਨ੍ਹੀ ਛਾਂ ਦੀ ਸਲਾਮਤੀ ਲਈ ਸਾਨੂੰ ਦਾਜ-ਦਹੇਜ ਵਾਲੇ ਅਤੀ ਖਰਚੀਲੇ ਵਿਆਹ ਰੀਤੀ-ਰਿਵਾਜ ਬੰਦ ਕਰਨੇ ਹੋਣਗੇ। ਧਾਰਮਿਕ ਤੇ ਸਮਾਜ ਸੇਵੀ ਸੰਸਥਾਵਾਂ ਰਸਮੀ ਤੌਰ 'ਤੇ ਵਿਆਹਾਂ 'ਚ ਮਿਲਣ ਵਾਲੇ ਦਾਜ ਤੇ ਤੋਹਫੇ ਜੋ ਲੜਕੀ ਦੇ ਮਾਪਿਆਂ ਨੂੰ ਮਜਬੂਰੀਵੱਸ ਦੇਣੇ ਪੈ ਰਹੇ ਹਨ, ਨੂੰ 'ਪਾਪ ਦੀ ਕਮਾਈ' ਐਲਾਨੇ ਜਾਣ। ਦਾਜ ਨੂੰ ਭ੍ਰਿਸ਼ਟਾਚਾਰ ਤੇ ਪਾਪ ਦੀ ਕਮਾਈ ਘੋਸ਼ਿਤ ਕਰ ਦਿੱਤਾ ਜਾਵੇ। ਇਹ ਭ੍ਰਿਸ਼ਟ ਤੇ ਪ੍ਰਦੂਸ਼ਤ ਵਿਆਹ ਬੰਦ ਕਰਕੇ ਸਾਦੇ ਵਿਆਹ ਕੀਤੇ ਜਾਣ। ਵਿਆਹ ਰਸਮ ਤੋਂ ਫੌਰਨ ਬਾਅਦ 'ਮੈਰਿਜ ਪੈਲੇਸ' 'ਚ ਵੱਜ ਰਹੇ ਡੀ.ਜੇ. ਦੀ ਕੰਨ ਪਾਟਵੀਂ ਆਵਾਜ਼ ਦਿਲ ਕੰਬਾਊ ਹੁੰਦੀ ਹੈ। ਧੀਆਂ ਦੀ ਸਲਾਮਤੀ ਲਈ ਸਾਨੂੰ ਮੌਜੂਦਾ ਵਿਆਹ ਰਿਵਾਜ ਬਦਲ ਕੇ ਨਵੇਂ 'ਵਿਆਹ-ਮਾਡਲ' ਅਪਣਾਉਣ 'ਚ ਪਹਿਲ ਕਰਨੀ ਹੋਵੇਗੀ। ਧੀਆਂ ਤੋਂ ਬਾਅਦ 'ਚ ਸਾਡੇ ਰੁੱਖ ਵੀ ਸੁਰੱਖਿਅਤ ਨਹੀਂ ਹਨ। ਖੇਤਾਂ 'ਚ ਖੜ੍ਹੇ ਰੁੱਖ ਸਾਲ 'ਚ ਦੋ ਵਾਰ ਅੱਗ 'ਚ ਝੁਲਸ ਜਾਂਦੇ ਹਨ। ਹੁਣ ਰੁੱਖਾਂ 'ਤੇ ਵੀ ਡਾਕੇ ਪੈਣ ਲੱਗੇ ਹਨ। ਇਸ 24 ਮਈ ਦੀ ਰਾਤ ਨੂੰ ਗਰਮ ਰੁੱਤ ਦਾ ਪਹਿਲਾ ਝੱਖੜ ਆਇਆ। ਇਸ ਝੱਖੜ-ਹਨੇਰੀ ਕਾਰਨ ਸੜਕਾਂ, ਸੂਇਆਂ ਤੇ ਨਹਿਰਾਂ ਕਿਨਾਰੇ ਖੜ੍ਹੇ ਰੁੱਖਾਂ ਦੇ ਟਾਹਣੇ ਟੁੱਟ-ਭੱਜ ਗਏ। ਸਵੇਰ ਸਾਰ ਇਨ੍ਹਾਂ ਦਰੱਖਤਾਂ ਉੱਤੇ ਕੁਹਾੜੇ-ਆਰੀਆਂ ਚੱਲ ਰਹੇ ਸਨ। ਪਹਿਲਾਂ ਕੇਵਲ ਗਰੀਬ ਲੋਕ ਚੁੱਲ੍ਹਾ ਤਪਾਉਣ ਖਾਤਰ ਬਾਲਣ ਇਕੱਠਾ ਕਰਨ ਲਈ ਇਨ੍ਹਾਂ ਦਰੱਖਤਾਂ ਦੇ ਟੁੱਟੇ ਟਾਹਣੇ-ਟਾਹਣੀਆਂ ਕੱਟਦੇ ਸਨ। ਇਸ ਵਾਰ ਦ੍ਰਿਸ਼ ਵੱਖਰਾ ਸੀ। ਸੜਕਾਂ ਤੋਂ ਲੋਕ ਰੁੱਖਾਂ ਦੇ ਟਾਹਣੇ ਕੱਟ ਕੇ ਟਰਾਲੀਆਂ 'ਚ ਲੱਦ ਰਹੇ ਸਨ। ਸਮੁੱਚਾ ਦ੍ਰਿਸ਼ ਜਨਤਕ ਰੁੱਖਾਂ 'ਤੇ ਡਾਕਾ ਪੈਣ ਵਰਗਾ ਸੀ। ਇੰਜ ਜਾਪਦਾ ਸੀ ਜਿਵੇਂ ਵਣ ਵਿਭਾਗ ਦੇ ਅਧਿਕਾਰੀ ਤੇ ਕਰਮਚਾਰੀ ਲੰਮੀਆਂ ਤਾਣ ਕੇ ਸੁੱਤੇ ਪਏ ਹੋਣ। ਝੱਖੜ ਦੀ ਆੜ 'ਚ ਚੰਗੇ ਭਲੇ ਰੁੱਖ ਕਤਲ ਹੋ ਰਹੇ ਸਨ। ਇੱਥੇ ਹੀ ਬੱਸ ਨਹੀਂ, ਜਨਤਕ ਥਾਵਾਂ 'ਤੇ ਖੜ੍ਹੇ ਰੁੱਖ ਸੁਰੱਖਿਅਤ ਨਹੀਂ ਹਨ। ਇਹ ਰੁੱਖ ਰਾਤ-ਬਰਾਤੇ ਲੱਕੜ-ਚੋਰਾਂ ਦੀ ਨਿਗਾਹ 'ਚ ਹੁੰਦੇ ਹਨ। ਕਈ ਰਸੂਖ਼ਦਾਰ ਬੰਦੇ ਕੋਠੀਆਂ ਅੰਦਰ ਟਾਹਲੀ ਦੀ ਲੱਕੜ ਚੜ੍ਹਾਉਣ ਲਈ ਨਹਿਰਾਂ ਕਿਨਾਰੇ ਖੜ੍ਹੇ ਟਾਹਲੀ ਰੁੱਖਾਂ ਨੂੰ ਦਿਨ-ਦਿਹਾੜੇ ਕਟਵਾਉਂਦੇ ਹਨ। ਨਵੇਂ ਰੁੱਖ ਲਾਉਣ ਦੇ ਨਾਲ-ਨਾਲ ਪੁਰਾਣੇ ਦਰੱਖਤਾਂ ਦਾ ਨਿਰੀਖਣ ਤੇ ਨਿਗਰਾਨੀ ਹੋਣੀ ਚਾਹੀਦੀ ਹੈ। ਜੇ ਪੰਜਾਬ 'ਚ ਕੁੜੀਆਂ ਤੇ ਰੁੱਖ ਸੁਰੱਖਿਅਤ ਹੋਣਗੇ ਤਾਂ ਚਿੜੀਆਂ ਦਾ ਰਹਿਣ-ਬਸੇਰਾ ਕਾਇਮ ਹੋ ਸਕੇਗਾ। ਪੰਜਾਬ 'ਚ ਚਿੜੀਆਂ ਦੀ ਗਿਣਤੀ ਵੀ ਲਗਾਤਾਰ ਘੱਟ ਰਹੀ ਹੈ। ਚਿੜੀਆਂ ਲਈ ਆਲ੍ਹਣੇ ਬਣਾਉਣ ਦੀ ਜਗ੍ਹਾ ਨਹੀਂ ਹੈ। ਸ਼ਤੀਰਾਂ ਵਾਲੀਆਂ ਛੱਤਾਂ ਨਹੀਂ ਰਹੀਆਂ, ਇਸੇ ਤਰ੍ਹਾਂ ਤੋਤੇ, ਕਾਂ, ਕਬੂਤਰ, ਘੁੱਗੀਆਂ ਤੇ ਗਟਾਰਾਂ ਵੀ ਘੱਟ ਰਹੀਆਂ ਹਨ। ਪਿੰਡਾਂ ਦੇ ਬੋਹੜ-ਪਿੱਪਲ ਮੋਰਾਂ-ਮੋਰਨੀਆਂ ਤੋਂ ਸੱਖਣੇ ਹਨ। ਚਿੜੀਆਂ ਤੁਹਾਡੇ ਘਰ ਦੀ ਰੌਣਕ ਬਣਨ ਇਸ ਲਈ ਘਰਾਂ ਅੰਦਰ ਆਹਲਣੇ ਬਣਾਉਣ ਦੀ ਜਗ੍ਹਾ ਬਣਾਓ। ਘਰਾਂ ਦੀਆਂ ਛੱਤਾਂ ਉੱਪਰ ਕਿਸੇ ਭਾਂਡੇ 'ਚ ਪਾਣੀ ਭਰ ਕੇ ਰੱਖੋ। ਇਸ ਦੇ ਆਸ-ਪਾਸ ਅਨਾਜ ਦੇ ਦਾਣੇ ਖਿਲਾਰੋ। ਇਸੇ ਤਰ੍ਹਾਂ ਹਰ ਘਰ 'ਚ ਇਕ-ਦੋ ਲੜਕੀਆਂ ਜ਼ਰੂਰ ਜਨਮ ਲੈਣ। ਜੇ ਤੁਹਾਡੀ ਨੂੰਹ-ਰਾਣੀ ਦੀ ਪਹਿਲੀ ਔਲਾਦ ਮੁੰਡਾ ਹੋਵੇ ਤਾਂ ਇਕ ਲੜਕੀ ਪੈਦਾ ਹੋਵੇ ਅਜਿਹਾ ਮਾਹੌਲ ਜ਼ਰੂਰ ਸਿਰਜੋ। ਨਵੇਂ ਰੁੱਖ ਲਾਉਣ ਨਾਲ ਵੱਡੇ ਰੁੱਖਾਂ ਦੇ ਰੱਖਿਅਕ ਵੀ ਬਣੋ। ਹੁਣ ਸਾਨੂੰ 'ਦਾਜ ਹਟਾਓ, ਰੁੱਖ ਬਚਾਓ ਤੇ ਚਿੜੀਆਂ ਲਈ ਘਰਾਂ ਅੰਦਰ ਰਹਿਣ ਦੀ ਜਗ੍ਹਾ ਬਣਾਓ' ਦਾ ਨਾਅਰਾ ਕੰਧਾਂ 'ਤੇ ਲਿਖਣਾ ਹੋਵੇਗਾ। ਕੁੜੀਆਂ ਚਿੜੀਆਂ ਬਿਨਾਂ ਘਰਾਂ 'ਚ ਰੌਣਕ ਨਹੀਂ ਹੁੰਦੀ। ਆਓ ਘਿਸੇ-ਪਿਟੇ ਰੀਤੀ-ਰਿਵਾਜਾਂ ਨੂੰ ਬੰਦ ਕਰ ਦੇਈਏ। ਨਵੀਂ ਤਰ੍ਹਾਂ ਦੇ ਵਿਆਹ ਤੇ ਗੀਤਾਂ ਉਲੀਕੀਏ ਜੋ ਧੀਆਂ ਲਈ ਸੰਜੀਵਨੀ ਬੂਟੀ ਬਣ ਜਾਣ।

## ਖੁੱਲ੍ਹ ਕੇ ਦੱਸੋ ਮੈਨੂੰ ਕੀ ਫ਼ਾਇਦਾ ਹੋਵੇਗਾ ਅਤੇ ਕੀ ਸੇਵਾ ਹੋਵੇਗੀ

ਸ਼ਾਂਤੀਨਗਰ ਬੱਸ ਸਟੈਂਡ ਦੇ ਕੋਲ ਦਿੱਲੀ-ਸਹਾਰਨਪੁਰ ਰੋਡ ਤੇ ਲੋਨੀ, ਗਾਜੀਆਬਾਦ ਸਥਿਤ ਜੀਵਨ ਜਯੋਤੀ ਨਰਸਿੰਗ ਹੋਮ ਦਾ ਨਾਂ ਖੇਤਰ ਵਿੱਚ ਕਿਸੇ ਵਾਕਫ਼ੀਅਤ ਦਾ ਮੋਹਤਾਜ਼ ਨਹੀਂ ਸੀ। ਇਹ ਹਸਪਤਾਲ ਡਾ. ਸੁਮਿਤ ਕੁਮਾਰ ਸ਼ਰਮਾ ਦਾ ਸੀ, ਜਿਸਦੇ ਪ੍ਰਚਾਰ ਵਿੱਚ ਵੀ ਉਹਨਾਂ ਨੇ ਕੋਈ ਕਸਰ ਬਾਕੀ ਨਹੀਂ ਛੱਡੀ ਸੀ। ਛੋਟਾ ਵੱਡਾ ਕੋਈ ਵੀ ਅਜਿਹਾ ਮਰਜ਼ ਨਹੀਂ, ਜਿਸਦਾ ਉਥੇ ਇਲਾਜ ਨਾ ਹੁੰਦਾ ਹੋਵੇ।

ਉਸ ਸ਼ਾਮ ਵੀ ਸੁਮਿਤ ਜੀਵਨ ਜਯੋਤੀ ਨਰਸਿੰਗ ਹੋਮ ਵਿੱਚ ਬੈਠਿਆ ਸੀ ਕਿ 45 ਕੁ ਸਾਲ ਦਾ ਇਕ ਵਿਅਕਤੀ ਉਸ ਕੋਲ ਇਕ ਮਰੀਜ਼ ਦੀ ਹੈਸੀਅਤ ਨਾਲ ਆਇਆ। ਉਸਨੇ ਮਰੀਜ ਸਟੂਲ ਤੇ ਬਿਠਾਇਆ। ਹੌਲੀ ਜਿਹੇ ਬੋਲਿਆ, ਡਾਕਟਰ ਸਾਹਿਬ, ਮੈਂ ਤੁਹਾਡਾ ਬਹੁਤ ਨਾਮ ਸੁਣਿਆ ਹੈ, ਇਸ ਕਰ ਕੇ ਆਇਆ ਹਾਂ।ਮੇਰਾ ਨਾਂ ਸੁਰੇਸ਼ ਗੁਪਤਾ ਹੈ। ਜਹਾਂਗੀਰਪੁਰੀ ਵਿੱਚ ਰਹਿੰਦਾ ਹਾਂ ਅਤੇ ਆਜ਼ਾਦਪੁਰ ਮੰਡੀ ਵਿੱਚ ਟਮਾਟਰਾਂ ਦੀ ਆੜ੍ਹਤ ਕਰਦਾ ਹਾਂ।

ਦਿੱਲੀ ਵਿੱਚ ਮੇਰੇ ਸੈਂਕੜੇ ਮਰੀਜ ਹਨ, ਸੁਮਿਤ ਆਪਣੇ ਲੈਟਰਹੈੱਡ ਤੇ ਉਸਦਾ ਨਾਂ ਲਿਖਦਿਆਂ ਬੋਲਿਆ। ਸੁਮਿਤ ਨੇ ਪਰਚੇ ਤੇ ਉਮਰ ਵੀ ਲਿਖੀ ਸੀ। ਉਸ ਤੋਂ ਬਾਅਦ ਅੱਖਾਂ ਨੂੰ ਦੇਖਦੇ ਹੋਏ ਸਵਾਲ ਕੀਤਾ, ਦੱਸੋ ਕੀ ਸਮੱਸਿਆ ਹੈ। ਡਾਕਟਰ ਸਾਹਿਬ ਮੇਰੀ ਘਰ ਵਾਲੀ ਦਾ ਨਾਂ ਸੁਨੀਤਾ ਹੈ, ਉਸਦੀ ਉਮਰ 42 ਸਾਲ ਹੈ।

ਸੁਮਿਤ ਨੂੰ ਲੱਗਿਆ ਕਿ ਸ਼ਾਇਦ ਇਹ ਆਦਮੀ ਘੱਟ ਸੁਣਦਾ ਹੈ, ਇਸ ਕਰ ਕੇ ਕੁਰਸੀ ਦੀ ਪੁਸ਼ਤ ਨਾਲ ਪਿੱਠ ਟਿਕਾ ਲਈ ਅਤੇ ਇਕ ਇਕ ਸ਼ਬਦ ਤੇ ਜ਼ੋਰ ਦਿੰਦੇ ਬੋਲਿਆ। ਗੁਪਤਾ ਜੀ, ਮੈਂ ਤੁਹਾਡਾ ਮਰਜ਼ ਪੁੱਛਿਆ ਹੈ, ਤੁਹਾਡੀ ਪਤਨੀ ਦਾ ਨਾਂ ਅਤੇ ਉਮਰ ਨਹੀਂ।

ਮੇਰੀ ਪਤਨੀ ਦੀ ਉਮਰ ਨਾਲ ਹੀ ਮੇਰੀ ਪ੍ਰੇਸ਼ਾਨੀ ਜੁੜੀ ਹੈ। ਸੁਨੀਲ ਗੁਪਤਾ ਸੀਮਾ ਤੋਂ ਜ਼ਿਆਦਾ ਗੰਭੀਰ ਹੋ ਗਿਆ। ਸਾਡੇ ਵਿਆਹ ਨੂੰ ਵੀਹ ਸਾਲ ਹੋ ਗਏ ਹਨ ਅਤੇ ਔਲਾਦ ਨਹੀਂ ਹੈ।ਤੁਸੀਂ ਮੇਰੀ ਮਦਦ ਕਰੋ।ਮੈਂ ਕੁਝ ਦਵਾਈਆਂ ਲਿਖ ਦਿੰਦਾ ਹਾਂ, ਉਹਨਾਂ ਦੀ ਮਦਦ ਨਾਲ ਤੁਹਾਡਾ ਸੁਪਨਾ ਪੂਰਾ ਹੋ ਸਕਦਾ ਹੈ। ਜੋ ਕੰਮ ਵੀਹ ਸਾਲ ਤੋਂ ਨਹੀਂ ਹੋ ਸਕਿਆ, ਉਹ ਵੀਹ ਦਿਨ ਵਿੱਚ ਕਿਵੇਂ ਹੋ ਸਕਦਾ ਹੈ।ਗੁਪਤਾ ਸਿੱਧਾ ਸੌਦੇਬਾਜੀ ਤੇ ਉਤਰ ਆਇਆ। ਗੁਪਤਾ ਨੇ ਇਸ ਤੋਂ ਬਾਅਦ ਅਸਲੀ ਧੰਦੇ ਵਾਲੀ ਜ਼ੁਬਾਨ ਬੋਲੀ। ਡਾਕਟਰ ਸਾਹਿਬ ਮੈਂ ਕੋਈ ਬਲੈਕਮੇਅਰ ਨਹੀਂ ਹਾਂ, ਤੁਹਾਡਾ ਰਾਜ਼ ਸੀਨੇ ਵਿੱਚ ਦਬਾਈ ਰੱਖਣ ਦੇ ਲਈ ਪੈਸੇ ਮੰਗਾਂਗਾ। ਇਸ ਤੋਂ ਬਾਅਦ ਡਾਕਟਰ ਨੇ ਉਸ ਦੀ ਸਚਾਈ ਪਰਖਣੀ ਸ਼ੁਰੂ ਕੀਤੀ ਅਤੇ ਯਕੀਨ ਹੋ ਗਿਆ ਕਿ ਇਹ ਆਦਮੀ ਸਹੀ ਹੈ। ਗੱਲ ਅੱਗੇ ਤੁਰੀ। ਜੋ ਵੀ ਮਿਲੇ, ਜਲਦੀ ਮਿਲੇ, ਗੁਪਤਾ ਦੇ ਲਹਿਜੇ ਵਿੱਚ ਉਤਾਵਲਾਪਣ ਝਲਕਣ ਲੱਗਿਆ, ਲੜਕਾ ਮਿਲ ਜਾਵੇ ਤਾਂ ਚੰਗਾ ਹੈ, ਨਾ ਮਿਲੇ ਤਾਂ ਲੜਕੀ ਵੀ ਚੱਲੇਗੀ। ਅਸੀਂ ਤਾਂ ਕੇਵਲ ਸਾਬਤ ਕਰਨਾ ਹੈ ਕਿ ਅਸੀਂ ਬੇਔਲਾਦ ਨਹੀਂ ਹਾਂ। ਸਾਨੂੰ ਸੰਤਾਨ ਸੁਖ ਤੋਂ ਇਲਾਵਾ ਤਿੰਨ ਫ਼ਾਇਦੇ ਹੋਰ ਹੋਣਗੇ। ਸੁਮਿਤ ਨੇ ਗੁਪਤਾ ਦੇ ਚਿਹਰੇ ਤੇ ਨਜ਼ਰਾਂ ਗੱਡ ਕੇ ਕਿਹਾ, ਕਿਹੋ ਜਿਹੇ ਤਿੰਨ ਫ਼ਾਇਦੇ?

ਖੁੱਲ੍ਹ ਕੇ ਦੱਸੋ ਮੈਨੂੰ ਕੀ ਫ਼ਾਇਦਾ ਹੋਵੇਗਾ ਅਤੇ ਕੀ ਸੇਵਾ ਹੋਵੇਗੀ। ਲੜਕੀ ਮਿਲੀ ਤਾਂ ਚਾਰ ਲੱਖ ਅਤੇ ਲੜਕਾ ਮਿਲਿਆ ਤਾਂ ਛੇ ਲੱਖ ਨਕਦ ਦੇਣੇ ਹੋਣਗੇ। ਠੀਕ ਹੈ ਡਾਕਟਰ ਸਾਹਿਬ, ਹੋ ਜਾਵੇਗਾ। ਇਸ ਤੋਂ ਬਾਅਦ ਹੱਥ ਮਿਲਾਏ ਅਤੇ ਗੁਪਤਾ ਆਪਣਾ ਐਡਰੈਸ ਅਤੇ ਫ਼ੋਨ ਨੰਬਰ ਦੇ ਕੇ ਚਲਾ ਗਿਆ।

ਬੇਔਲਾਦ ਬਣ ਕੇ ਜੋ ਵਿਅਕਤੀ ਸੁਮਿਤ ਨੂੰ ਮਿਲਿਆ ਸੀ, ਉਹ ਸੁਨੀਲ ਗੁਪਤਾ ਨਹੀਂ, ਦਿੱਲੀ ਪੁਲਿਸ ਦੀ ਕ੍ਰਾਈਮ ਬ੍ਰਾਂਚ ਦਾ ਹੈਡ ਕਾਂਸਟੇਬਲ ਵਸੀਕ ਅਹਿਮਦ ਸੀ। ਹੋਇਆ ਇ ? ਕਿ ਪਿਛਲੇ ਕੁਝ ਦਿਨਾਂ ਤੋਂ ਕ੍ਰਾਈਮ ਬ੍ਰਾਂਚ ਨੂੰ ਸੂਚਨਾ ਮਿਲ ਰਹੀ ਸੀ ਕਿ ਰਾਸ਼ਟਰੀ ਰਾਜਧਾਨੀ ਖੇਤਰ ਵਿੱਚ ਬੱਚਿਆਂ ਨੂੰ ਵੇਚਣ ਵਾਲਾ ਗਿਰੋਹ ਸਰਗਰਮ ਹੈ।

ਇਸ ਤੋਂ ਬਾਅਦ ਟੀਮ ਬਣਾਈ ਗਈ ਅਤੇ ਸਾਰੇ ਬੱਚੇ ਵੇਚਣ ਵਾਲੇ ਗਿਰੋਹ ਦੀ ਭਾਲ ਲਈ ਸਰਗਰਮ ਹੋ ਗਏ। ਕੜੀ ਨਾਲ ਕੜੀ ਜੁੜਦੀ ਗਈ ਅਤੇ ਫ਼ਿਰ ਇਸ ਸਿਲਸਿਲੇ ਵਿੱਚ ਲੋਨੀ, ਗਾਜੀਆਬਾਦ ਸਥਿਤ ਜੀਵਨ ਜਯੋਤੀ ਨਰਸਿੰਗ ਹੋਮ ਦਾ ਨਾਂ ਸਾਹਮਣੇ ਆਇਆ। ਗੁਪਤ ਸੂਤਰਾਂ ਤੋਂ ਪਤਾ ਲੱਗਿਆ ਕਿ ਨਰਸਿੰਗ ਹੋਮ ਦਾ ਸੰਚਾਲਕ ਡਾ. ਸੁਮਿਤ ਕੁਮਾਰ ਸ਼ਰਮਾ ਬੇਔਲਾਦ ਜੁੜਿਆਂ ਨੂੰ ਬੱਚੇ ਵੇਚਣ ਦਾ ਕੰਮ ਕਰਦਾ ਹੈ। ਉਸਦੇ ਨਰਸਿੰਗ ਹੋਮ ਵਿੱਚ ਅਜਿਹੀਆਂ ਗਰਭਵਤੀ ਔਰਤਾਂ ਦਾ ਮੁਫ਼ਤ ਇਲਾਜ ਅਤੇ ਜਣੇਪਾ ਕਰਵਾਇਆ ਜਾਂਦਾ ਸੀ, ਜੋ ਸੰਤਾਨ ਨਹੀਂ ਚਾਹੁੰਦੀਆਂ ਸਨ। ਜਣੇਪਾ ਹੋਣ ਤੋਂ ਬਾਅਦ ਜੱਚਾ ਚਲੀ ਜਾਂਦੀ ਹੈ ਅਤੇ ਬੱਚਾ ਸੁਮਿਤ ਰੱਖ ਲੈਂਦਾ ਹੈ। ਇਹ ਬੱਚਾ ਕਿਸੇ ਬੇਔਲਾਦ ਜੋੜੇ ਨੂੰ ਉਚੀ ਕੀਮਤ ਤੇ ਵੇਚ ਦਿੱਤਾ ਜਾਂਦਾ ਹੈ।

ਸੂਤਰਾਂ ਤੋਂ ਅਪਰਾਧ ਸ਼ਾਖਾ ਨੂੰ ਇਹ ਵੀ ਜਾਣਕਾਰੀ ਮਿਲੀ ਕਿ ਰੰਗੀਨ ਮਿਜਾਜ਼ ਵਾਲੀਆਂ ਕੁਆਰੀਆਂ ਅਤੇ ਵਿਧਵਾਵਾਂ ਵਿੱਚ ਜੀਵਨ ਜਯੋਤੀ ਨਰਸਿੰਗ ਹੋਮ ਕਾਫ਼ੀ ਲੋਕਪ੍ਰਿਯਾ ਹੈ। ਦੂਜੇ ਸ਼ਹਿਰਾਂ ਤੋਂ ਆ ਕੇ ਰਾਸ਼ਟਰੀ ਰਾਜਧਾਨੀ ਖੇਤਰ ਵਿੱਚ ਨੌਕਰੀ ਕਰਨ ਵਾਲੀਆਂ ਲੜਕੀਆਂ ਅਤੇ ਔਰਤਾਂ ਵੀ ਜੀਵਨ ਜਯੋਤੀ ਨਰਸਿੰਗ ਹੋਮ ਵਿੱਚ ਆਪਣੀਆਂ ਰੰਗੀਨੀਆਂ ਦਾ ਕਲੰਕ ਮਿਟਾਉਣ ਆਉਂਦੀਆਂ ਹਨ।

ਸਮਾਂ ਲੰਘ ਜਾਣ ਤੇ ਜਿਹਨਾਂ ਔਰਤਾਂ ਲਈ ਤਿਆਰ ਹੁੰਦਾ ਸੀ। ਅੰਤ ਅਜਿਹੀਆਂ ਔਰਤਾਂ ਜੋ ਆਪਣੇ ਪਾਪ ਨੂੰ ਦੁਨੀਆਂ ਤੋਂ ਲੁਕੋਣਾ ਚਾਹੁੰਦੀਆਂ ਸਨ, ਉਹਨਾਂ ਲਈ ਇਹ ਨਰਸਿੰਗ ਹੋਮ ਵਰਦਾਨ ਸੀ। ਸੁਨੀਲ ਪੈਸੇ ਲੈ ਕੇ ਉਹਨਾਂ ਨੂੰ ਬੇਔਲਾਦ ਜੋੜਿਆ ਨੂੰ ਦੇ ਦਿੰਦਾ ਸੀ। ਲੜਕੀਆਂ ਅਤੇ ਔਰਤਾਂ ਦੀ ਦੇਖਭਾਲ ਮੁਫ਼ਤ ਕੀਤੀ ਜਾਂਦੀ ਸੀ। ਇਸ ਤੋਂ ਬਾਅਦ 10 ਦਿਨ ਬੀਤ ਗਏ। ਵਸੀਕ ਅਹਿਮਦ ਦੇ ਮੋਬਾਇਲ ਫ਼ੋਨ ਤੇ ਸੁਮਿਤ ਦਾ ਫ਼ੋਨ ਆਇਆ, ਗੁਪਤਾ ਜੀ ਵਧਾਈ ਹੋਵੇ। ਤੁਸੀਂ ਇਕ ਬੇਹੱਦ ਖ਼ੂਬਸੂਰਤ ਅਤੇ ਪਿਆਰੀ ਲੜਕੀ ਦੇ ਪਿਤਾ ਬਣ ਗਏ। ਵਾਹ ਬਹੁਤ ਚੰਗਾ ਹੋਇਆ। ਦੋ ਮਹੀਨੇ ਦੀ ਹੈ। ਅਸੀਂ ਲੜਕੇ ਦੀ ਬਹੁਤ ਭਾਲ ਕੀਤੀ ਪਰ ਮਿਲ ਨਾ ਸਕਿਆ। ਤੁਹਾਨੂੰ ਲੜਕੀ ਹੀ ਲੈਣੀ ਹੋਵੇਗੀ। ਸੁਮਿਤ ਨੇ ਉਸਦੀਆਂ ਭਾਵਨਾਵਾਂ ਨੂੰ ਤਵੱਜੋਂ ਨਾ ਦੇ ਕੇ ਪੁੱਛਿਆ, ਗੁਪਤਾ ਜੀ ਰਕਮ ਤਿਆਰ ਹੈ ਜਾਂ ਬੰਦੋਬਸਤ ਕਰਨਾ ਹੋਵੇਗਾ।ਬਿਲਕੁਲ ਤਿਆਰ ਹੈ ਜੀ। ਵਸੀਕ ਅਹਿਮਦ ਨੇ ਉਤਸ਼ਾਹ ਦਾ ਪ੍ਰਦਰਸ਼ਨ ਕੀਤਾ। ਤਿੰਨ ਲੱਖ ਲੈ ਕੇ ਮੈਂ ਤੁਹਾਡੇ ਨਰਸਿੰਗ ਹੋਮ ਆ ਰਿਹਾ ਹਾਂ। ਰਕਮ ਦੇਣ ਦੀ ਗੱਲ ਬਾਹਰ ਤਹਿ ਕੀਤੀ ਗਈ। ਹੈਡ ਕਾਂਸਟੇਬਲ ਨੇ ਸੂਚਨਾ ਆਪਣੇ ਅਧਿਕਾਰੀਆਂ ਨੂੰ ਦਿੱਤੀ। ਇਸ ਤੋਂ ਬਾਅਦ ਯੋਜਨਾ ਬਣੀ ਅਤੇ ਸਭ ਕੁਝ ਤਹਿ ਹੋ ਗਿਆ। ਸੁਮਿਤ ਨੇ 3 ਵਜੇ ਦਾ ਵਕਤ ਦਿੱਤਾ ਸੀ ਪਰ ਆਇਆ ਉਹ 20 ਮਿੰਟ ਲੇਟ। ਉਸਨੂੰ ਦੇਖਦੇ ਹੀ ਵਸੀਕ ਅਹਿਮਦ ਅਤੇ ਈਦ ਮੁਹੰਮਦ ਕਾਰ ਤੋਂ ਉਤਰ ਕੇ ਉਸਦੇ ਕੋਲ ਪਹੁੰਚੇ। ਸੁਮਿਤ ਨੇ ਈਦ ਅਹਿਮਦ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਿਆ। ਵਸੀਕ ਨੇ ਤੁਰੰਤ ਉਸਦੇ ਮਨ ਤੋਂ ਸ਼ੱਕ ਮਿਟਾਇਆ, ਇਹ ਮੇਰੇ ਕਰੀਬੀ ਦੋਸਤ ਹਨ। ਇਹਨਾਂ ਦੀ ਹੀ ਸਲਾਹ ਤੇ ਅਮਲ ਕਰ ਕੇ ਮੈਂ ਤੁਹਾਡੇ ਤੱਕ ਪਹੁੰਚਿਆ ਹਾਂ। ਪੈਸੇ ਮਿਲ ਗਏ ਤਾਂ ਡਾਕਟਰ ਬੱਚੀ ਲੈਣ ਚਲਿਆ ਗਿਆ। ਦੋ ਮਿੰਟ ਬਾਅਦ ਆਇਆ ਤਾਂ ਉਸ ਦੇ ਹੱਥ ਵਿੱਚ ਇਕ ਛੋਟੀ ਜਿਹੀ ਬੱਚੀ ਸੀ। ਇਸ ਤੋਂ ਬਾਅਦ ਪੁਲਿਸ ਮੌਕੇ ਤੇ ਪਹੁੰਚ ਗਈ।ਪੁਲਿਸ ਨੇ ਦਬੋਚ ਲਿਆ। 28 ਸਾਲਾ ਸੁਮਿਤ ਮੂਲ ਤੌਰ ਤੇ ਉਤਰ ਪ੍ਰਦੇਸ਼ ਦਾ ਰਹਿਣ ਵਾਲਾ ਸੀ। ਉਸਦੇ ਪਿਤਾ ਮਾਮਚੰਦ ਸ਼ਰਮਾ ਔਸਤ ਕਿਸਾਨ ਸਨ। ਬਚਪਨ ਤੋਂ ਹੀ ਸੁਮਿਤ ਪੈਸੇ ਕਮਾਉਣ ਦੀ ਇੱਛਾ ਪਾਲਣ ਵਾਲਾ ਸੀ। ਫ਼ਿਰ ਉਹ ਦਿੱਲੀ ਆ ਗਿਆ। ਦਿੱਲੀ ਵਿੱਚ ਕੰਮ ਲੱਭਿਆ ਅਤੇ ਇਕ ਮੈਡੀਕਲ ਸਟੋਰ ਤੇ ਸੇਲਜ਼ਮੈਨ ਲੱਗ ਗਿਆ। ਡਾਕਟਰਾਂ ਦੇ ਪਰਚੇ ਦੇਖ ਕੇ ਦਵਾਈਆਂ ਦਿੰਦੇ ਹੋਏ ਉਸਦੇ ਦਿਮਾਗ ਵਿੱਚ ਡਾਕਟਰੀ ਕਰਨ ਦਾ ਵਿੱਚਾਰ ਆਇਆ। ਉਸਨੇ ਡਾਕਟਰ ਬਣਨ ਦੀ ਕੋਸ਼ਿਸ਼ ਕੀਤੀ ਅਤੇ ਉਸਨੂੰ 2007 ਵਿੱਚ ਬਿਹਾਰ ਦੇ ਇਕ ਆਯੁਰਵੈਦਿਕ ਕਾਲਜ ਵਿੱਚ ਦਾਖਲਾ ਮਿਲ ਗਿਆ। ਉਹ ਕਾਲਜ ਪ੍ਰਾਈਵੇਟ ਸੀ ਅਤੇ ਖਰਚਾ ਵੀ ਵੱਧ ਸੀ। ਮਹਿੰਗੀ ਫ਼ੀਸ, ਮਹਿੰਗੀਆਂ ਕਿਤਾਬਾਂ ਅਤੇ ਰਹਿਣ ਸਹਿਣ ਦਾ ਖਰਚਾ ਵੱਖਰਾ ਸੀ। ਇਸ ਕਰ ਕੇ ਮਹੀਨੇ ਬਾਅਦ ਉਸਨੇ ਕਾਲਜ ਛੱਡ ਦਿੱਤਾ ਅਤੇ ਫ਼ਿਰ ਦਿੱਲੀ ਆ ਗਿਆ। ਇਸ ਵਾਰ ਉਹ ਦਿਲਸ਼ਾਦ ਗਾਰਡਨ ਆ ਗਿਆ। ਇਸ ਦਰਮਿਆਨ ਉਸਦੀ ਆਸ਼ਕੀ ਰੇਣੂ ਨਾਂ ਦੀ ਲੜਕੀ ਨਾਲ ਚੱਲ ਰਹੀ ਸੀ। ਤੰਗੀਆਂ ਕਾਰਨ ਬਹੁਤ ਦੁਖੀ ਸੀ ਪਰ ਰੇਣੂ ਨੇ ਸਾਥ ਦਿੱਤਾ। ਦੋਵੇਂ ਵਿਆਹ ਕਰਨਾ ਚਾਹੁੰਦੇ ਸਨ ਪਰ ਦੋਵਾਂ ਦੇ ਪਰਿਵਾਰ ਵਾਲੇ ਇਸ ਅੰਤਰ ਜਾਤੀ ਰਿਸ਼ਤੇ ਦੇ ਖਿਲਾਫ਼ ਸਨ। ਦੋਵਾਂ ਨੇ ਪਰਿਵਾਰ ਦੇ ਖਿਲਾਫ਼ ਜਾ ਕੇ ਵਿਆਹ ਕਰ ਲਿਆ। ਆਮਦਨ ਦਾ ਕੋਈ ਠੋਸ ਜ਼ਰੀਆ ਨਹੀਂ ਸੀ। ਇਸ ਕਰ ਕੇ ਉਹਨਾਂ ਨੇ ਦਿਮਾਗੀ ਚਾਲ ਚੱਲੀ ਅਤੇ ਤਿਕੜਮ ਨਾਲ ਡਾਕਟਰ ਬਣਨ ਦਾ ਫ਼ੈਸਲਾ ਕੀਤਾ।

ਮੈਡੀਕਲ ਸਟੋਰ ਤੇ ਕੰਮ ਕਰਨ ਕਰ ਕੇ ਸੁਮਿਤ ਨੂੰ ਦਵਾਈਆਂ ਅਤੇ ਉਸਦੇ ਫ਼ਾਰਮੂਲੇ ਦੀ ਜਾਣਕਾਰੀ ਹੋ ਗਈ ਸੀ। ਉਹ ਇਹ ਜਾਣ ਗਿਆ ਸੀ ਕਿ ਕਿਸ ਫ਼ਾਰਮੂਲੇ ਦੀ ਕਿਹੜੀ ਕਿਹੜੀ ਦਵਾਈ ਇਲਾਜ ਵਿੱਚ ਕੰਮ ਆਉਂਦੀ ਹੈ। ਆਯੁਰਵੈਦਿਕ ਕਾਲਜ ਵਿੱਚ ਇਕ ਮਹੀਨੇ ਦੀ ਪੜ੍ਹਾਈ ਵਿੱਚ ਉਸਨੂੰ ਸਰੀਰਕ ਸਰੰਚਨਾ, ਰੋਗ ਅਤੇ ਇਲਾਜ ਸਬੰਧੀ ਜਾਣਕਾਰੀ ਹੋ ਗਈ ਸੀ।

ਉਹ ਇਹ ਵੀ ਨੋਟ ਕਰ ਰਿਹਾ ਸੀ ਕਿ ਥਾਂ-ਥਾਂ ਨਰਸਿੰਗ ਹੋਮ ਖੁੱਲ੍ਹੇ ਹਨ ਅਤੇ ਸਭ ਚਲਦੇ ਵੀ ਹਨ। ਜਦੋਂ ਕਦੀ ਕੋਈ ਵੱਡਾ ਮਾਮਲਾ ਉਲਝਦਾ ਹੈ ਤਾਂ ਸਿਹਤ ਵਿਭਾਗ ਜਾਂਚ ਆਰੰਭ ਕਰ ਦਿੰਦਾ ਹੈ। ਮਸਲਾ ਪੇਸ਼ ਨਾ ਆਵੇ ਤਾਂ ਕੋਈ ਪੁੱਛਣ ਵਾਲਾ ਨਹੀਂ। ਇਸ ਦੇ ਮੱਦੇਨਜ਼ਰ ਉਸਨੇ ਨਰਸਿੰਗ ਹੋਮ ਖੋਲ੍ਹਿਆ। ਪ੍ਰਚਾਰ ਕੀਤਾ ਅਤੇ ਉਹ ਚੱਲ ਵੀ ਪਿਆ। ਇਸ ਦਰਮਿਆਨ ਦੀਨਾਨਾਥ ਤਿਵਾੜੀ ਵੀ ਨਰਸਿੰਗ ਹੋਮ ਨਾਲ ਜੁੜ ਗਿਆ। ਉਸਨੂੰ ਹਸਪਤਾਲ ਦੇ ਪ੍ਰਚਾਰ ਦਾ ਤਜਰਬਾ ਸੀ, ਉਹ ਸੁਮਿਤ ਦੇ ਕੰਮ ਵੀ ਆਇਆ। ਸੁਮਿਤ ਨੇ ਕੁਸ਼ਲ ਡਾਕਟਰਾਂ ਨਾਲ ਸੰਪਰਕ ਕਰ ਲਿਆ ਤਾਂ ਜੋ ਇਲਾਜ ਸਹੀ ਚੱਲਦਾ ਰਹੇ। ਇਸ ਦਰਮਿਆਨ ਨਿਹਾਰਿਕਾ ਵੀ ਜੁੜ ਗਈ। ਉਹ ਵੀ ਪੈਸੇ ਦੀ ਤੰਗੀ ਕਾਰਨ ਪੜ੍ਹਾਈ ਛੱਡ ਕੇ ਆਈ ਸੀ। ਨਰਸਿੰਗ ਹੋਮ ਵਿੱਚ ਜ਼ਿਆਦਾ ਪੈਸੇ ਕਮਾਉਣ ਦਾ ਵਿੱਚਾਰ ਸੁਮਿਤ ਦੇ ਮਨ ਵਿੱਚ ਉਦੋਂ ਆਇਆ, ਜਦੋਂ ਅਣਚਾਹੇ ਗਰਭ ਤੋਂ ਛੁਟਕਾਰਾ ਪਾਉਣ ਲਈ ਕੁਆਰੀਆਂ ਲੜਕੀਆਂ ਅਤੇ ਵਿਧਵਾਵਾਂ ਉਸਦੀ ਸ਼ਰਨ ਵਿੱਚ ਆਉਣ ਲੱਗੀਆਂ। ਕੁਝ ਅਜਿਹੀਆਂ ਸਨ ਜਿਹਨਾਂ ਦਾ ਗਰਭ ਪੰਜ-ਛੇ ਮਹੀਨੇ ਦਾ ਹੋ ਚੁੱਕਾ ਸੀ ਅਤੇ ਡੇਗਿਆ ਨਹੀਂ ਜਾ ਸਕਦਾ ਸੀ। ਇਸ ਸਮੱਸਿਆ ਲਈ ਨਿਹਾਰਿਕਾ ਅਤੇ ਦੀਨਾਨਾਥ ਨਾਲ ਗੱਲ ਕੀਤੀ ਤਾਂ ਬੇਔਲਾਦ ਜੋੜਿਆਂ ਨੂੰ ਅਜਿਹੇ ਬੱਚੇ ਦੇਣ ਦੀ ਯੋਜਨਾ ਬਣੀ। ਇਸ ਤੋਂ ਬਾਅਦ ਦੀਨਾਨਾਥ ਨੇ ਲੋਨੀ ਦੇ ਇਕ ਪੰਡਤ ਨੂੰ ਵੀ ਇਸ ਗੋਰਖਧੰਦੇ ਵਿੱਚ ਸ਼ਾਮਲ ਕਰ ਲਿਆ। ਇਸ ਤੋਂ ਬਾਅਦ ਤਾਂ ਸੁਮਿਤ ਦਾ ਧੰਦਾ ਸਿਖਰ ਤੇ ਪਹੁੰਚ ਗਿਆ। ਬੱਚਾ ਵੇਚਣ ਲਈ ਸੁਮਿਤ ਨਿਹਾਰਿਕਾ ਨੂੰ ਨਾਲ ਲੈ ਕੇ ਜਾਂਦਾ ਤਾਂ ਜੋ ਉਹਨਾਂ ਨੂੰ ਪਤੀ-ਪਤਨੀ ਸਮਝ ਕੇ ਕੋਈ ਸ਼ੱਕ ਨਾ ਕਰੇ।ਪੁੱਛਗਿੱਛ ਵਿੱਚ ਸੁਮਿਤ ਨੇ ਦੱਸਿਆ ਕਿ ਜੋ ਬੱਚੀ ਉਹ ਕਥਿਤ ਸੁਨੀਲ ਗੁਪਤਾ ਯਾਨਿ ਵਸੀਕ ਨੂੰ ਵੇਚਣ ਜਾ ਰਹੇ ਸਨ, ਉਸਨੂੰ ਦੀਨਾਨਾਥ ਨੇ ਕਿਤਿਉਂ 75 ਹਜ਼ਾਰ ਵਿੱਚ ਖਰੀਦਿਆ ਸੀ। ਇਸ ਸੌਦੇ ਵਿੱਚ ਉਸਨੂੰ 25 ਹਾਰ ਵਿੱਚ ਬੱਚੀ ਵਿਕਣ ਤੋਂ ਬਾਅਦ ਦਿੱਤੇ ਜਾਣੇ ਸਨ।

## ਅੱਲੜ੍ਹ ਉਮਰ ਦੁੱਧ ਦੇ ਉਬਾਲੇ ਵਾਂਗ ਹੁੰਦੀ ਹੈ

ਅੱਲੜ੍ਹ ਉਮਰ ਅਜਿਹੀ ਹੁੰਦੀ ਹੈ ਕਿ ਬੱਚਾ ਨਾ ਤਾਂ ਬਾਲਕ ਹੁੰਦਾ ਹੈ ਤੇ ਨਾ ਹੀ ਬਾਲਗ। ਇਹ ਉਮਰ ਦੁੱਧ ਦੇ ਉਬਾਲੇ ਵਾਂਗ ਹੁੰਦੀ ਹੈ ਤੇ ਬੱਚੇ ਆਪਣੇ-ਆਪ 'ਤੇ ਕਾਬੂ ਨਹੀਂ ਪਾ ਸਕਦੇ। ਹਰ ਮਾਪੇ ਲਈ ਅੱਲੜ੍ਹ ਉਮਰ ਦੇ ਬੱਚੇ ਇਕ ਸਮੱਸਿਆ ਬਣ ਜਾਂਦੇ ਹਨ। ਉਨ੍ਹਾਂ ਨੂੰ ਆਪਣੇ ਬੱਚਿਆਂ ਤੋਂ ਇਹ ਸ਼ਿਕਾਇਤ ਰਹਿੰਦੀ ਹੈ ਕਿ ਉਹ ਉਨ੍ਹਾਂ ਦੀ ਗੱਲ ਨਹੀਂ ਮੰਨਦੇ, ਜਦੋਂ ਕਿ ਬੱਚਿਆਂ ਦਾ ਕਹਿਣਾ ਹੁੰਦਾ ਹੈ ਕਿ ਉਨ੍ਹਾਂ ਦੇ ਮਾਂ-ਬਾਪ ਉਨ੍ਹਾਂ ਦੇ ਹਰ ਕੰਮ ਵਿੱਚ ਦਖਲ ਦਿੰਦੇ ਹਨ। ਦੋਵਾਂ ਦੇ ਆਪਣੇ-ਆਪਣੇ ਵਿਚਾਰਾਂ ਕਾਰਨ ਤਣਾਅ ਉਤਪੰਨ ਹੁੰਦਾ ਹੈ। ਅਜਿਹਾ ਅਕਸਰ ਇਸ ਲਈ ਹੁੰਦਾ ਹੈ ਕਿ ਵਧਦੀ ਉਮਰ ਦੇ ਬੱਚਿਆਂ ਵਿੱਚ ਆਪਣਾ ਇਕ ਨਜ਼ਰੀਆ ਵਿਕਸਿਤ ਹੁੰਦਾ ਹੈ। ਉਹ ਚੀਜ਼ਾਂ ਨੂੰ ਬਰੀਕੀ ਨਾਲ ਵੇਖਦੇ ਹਨ। ਉਹ ਲੋਕਾਂ ਪ੍ਰਤੀ ਆਪਣੀ ਰਾਇ ਦਰਸਾਉਂਦੇ ਹਨ। ਮਾਤਾ-ਪਿਤਾ ਅਜੇ ਵੀ ਉਨ੍ਹਾਂ ਨੂੰ ਛੋਟਾ ਬੱਚਾ ਸਮਝਦੇ ਹਨ ਤੇ ਉਨ੍ਹਾਂ 'ਤੇ ਆਪਣੇ ਵਿਚਾਰ ਠੋਸਦੇ ਹਨ। ਮਾਤਾ-ਪਿਤਾ ਦਾ ਇਹ ਵਰਤਾਓ ਉਨ੍ਹਾਂ ਵਿੱਚ ਬਗ਼ਾਵਤ ਪੈਦਾ ਕਰਦਾ ਹੈ। ਜੇ ਮਾਪੇ ਆਪਣੇ ਵਿਵਹਾਰ ਵਿੱਚ ਥੋੜ੍ਹਾ ਪਰਿਵਰਤਨ ਲਿਆ ਕੇ ਆਪਣੇ ਬੱਚੇ ਦੇ ਵਧਦੇ ਵਿਅਕਤੀਤਵ ਨੂੰ ਸਮਝਣ ਤਾਂ ਇਸ ਤਰ੍ਹਾਂ ਦੀਆਂ ਸਮੱਸਿਆਵਾਂ ਤੋਂ ਬਚਿਆ ਜਾ ਸਕਦਾ ਹੈ। ਅੱਲੜ੍ਹ ਉਮਰ ਦੇ ਬੱਚਿਆਂ ਵਿੱਚ ਹਾਰਮੋਨਜ਼ ਦੁਆਰਾ ਸਰੀਰਕ ਪਰਿਵਰਤਨ ਦੇ ਨਾਲ-ਨਾਲ ਮਾਨਸਿਕ ਪਰਿਵਰਤਨ ਵੀ ਆਉਂਦੇ ਹਨ। ਉਹ ਆਪਣੀ ਕਾਲਪਨਿਕ ਦੁਨੀਆਂ 'ਚ ਵਿਚਰ ਕੇ ਆਪਣੇ-ਆਪ ਨੂੰ ਹੀਰੋ ਸਮਝਣ ਲੱਗਦੇ ਹਨ। ਉਹ ਜ਼ਿਆਦਾ ਸਮਾਂ ਆਪਣੇ ਮਿੱਤਰਾਂ/ਸਹੇਲੀਆਂ ਵਿੱਚ ਬਤੀਤ ਕਰਦੇ ਹਨ। ਅੱਲੜ੍ਹ ਉਮਰ ਦੇ ਬੱਚੇ ਸਜ-ਧਜ ਕੇ ਰਹਿਣਾ ਪਸੰਦ ਕਰਦੇ ਹਨ। ਮੁੰਡਿਆਂ ਦਾ ਕੁੜੀਆਂ ਪ੍ਰਤੀ ਤੇ ਕੁੜੀਆਂ ਦਾ ਮੁੰਡਿਆਂ ਪ੍ਰਤੀ ਆਕਰਸ਼ਿਤ ਹੋਣਾ ਸੁਭਾਵਿਕ ਹੀ ਹੈ। ਲੜਕੀਆਂ ਅੰਦਰ ਸਰੀਰਕ ਤਬਦੀਲੀ ਸ਼ੁਰੂ ਹੋ ਜਾਂਦੀ ਹੈ। ਇਸ ਸਮੇਂ ਲੜਕੀਆਂ ਨੂੰ ਮਾਵਾਂ ਸਹਿਜ ਤਰੀਕੇ ਨਾਲ ਸਮਝਾ ਸਕਦੀਆਂ ਹਨ। ਇਸ ਦੇ ਉਲਟ ਲੜਕੇ ਨੂੰ ਕੌਣ ਸਮਝਾਵੇ? ਇਹ ਮਾਪਿਆਂ ਲਈ ਚਿੰਤਾ ਦਾ ਵਿਸ਼ਾ ਹੈ। ਸਕੂਲਾਂ ਵਿੱਚ ਕਿਸ਼ੋਰ ਸਿੱਖਿਆ ਦੇਣ ਲਈ ਮਹੀਨੇ 'ਚ ਘੱਟੋ-ਘੱਟ ਇਕ ਦਿਨ ਨਿਸ਼ਚਿਤ ਕੀਤਾ ਜਾਣਾ ਚਾਹੀਦਾ ਹੈ। ਛੇਵੀਂ ਜਮਾਤ ਤੋਂ ਅੱਠਵੀਂ ਜਮਾਤ ਤੱਕ ਦੇ ਲੜਕੇ/ ਲੜਕੀਆਂ ਦਾ ਇਕ ਗਰੁੱਪ ਤੇ ਨੌਵੀਂ ਤੋਂ ਬਾਰ੍ਹਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦਾ ਦੂਸਰਾ ਗਰੁੱਪ ਬਣਾ ਦੇਣਾ ਚਾਹੀਦਾ ਹੈ। ਲੜਕਿਆਂ ਨੂੰ ਮਰਦ ਅਧਿਆਪਕ (ਵਿਸ਼ਾ ਮਾਹਿਰ ਤੇ ਹਰਮਨਪਿਆਰਾ) ਤੇ ਲੜਕੀਆਂ ਨੂੰ ਔਰਤ ਅਧਿਆਪਕਾ (ਜੋ ਉਮਰ 'ਚ ਵੱਡੀ/ ਹਰਮਨਪਿਆਰੀ) ਬਹੁਤ ਹੀ ਸੁਚੱਜੇ ਢੰਗ ਨਾਲ ਅੱਲੜ੍ਹ ਉਮਰ ਭਾਵ 11 ਸਾਲ ਤੋਂ ਲੈ ਕੇ 19 ਸਾਲ ਦੀਆਂ ਸਮੱਸਿਆਵਾਂ ਤੇ ਉਨ੍ਹਾਂ ਦੇ ਹੱਲ ਸਬੰਧੀ ਬਰੀਕੀ ਨਾਲ ਜਾਣਕਾਰੀ ਦੇ ਸਕਦਾ/ ਸਕਦੀ ਹੈ। ਕਈ ਲੜਕੇ/ਲੜਕੀਆਂ ਇਸ ਸਬੰਧੀ ਪ੍ਰਸ਼ਨ ਪੁੱਛਣ ਤੋਂ ਸ਼ਰਮਾਉਂਦੇ ਹਨ। ਕਿੰਨਾ ਚੰਗਾ ਹੋਵੇ ਜੇ ਸਕੂਲ ਵਿੱਚ ਦੋ ਬਕਸੇ (ਛੇਵੀਂ ਤੋਂ ਅੱਠਵੀਂ ਜਮਾਤ ਅਤੇ ਨੌਵੀਂ ਤੋਂ ਬਾਰ੍ਹਵੀਂ ਜਮਾਤ) ਦੇ ਅਲੱਗ-ਅਲੱਗ ਸਕੂਲ ਦੀਆਂ ਕੰਧਾਂ 'ਤੇ ਲਗਾ ਦਿੱਤੇ ਜਾਣ। ਇਨ੍ਹਾਂ ਡੱਬਿਆਂ ਵਿੱਚ ਕੋਈ ਵੀ ਵਿਦਿਆਰਥੀ ਆਪਣਾ ਨਾਂ ਤੇ ਜਮਾਤ ਨਾਂ ਲਿਖ ਕੇ ਆਪਣੇ ਪ੍ਰਸ਼ਨਾਂ ਨੂੰ ਡੱਬੇ ਵਿੱਚ ਪਾ ਦੇਵੇ। ਸਬੰਧਤ ਅਧਿਆਪਕ/ਅਧਿਆਪਕਾ ਇਨ੍ਹਾਂ ਪੁੱਛੇ ਪ੍ਰਸ਼ਨਾਂ ਨੂੰ ਘੱਟੋ-ਘੱਟ ਦੋ ਦਿਨ ਪਹਿਲਾਂ ਖੋਲ੍ਹ ਕੇ ਪੜ੍ਹ ਸਕਣ ਤੇ ਸਾਰੇ ਬੱਚਿਆਂ ਦੇ ਸਾਹਮਣੇ ਉਨ੍ਹਾਂ ਪ੍ਰਸ਼ਨਾਂ ਦੇ ਉੱਤਰ ਦੇਣ ਤਾਂ ਜੋ ਸਾਰੇ ਬੱਚਿਆਂ ਨੂੰ ਜਾਣਕਾਰੀ ਮਿਲ ਸਕੇ। ਅੱਲੜ੍ਹ ਬੱਚਿਆਂ ਦੀ ਅਨਰਜੀ ਨੂੰ ਸਹੀ ਦਿਸ਼ਾ ਵੱਲ ਲਾਉਣ ਲਈ ਸਕੂਲਾਂ ਵਿੱਚ ਖੇਡਾਂ/ ਐਨ.ਐਸ.ਐਸ./ਸਕਾਊਟ ਯੂਨਿਟ ਚਲਾਏ ਜਾਣ ਤਾਂ ਜੋ ਉਨ੍ਹਾਂ ਦੀ ਸੋਚ ਉਸਾਰੂ ਕੰਮਾਂ ਵੱਲ ਲਗਾਈ ਜਾ ਸਕੇ। ਲੜਕੇ ਤੇ ਲੜਕੀਆਂ ਨਾਲ ਇਕੋ ਜਿਹਾ ਵਰਤਾਓ ਕਰਨਾ ਚਾਹੀਦਾ ਹੈ। ਲੜਕਿਆਂ ਨੂੰ ਜ਼ਿਆਦਾ ਖੁੱਲ੍ਹ ਦੇਣਾ ਤੇ ਲੜਕੀਆਂ 'ਤੇ ਜ਼ਿਆਦਾ ਪਾਬੰਦੀ ਲਾਉਣਾ, ਦੋਨੋਂ ਖ਼ਤਰਨਾਕ ਹੋ ਸਕਦੇ ਹਨ। ਬਚਪਨ 'ਚ ਪਈਆਂ ਆਦਤਾਂ ਸਦੀਵੀ ਹੁੰਦੀਆਂ ਹਨ, ਇਸ ਲਈ ਮਾਪਿਆਂ ਨੂੰ ਬਚਪਨ ਤੋਂ ਹੀ ਸਾਦੇ ਕੱਪੜੇ ਪਹਿਨਾਉਣੇ ਚਾਹੀਦੇ ਹਨ। ਬੱਚਿਆਂ ਨੂੰ ਕੋਈ ਵੀ ਗੱਲ ਮਨਵਾਉਣ ਲਈ ਮਜਬੂਰ ਨਾ ਕਰੋ। ਆਪਣੀ ਗੱਲ ਨੂੰ ਦਲੀਲ ਨਾਲ ਬੱਚੇ ਨੂੰ ਸਮਝਾਉਣ ਦੀ ਕੋਸ਼ਿਸ਼ ਕਰੋ। ਬੱਚਿਆਂ ਪ੍ਰਤੀ ਤਾਨਾਸ਼ਾਹੀ ਰਵੱਈਆ ਨਾ ਅਪਨਾਓ ਕਿਉਂਕਿ ਇਸ ਨਾਲ ਬੱਚਿਆਂ ਵਿੱਚ ਤੁਹਾਡੇ ਪ੍ਰਤੀ ਵਿਦਰੋਹ ਉਤਪੰਨ ਹੋਣ ਦੀ ਸੰਭਾਵਨਾ ਰਹਿੰਦੀ ਹੈ। ਅਕਸਰ ਮਾਤਾ-ਪਿਤਾ ਦੀ ਇਹ ਆਦਤ ਹੁੰਦੀ ਹੈ ਕਿ ਆਪਣੇ ਬੱਚੇ ਦੀ ਤੁਲਨਾ ਦੂਸਰੇ ਬੱਚਿਆਂ ਨਾਲ ਕਰਦੇ ਹਨ। ਆਪਣੇ ਬੱਚਿਆਂ ਨੂੰ ਸੁਤੰਤਰਤਾ ਦਿਓ ਪਰ ਉਨ੍ਹਾਂ 'ਤੇ ਤਿਰਛੀ ਨਜ਼ਰ ਜ਼ਰੂਰ ਰੱਖੋ। ਬੱਚਿਆਂ ਨੂੰ ਜ਼ਿਆਦਾ ਬੰਦਸ਼ 'ਚ ਰੱਖਣਾ ਤੇ ਲੋੜ ਤੋਂ ਵੱਧ ਆਜ਼ਾਦੀ ਦੇਣਾ, ਦੋਨੋਂ ਖ਼ਤਰਨਾਕ ਹਨ। ਤੁਹਾਡਾ ਬੱਚਾ ਕਿਸ ਰਸਤੇ 'ਤੇ ਜਾ ਰਿਹਾ ਹੈ, ਇਸ ਸਬੰਧੀ ਤੁਹਾਨੂੰ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ। ਬੱਚਿਆਂ ਨੂੰ ਵਾਧੂ ਦਾ ਝਿੜਕਣਾ ਗਲਤ ਹੈ ਕਿਉਂਕਿ ਕਿਸ਼ੋਰ ਬੱਚਿਆਂ 'ਚ ਹੀਣਭਾਵਨਾ ਤੋਂ ਇਲਾਵਾ ਬਗਾਵਤ ਵੀ ਪੈਦਾ ਹੋ ਸਕਦੀ ਹੈ। ਅਜਿਹਾ ਨਾ ਹੋਵੇ, ਬੱਚਾ ਤੁਹਾਡੇ ਹੱਥੋਂ ਨਿਕਲ ਕੇ ਕਿਸੇ ਬੁਰੀ ਸੰਗਤ ਦਾ ਸ਼ਿਕਾਰ ਹੋ ਜਾਵੇ। ਕਿਸ਼ੋਰ ਬੱਚਿਆਂ ਨੂੰ ਆਪਣੇ ਫੈਸਲੇ ਲੈਣ ਦੀ ਸੁਤੰਤਰਤਾ ਦੇਵੋ ਪਰ ਇਹ ਵੀ ਜ਼ਰੂਰੀ ਹੈ ਕਿ ਮਾਪੇ ਸਹੀ ਜਾਂ ਗਲਤ ਦੀ ਜਾਣਕਾਰੀ ਵੀ ਬਹੁਤ ਹੀ ਧਿਆਨ ਨਾਲ ਦੇਣ। ਜੋ ਉਹ ਫੈਸਲਾ ਲੈਂਦੇ ਹਨ, ਕੀ ਉਨ੍ਹਾਂ ਨੇ ਬਹੁਤ ਸੋਚ-ਸਮਝ ਕੇ ਲਿਆ ਹੈ? ਲਏ ਗਏ ਫੈਸਲੇ ਦੇ ਕੀ ਨੁਕਸਾਨ ਹੋ ਸਕਦੇ ਹਨ, ਦੇ ਸਬੰਧ 'ਚ ਬੱਚਾ ਮੰਨਣ ਨੂੰ ਤਿਆਰ ਵੀ ਹੋ ਜਾਂਦਾ ਹੈ। ਬੱਚੇ ਨੂੰ ਸਮਝਾਉਣਾ ਤੁਹਾਡਾ ਕੰਮ ਹੈ। ਅੱਲੜ੍ਹ ਉਮਰ ਦੇ ਬੱਚਿਆਂ ਦੀਆਂ ਜਾਇਜ਼ ਮੰਗਾਂ ਦੀ ਪੂਰਤੀ ਤੁਰੰਤ ਕਰਨੀ ਚਾਹੀਦੀ ਹੈ। ਜਿਹੜੀਆਂ ਮੰਗਾਂ, ਉਨ੍ਹਾਂ ਨੂੰ ਕੁਰਾਹੇ ਪਾ ਸਕਦੀਆਂ ਹਨ, ਨੂੰ ਦਲੀਲ ਦੇ ਕੇ ਸਮਝਾਉਣ ਲਈ ਤੁਹਾਡੇ ਵਿੱਚ ਆਤਮ-ਵਿਸ਼ਵਾਸ ਹੋਣਾ ਚਾਹੀਦਾ ਹੈ। ਬੱਚਿਆਂ ਤੋਂ ਆਦਰ ਪਾਉਣ ਲਈ, ਉਨ੍ਹਾਂ ਨਾਲ ਮਿੱਤਰਤਾਪੂਰਵਕ ਵਿਵਹਾਰ ਕਰੋ ਅਤੇ ਪਿਆਰ ਤੇ ਸਤਿਕਾਰ ਦੇਵੋ। ਇੰਜ ਬੱਚਾ ਤੁਹਾਡੀ ਇੱਜ਼ਤ ਕਰਨ ਦੇ ਨਾਲ ਤੁਹਾਡੀ ਗੱਲ ਵੀ ਮੰਨੇਗਾ।

## ਧੀ ਦੀ ਵਿਦਾਇਗੀ ਦਾ ਸਮਾਂ ਵਿਯੋਗ ਦਾ ਸਿਖਰ

ਧੀ ਦੀ ਵਿਦਾਇਗੀ ਦਾ ਸਮਾਂ ਵਿਯੋਗ ਦਾ ਸਿਖਰ ਹੈ। ਖ਼ੁਸ਼ੀ ਤੇ ਗ਼ਮੀ ਦਾ ਇਹ ਅਜਿਹਾ ਅਨੂਠਾ ਸੰਗਮ ਹੈ ਜਿਸ ਦੀ ਮਿਸਾਲ ਹੋਰ ਕੋਈ ਨਹੀਂ। ਬਾਬਲ ਦੇ ਭਰੇ-ਭਰੂੰਨੇ ਬਾਗ ਵਿਚੋਂ ਟੁੱਟਦੀ ਕਲੀ ਸਮੁੱਚੇ ਬਾਗ ਦੇ ਪੱਤਰ ਹਿਲਾ ਦਿੰਦੀ ਹੈ। ਮਾਪਿਆਂ, ਭੈਣਾਂ-ਭਰਾਵਾਂ, ਸਖੀਆਂ-ਸਹੇਲੀਆਂ ਅਤੇ ਪਿੰਡ ਦੀਆਂ ਜੂਹਾਂ ਨਾਲੋਂ ਪੈਂਦੀ ਜੁਦਾਈ ਦੀ ਤਪਸ਼ ਵਿਚ ਹਰ ਹਿਰਦਾ ਲੂਹਿਆ ਜਾਂਦਾ ਹੈ। ਸਕੇ-ਸਬੰਧੀਆਂ, ਅੰਕ ਸਹੇਲੀਆਂ ਦੀਆਂ ਦਿਲੀ ਤਰੰਗਾਂ ਦੀ ਝਰਨਾਹਟ ਮਹੌਲ ਨੂੰ ਵਿਯੋਗਮਈ ਬਣਾਉਂਦੀ ਏ। ਬਾਬਲ ਵਿਹੜੇ ਲਾਡਾਂ-ਲੋਰੀਆਂ ਸੰਗ ਪਾਲੀ ਪਲੋਸੀ, ਭੈਣਾਂ ਭਰਾਵਾਂ ਨਾਲ ਖੇਡਦੀ ਅਤੇ ਸਹੇਲੀਆਂ ਸੰਗ ਜਵਾਨੀ ਮਾਣਦੀ ਧੀ ਦਾ ਬਾਬਲ ਵਿਹੜਿਓਂ ਵਿਛੋੜਾ ਸੱਚਮੁੱਚ ਅਸਹਿ ਹੁੰਦਾ ਹੈ। ਧੀ ਦੀ ਹਾਲਤ ਡਾਰੋਂ ਵਿਛੜੀ ਕੂੰਜ ਵਰਗੀ ਜਾਂ ਚੰਭਿਓਂ ਨਿੱਖੜੀ ਚਿੜੀ ਵਰਗੀ ਹੋ ਜਾਂਦੀ ਹੈ। ਧੀ ਦੇ ਬੇਰੋਕ ਵਹਿੰਦੇ ਹੰਝੂਆਂ ਤੇ ਸਿਸਕੀਆਂ ਅਤੇ ਸਹੇਲੀਆਂ ਦੇ ਵਿਰਾਗੀ ਗੀਤਾਂ ਦੀਆਂ ਧੁਨਾਂ ਸੁਣ ਪੱਥਰੋਂ ਪਾਣੀ ਸਿੰਮ ਆਉਂਦਾ ਹੈ। ਡੋਲੀ ਪੈਂਦੀ ਧੀ ਦੀ ਹਾਲਤ ਕਿਸੇ ਸ਼ਿਕਰੇ ਵੱਲੋਂ ਦਬੋਚੀ ਚਿੜੀ ਵਰਗੀ ਲਗਦੀ ਹੈ। ਡਾਰੋਂ ਵਿਛੜੀ ਕੂੰਜ ਵਾਂਗ ਕੁਰਲਾਉਂਦੀ ਧੀ ਨੂੰ ਡੋਲੀ ਪਾਉਣ ਵਾਲਾ ਦ੍ਰਿਸ਼ ਸਭ ਦੇ ਨੇਤਰ ਨਮ ਕਰ ਜਾਂਦਾ ਹੈ।

"ਕੂੰਜਾਂ ਵਿਚੋਂ ਕੂੰਜ ਵਿਛੜੀ,
ਅੱਜ ਵਿਛੜੀ ਸਹੇਲੀ ਮੇਰੀ।

ਵਿਛੜ ਰਹੀ ਸਖੀ ਦੀ ਡੋਲੀ ਰੁਕਵਾਉਣ ਲਈ ਵੀ ਕੁੜੀਆਂ ਸੌ-ਸੌ ਬਹਾਨੇ ਘੜਦੀਆਂ ਨੇ ਜੋ ਪੂਰੇ ਨਹੀਂ ਚੜ੍ਹਦੇ। ਧੀ ਦਾ ਬਾਬਲ ਹਰ ਮਸਲੇ ਦਾ ਹੱਲ ਕਰਵਾ ਕੇ ਡੋਲੀ ਜਾਣ ਲਈ ਰਾਹ ਪੱਧਰਾ ਕਰ ਲੈਂਦਾ ਹੈ।

ਤੇਰੇ ਮਹਿਲਾਂ ਦੇ ਵਿਚ ਵਿਚ ਵੇ,
ਬਾਬਲ ਡੋਲਾ ਨਹੀਂ ਲੰਘਦਾ।
ਇਕ ਇੱਟ ਪੁਟਾ ਦੇਵਾਂ,
ਧੀਏ ਘਰ ਜਾ ਆਪਣੇ।
ਤੇਰੇ ਮਹਿਲਾਂ ਦੇ ਵਿਚ ਵਿਚ ਵੇ,
ਬਾਬਲ ਗੁੱਡੀਆਂ ਕੌਣ ਖੇਡੂ?
ਮੇਰੀਆਂ ਖੇਡਣ ਪੋਤਰੀਆਂ,
ਧੀਏ ਘਰ ਜਾ ਆਪਣੇ।
ਤੇਰੇ ਮਹਿਲਾਂ ਦੇ ਵਿਚ ਵਿਚ ਵੇ,
ਬਾਬਲ ਚਰਖਾ ਕੌਣ ਕੱਤੂ?
ਮੇਰੀਆਂ ਕੱਤਣ ਪੋਤਰੀਆਂ,
ਧੀਏ ਘਰ ਜਾ ਆਪਣੇ।

ਇਸ ਕਾਰਜ ਵਿਚ ਬਾਬਲ ਦਾ ਹੀ ਅਹਿਮ ਰੋਲ ਹੁੰਦਾ ਹੈ। ਇਸ ਕਰਕੇ ਕੁੜੀਆਂ ਦੇ ਸਾਰੇ ਗੀਤ ਬਾਬਲ ਨੂੰ ਹੀ ਮੁਖਾਤਿਬ ਹੁੰਦੇ ਹਨ। ਉਹ ਬਾਪ ਨੂੰ ਸੁਣਾਉਂਦੀਆਂ ਕਹਿੰਦੀਆਂ ਨੇ ਕਿ ਆਖਰ ਉਸ ਦੇ ਮਨ ਵਿਚ ਕੀ ਆਈ ਬੇਟੀ ਵਿਆਹੁਣ ਲਈ।

ਕੀ ਤੇਰੇ ਮਨ ਵਿਚ ਆਈ,
ਵੇ ਬਾਬਲ ਕੀ ਤੇਰੇ
ਮਨ ਵਿਚ ਆਈ।
ਕਿਉਂ ਬੇਟੀ ਪ੍ਰਨਾਈ ਵੇ
ਬਾਬਲ ਕਿਉਂ ਬੇਟੀ ਪ੍ਰਨਾਈ।
ਅੰਮੜੀ ਠੰਢੜੀ ਛਾਂ ਵੇ
ਬਾਬਲ ਕਿਉਂ ਮੈਥੋਂ ਛੁਟਵਾਈ।
ਕੀ ਤੇਰੇ ਮਨ ਵਿਚ ਆਈ.

ਘਰ ਤੁਰੇ ਫਿਰਦੇ, ਕੰਮ-ਕਾਜ ਕਰਦੇ ਬਾਪ ਦੇ ਕੰਨੀਂ ਕੁੜੀਆਂ ਅਜਿਹੇ ਬ੍ਰਿਹਾਭਿੰਨੇ ਗੀਤਾਂ ਦੇ ਬੋਲ ਪਾਉਂਦੀਆਂ ਨੇ ਜਿਵੇਂ ਇਸ ਕਾਰਜ ਲਈ ਕੇਵਲ ਬਾਬਲ ਹੀ ਕਸੂਰਵਾਰ ਹੋਵੇ।

ਸੂਹੇ ਤਾਂ ਭੈਣੇ ਤੇਰੇ ਕੱਪੜੇ,
ਕਾਲੇ ਤੇਰੇ ਕੇਸ।
ਧੰਨ ਜਿਗਰਾ ਤੇਰੇ ਬਾਪ ਦਾ,
ਜੀਹਨੇ ਦਿੱਤੀ ਪਰਾਏ ਦੇਸ।

ਡੋਲੀ ਦੀ ਵਿਦਾਇਗੀ ਤੋਂ ਪਹਿਲਾਂ ਪਿਆ ਕੁੜੀਆਂ ਦਾ ਝੁਰਮਟ ਗੀਤਾਂ ਹੇਰਿਆਂ, ਬੋਲੀਆਂ ਦੋਹਿਆਂ ਰਾਹੀਂ ਦਿਲੀ ਵੇਦਨਾ ਪ੍ਰਗਟਾਉਂਦੀਆਂ ਨੇ। ਜਿਵੇਂ-ਜਿਵੇਂ ਡੋਲੀ ਤੁਰਨ ਦਾ ਸਮਾਂ ਨੇੜੇ ਆਉਂਦਾ ਹੈ ਤਿਉਂ-ਤਿਉਂ ਬ੍ਰਿਹਾ-ਭਿੱਜੇ ਬੋਲ ਹੋਰ ਉੱਚੇ ਤੇ ਦਿਲ ਵਿੰਨਵੇਂ ਹੁੰਦੇ ਜਾਂਦੇ ਨੇ, ਮਤਾਂ ਕਿਸੇ ਦੀ ਅੱਖ ਭਿੱਜਣੋਂ ਰਹਿ ਨਾ ਜਾਵੇ। ਕਿਤੇ ਧੀ ਦੇ ਗੁੱਡੀਆਂ-ਪਟੋਲੇ ਚੇਤੇ ਕਰਕੇ ਉਸ ਦੇ ਅਜੇ ਹੋਰ ਖੇਡਣ ਦਾ ਵਾਸਤਾ ਪਾਇਆ ਜਾਂਦੈ, ਕਿਤੇ ਰੋਂਦੇ ਭੈਣ ਭਰਾਵਾਂ ਦਾ:-

ਆਲੇ ਤਾਂ ਭੋਲੇ ਮੇਰੀਆਂ ਗੁੱਡੀਆਂ,
ਮੇਰਾ ਲੱਥਾ ਨਾ ਖੇਡਣ ਤੋਂ ਚਾਉ।
ਸਖੀਆਂ, ਸਹੇਲੀਆਂ ਵਿਛੜੀਆਂ,
ਮੇਰੇ ਰੋਂਦੇ ਨੇ ਭੈਣ ਤੇ ਭਰਾਉ।

ਕੁੜੀਆਂ ਵੱਲੋਂ ਧੀ ਦਾ ਸਹੁਰੇ ਘਰ ਜੀਅ ਨਾ ਲੱਗਣ ਦੀ ਦੁਹਾਈ ਵੀ ਦਿੱਤੀ ਜਾਂਦੀ ਹੈ।

ਕਿੱਕਰੇ ਨੀ ਕੰਡਿਆਲੀਏ,
ਤੇਰੇ ਤੁੱਕੀ ਪੈ ਗਏ ਬੀ,
ਛੱਡ ਕੇ ਅੰਕ ਸਹੇਲੀਆਂ,
ਮੇਰਾ ਕਿਤੇ ਨਾ ਲਗਦਾ ਜੀ।

ਸਹੇਲੀਆਂ ਧੀ ਨੂੰ ਪੁੱਤ ਬਣ ਕੇ ਕਮਾਉਣ ਤੇ ਗੋਲੀ ਬਣ ਕੇ ਕੰਮ ਕਰਨ ਦਾ ਲਾਲਚ ਵੀ ਬਾਬਲ ਨੂੰ ਦਿੰਦੀਆਂ ਨੇ:-

ਪੁੱਤ ਬਣ ਕੇ ਕਮਾਊਂ ਘਰ ਤੇਰੇ,
ਰੱਖ ਲੈ ਕੁਆਰੀ ਬਾਬਲਾ।
ਅੱਜ ਦੀ ਦਿਹਾੜੀ ਰੱਖ
ਡੋਲੀ ਨੀ ਮਾਂ,
ਰਵਾਂ ਬਾਪ ਦੀ ਬਣ ਕੇ
ਗੋਲੀ ਨੀ ਮਾਂ।

ਕੁੜੀਆਂ ਅੰਮੀ-ਬਾਪ ਸਾਹਵੇਂ ਵਾਰੀ-ਵਾਰੀ ਅਰਜ਼ੋਈਆਂ ਕਰਦੀਆਂ ਨੇ। ਕੁੜੀਆਂ ਆਪ ਆਪਣੀ ਅੰਕ ਸਹੇਲੀ ਨਾਲ ਨਾ ਜਾ ਸਕਣ ਦੀ ਬੇਵਸੀ ਇੰਝ ਪ੍ਰਗਟ ਕਰਦੀਆਂ ਨੇ:-

ਵਸ ਨਹੀਂ ਭੈਣੇ ਵਸ ਨਹੀਂ,
ਨਹੀਂ ਚੱਲਾਂ ਮੈਂ ਤੇਰੇ ਨਾਲ।
ਮਾਪੇ ਦੇਣਗੇ ਗਾਲ੍ਹੀਆਂ,
ਕੋਈ ਲੋਕੀਂ ਕਰੂ ਵੀਚਾਰ।

ਪੇਸ਼ ਨਾ ਜਾਂਦੀ ਵੇਖ ਕੇ ਕੁੜੀਆਂ-ਕੱਤਰੀਆਂ ਦਾ ਝੁਰਮਟ ਆਪ ਹੀ ਆਪਣੀ ਜਾਨੋਂ ਪਿਆਰੀ ਸਹੇਲੀ ਨੂੰ ਡੋਲੀ ਵਿਚ ਬੈਠ ਜਾਣ ਲਈ ਕਹਿੰਦਾ ਹੈ ਜਿੱਥੇ ਉਨ੍ਹਾਂ ਦੇ ਬ੍ਰਿਹੜਿਆਂ ਦੀ ਸੁਰ ਸੱਤ ਆਸਮਾਨਾਂ ਨੂੰ ਚੀਰ ਜਾਂਦੀ ਹੈ।

ਬੀਬੀ ਛੱਡ ਨੀ ਪੀੜ੍ਹੀ ਦੀ ਡੋਰ,
ਸਾਡਾ ਨਹੀਂ ਜ਼ੋਰ
ਜ਼ੋਰਾਂ ਵਾਲੇ ਲੈ ਨੀ ਗਏ।
ਬੀਬੀ ਛੱਡ ਨੀ ਪੀੜ੍ਹੀ ਦਾ ਪਾਵਾ,
ਸਾਡਾ ਨਹੀਂ ਦਾਅਵਾ
ਦਾਅਵੇ ਵਾਲੇ ਲੈ ਨੀ ਗਏ।

ਭੈਣ ਦੇ ਸਹੁਰਿਆਂ ਨੂੰ ਜ਼ੋਰਾਵਰ ਤੇ ਦਾਅਵੇਦਾਰ ਸਾਬਤ ਕਰਦੀਆਂ ਕੁੜੀਆਂ ਆਪਣੀ ਅਪੀਲ-ਦਲੀਲ ਕੇਵਲ ਹੰਝੂਆਂ ਦੇ ਸਹਾਰੇ ਹੀ ਬਿਆਨਦੀਆਂ ਨੇ। ਡੋਲੀ ਤੋਰਨ ਸਮੇਂ ਨਾਨਕੇ, ਦਾਦਕੇ, ਮਾਪੇ, ਰਿਸ਼ਤੇਦਾਰ, ਭੈਣ-ਭਰਾ ਤੇ ਆਂਢ-ਗੁਆਂਢ ਸ਼ਾਮਲ ਹੁੰਦਾ ਹੈ। ਵਾਰੀ-ਵਾਰੀ ਸਭ ਨੂੰ ਗਲੇ ਮਿਲਦੀ, ਵਿਛੋੜੇ ਦੀ ਤੜਪ ਵਿਚ ਕੁਰਲਾਉਂਦੀ ਧੀ-ਧਿਆਣੀ ਆਖਰ ਬਾਬਲ ਦੇ ਗਲੇ ਨੂੰ ਲਿਪਟ ਜਾਂਦੀ ਹੈ। ਜਿੱਥੇ ਵਿਛੋੜੇ ਦੀਆਂ ਕਸਕਾਂ ਸਿਖਰਾਂ ਛੂਹ ਕੇ ਧਾਹਾਂ ਬਣ ਕੇ ਗਲੀ ਅਤੇ ਘਰਾਲਾਂ ਬਣ ਕੇ ਅੱਖੀਂ ਉਤਰ ਆਉਂਦੀਆਂ ਨੇ। ਆਲ-ਦੁਆਲਾ ਦਿਲ-ਵਿੰਨੜੇ ਗੀਤਾਂ ਨਾਲ ਕੁਰਲਾ ਉਠਦਾ ਹੈ:

# ਪੁੱਤਰਾਂ ਹੱਥੀਂ ਸੇਵਾ ਲੋਚਦੇ ਹਨ ਅੱਜ ਬਜ਼ੁਰਗ ਮਾਪੇ

ਅੱਜ ਜਿਹੜੇ ਜੀਵਨ ਯਥਾਰਥ ਵਿੱਚੋਂ ਅਸੀਂ ਗੁਜ਼ਰ ਰਹੇ ਹਾਂ? ਉਹ ਕਹਿਣ ਨੂੰ ਹੀ ਭਰਮ ਨਵਿਰਤ ਹੈ, ਅਸਲ ਵਿੱਚ ਇਹ ਭਰਮ ਨਵਿਰਤ ਨਹੀਂ, ਵੱਖੋ ਵੱਖਰੇ ਭਰਮ ਜਾਲਾਂ ਨੂੰ ਸਿਰਜਦਾ ਇੱਕ ਪਦਾਰਥਕ ਜੀਵਨ ਹੈ। ਇਸ ਜੀਵਨ ਦੀਆਂ ਤਹਿ ਦਰ ਤਹਿ ਅਨੇਕਾਂ ਪਰਤਾਂ ਹਨ, ਜਿਨ੍ਹਾਂ ਥੱਲੇ ਕੂੜ, ਕਪਟ ਤੇ ਲਾਲਚ ਦੀਆਂ ਸੈਂਕੜੇ ਹਜ਼ਾਰਾਂ ਪਰਤਾਂ ਹਨ। ਕਹਿਣ ਨੂੰ ਅੱਜ ਸਾਰਾ ਸੰਸਾਰ ਕਹਿ ਰਿਹਾ ਹੈ ਕਿ ਇਸ ਆਧੁਨਿਕ ਮਸ਼ੀਨੀ ਜੀਵਨ ਵਿੱਚ ਸਭ ਕੁਝ ਸਹੂਲਤਾਂ ਅਨੁਸਾਰ ਹੋ ਗਿਆ ਹੈ। ਜੀਵਨ ਚੱਕਰ ਦੇ ਸਾਲਾਂ ਦੀ ਗਿਣਤੀ ਵੱਧ ਗਈ ਹੈ। ਜੀਵਨ ਸੁੱਖ ਰਹਿਣਾ ਹੋ ਗਿਆ ਹੈ। ਇਹ ਪੈਸੇ ਖਰਚ ਕੇ ਸੁਰਜ ਪ੍ਰਾਪਤ ਕਰਨ ਦੇ ਸਮਰੱਥ ਹੋ ਗਿਆ ਹੈ। ਇਸ ਵਿੱਚ ਪ੍ਰਾਪਤੀ ਦੇ ਵੱਡੇ ਮੌਕੇ ਮਿਲਣ ਲੱਗ ਪਏ ਹਨ। ਪਰ ਕੀ ਇਹ ਸਭ ਗਿਣਾਤਮਕ ਹੈ ਜਾਂ ਇੱਕ ਇਸ ਵਿੱਚ ਕੋਈ ਗੁਣਾਤਮਕ ਤਬਦੀਲੀ ਵੀ ਆਈ ਹੈ? ਜਵਾਬ ਨਾਂਹ ਵਿੱਚ ਹੀ ਮਿਲ ਰਿਹਾ ਹੈ। ਜੀਵਨ ਚੱਕਰ ਤਾਂ ਪੈਸੇ ਦੇ ਕੇ ਪੂਰਿਆਂ ਕਰਨ ਦੀ ਨੌਬਤ ਆ ਗਈ ਹੈ। ਗੁਣਾਤਮਕ ਤਬਦੀਲੀ ਤਾਂ ਦੂਰ ਦੀ ਗੱਲ ਹੈ, ਗਿਣਾਤਮਕ ਜੀਵਨ ਦੀ ਧਾਰਾ ਵੀ ਕਿਤੇ ਅਵਿਰਲ ਵਹਿੰਦੀ ਨਹੀਂ ਦਿੱਸਦੀ। ਜਿਹੜੀ ਸ਼ੁੱਧ ਆਕਸੀਜਨ ਸਾਨੂੰ ਫਰੀ ਮਿਲਦੀ ਸੀ ਹੁਣ ਮਰ ਰਹੇ ਬਜ਼ੁਰਗ ਹਸਪਤਾਲਾਂ ਵਿੱਚ ਵੈਂਟੀਲੇਟਰਾਂ ਤੇ ਪਏ, ਪੈਸੇ ਖਰਚ ਲੈਂਦੇ ਦਿੱਸਦੇ ਹਨ। ਦੇਸੀ ਦਵਾਈਆਂ ਜਿਹੜੀਆਂ ਕਈ ਰੁਪਏ, ਧੇਲੀ ਦੀਆਂ ਮਿਲਦੀਆਂ ਸਨ, ਬੰਦੇ ਦੀ ਜਾਨ ਬਚਾਉਂਦੀਆਂ ਸਨ, ਅੱਜ ਵੱਖੋ ਵੱਖਰੇ ਕੈਮੀਕਲਾਂ ਦੀ ਆੜ ਵਿੱਚ ਕੰਪਨੀਆਂ ਸੈਂਕੜੇ ਰੁਪਏ ਪ੍ਰਤੀ ਦਸ ਗੋਲੀਆਂ ਦੇ ਪੈਕਟਾਂ ਵਿੱਚ ਸਾਨੂੰ ਲੁੱਟਦੀਆਂ ਦਿਸਦੀਆਂ ਹਨ। ਪਿੰਡਾਂ ਦਾ ਖੁੱਲ੍ਹਾ ਡੁੱਲ੍ਹਾ ਅਤੇ ਤੰਦਰੁਸਤ ਜੀਵਨ ਹਮੇਸ਼ਾ ਆਪਣਿਆਂ ਵਿੱਚ ਵਿਚਰਦਾ ਸੀ। ਸਭ ਇੱਕ ਦੂਜੇ ਦੇ ਸਾਂਹੀ ਵਸਦੇ ਸਨ। ਕਿਸੇ ਘਰ ਦਾ ਪ੍ਰਾਹੁਣਾ ਸਾਰੇ ਪਿੰਡ ਦਾ ਪ੍ਰਾਹੁਣਾ ਹੁੰਦਾ ਸੀ, ਪਰ ਹੁਣ ਸ਼ਹਿਰੀ ਜੀਵਨ ਦੇ ਸਭ ਨੂੰ ਬੜਾ ਦੂਰ ਦੂਰ ਕਰ ਦਿੱਤਾ ਹੈ।

ਇਸ ਯੁੱਗ ਵਿੱਚ ਫੇਰ ਰਿਸ਼ਤੇ ਕਿਵੇਂ ਸਾਂਵੇਂ ਰਹਿਣਗੇ ਤੇ ਕਿਵੇਂ ਪੂਰ ਚੜ੍ਹਨਗੇ? ਜਦ ਪੈਰ ਤਪਦੀ ਭੋਇੰ 'ਤੇ ਹੋਣ ਤਾਂ ਸਿਰ ਕਦੀ ਠੰਢਾ ਨਹੀਂ ਰਹਿੰਦਾ। ਕਦੀ ਧਰਮੀ ਲੋਕ ਕਹਿੰਦੇ ਸਨ ਕਿ ਪੰਜਾਬੀ ਬੰਦਾ ਬੜਾ ਦਰਿਆ ਦਿਲ ਹੈ। ਉਹ ਯੂਰਪੀ ਲੋਕਾਂ ਵਾਂਗ ਆਪਣੇ ਬਿਰਧ ਹੋ ਰਹੇ ਡੰਗਰਾਂ ਨੂੰ ਮਾਰ ਕੇ ਨਹੀਂ ਖਾਂਦਾ, ਸਗੋਂ ਕਈ ਕਈ ਸਾਲ ਬੁੱਢੇ ਪਸ਼ੂ ਉਹਦੇ ਕਿੱਲਿਆਂ ਨਾਲ ਬੱਧੇ ਪੱਠੇ ਖਾਂਦੇ ਰਹਿੰਦੇ ਹਨ। ਸੱਚ ਮੰਨੋ ਅੱਜ ਉਹ ਗੱਲਾਂ ਬੀਤੇ ਸਮੇਂ ਦੀਆਂ ਹੋ ਗਈਆਂ ਹਨ। ਕੀ ਹੁਣ ਸਮਾਂ ਉਹੀ ਹੈ ਜਾਂ ਬਦਲ ਗਿਆ ਹੈ? ਜਵਾਬ ਬਦਲ ਗਏ ਵਿੱਚ ਹੀ ਮਿਲਦਾ ਹੈ। ਪੇਂਡੂ ਰਹਿਤਲ ਤਾਂ ਉਂਜ ਹੀ ਨਿਤਾਣੀ ਹੋ ਗਈ ਹੈ। ਤਗੜੀ ਤੇ ਉਹ ਪਹਿਲਾਂ ਵੀ ਨਹੀਂ ਸੀ। ਨਾ ਹੀ ਆਪਣੇ ਬੁੱਢੇ ਮਾਂ ਬਾਪ ਦੀ ਸੇਵਾ ਵਿੱਚ ਕਦੀ ਲੀਨ ਰਹੀ ਸੀ। ਸ਼ਾਇਦ ਦੁਨੀਆ ਦੇ ਸਭ ਤੋਂ ਖਰ੍ਹਵੇ ਤੇ ਬੇਰੁਖੇ ਬੱਚੇ ਦੇਖਣੇ ਹੋਣ ਤਾਂ ਬਹੁਗਿਣਤੀ ਵਿੱਚ ਪੇਂਡੂ ਭਾਈਚਾਰੇ ਦੇ ਲੋਕ ਹੀ ਮਿਲਣਗੇ। ਆਪਣੇ ਬੁੱਢੇ ਮਾਂ ਪਿਉ ਦੀ ਜਿੰਨੀ ਦੁਰ ਹੋਣ ਲੱਗੀ ਹੈ, ਇੰਨੀ ਸ਼ਾਇਦ ਪਹਿਲਾਂ ਕਦੀ ਹੋਈ ਹੋਵੇ। ਹੁੰਦੀ ਤਾਂ ਸੀ ਪਹਿਲਾਂ ਵੀ, ਪਰ ਉਹ ਬਿਲਕੁਲ ਮਾੜੀ ਮੋਟੀ ਹੁੰਦੀ ਸੀ। ਸਾਂਝੇ ਪਰਵਾਰ ਦੇ ਡੋਰ ਵਿੱਚ ਇਹ ਬਜ਼ੁਰਗ ਸਹਿਜ ਸੁਭਾਅ ਤੁਰੇ ਫਿਰਦੇ ਸਨ। ਪਰ ਮੂਹ ਇਸ ਤੱਥ ਤੋਂ ਵੀ ਨਹੀਂ ਮੋੜਿਆ ਜਾ ਸਕਦਾ ਕਿ ਪੁਰਾਣੇ ਵੇਲਿਆਂ ਵਿੱਚ ਤੇ ਮਾਂ ਬਾਪ ਦੇ ਮੰਜੇ ਡੰਗਰਾਂ ਵਾਲੇ ਕੋਠੇ 'ਚ ਡਾਹੁਣ ਦਾ ਆਮ ਹੀ ਰਿਵਾਜ ਸੀ। ਕਈ ਵਾਰ ਬੁੱਢੇ ਮਾਂ ਪਿਉ ਦੀ ਮੰਜੀ ਖੂਹ ਵਾਲੇ ਖੇਤ ਡਾਹ ਛੱਡਣੀ। ਉਨ੍ਹਾਂ ਸਾਲਾਂ ਬੱਧੀ ਦੋ ਟਾਈਮ ਦੀ ਰੋਟੀ ਖਾਤਰ ਖੇਤਾਂ 'ਚੋਂ ਪੈਂਡੀ ਉਡਾਈ ਜਾਣੀ? ਦਵਾ ਦਾਰੂ ਖੁਣੋਂ ਮਰ ਜਾਣਾ। ਬਹੁਤਿਆਂ ਦੀ ਨਜ਼ਰ ਜੋਤ ਚਲੀ ਜਾਣੀ। ਹੁਣ ਚਾਹੇ ਉਹ ਹਾਲਾਤ ਨਹੀਂ ਰਹੇ, ਪਰ ਅਜੇ ਵੀ ਕੋਈ ਬਹੁਤ ਅੱਛਾ ਵਰਗੇ ਹਾਲਾਤ ਨਹੀਂ ਹਨ। ਅੱਜ ਦਾ ਪੇਂਡੂ ਨੌਜਵਾਨ ਜਿੱਥੇ ਹਾਈਟੈਕ ਹੋ ਗਿਆ ਹੈ, ਉਥੇ ਪੈਲੀਆਂ ਲਈ ਮੋਹ ਮੁਹੱਬਤ ਹੁਣ ਨਹੀਂ ਰਹੀ ਸਗੋਂ ਸ਼ਹਿਰਾਂ ਦੇ ਨਜ਼ਦੀਕ ਵਾਲੀ ਪੈਲੀ ਵੇਚ ਕੇ ਕਰੋੜਪਤੀ ਬਣਨ ਦੀ ਹੋੜ ਲੱਗ ਗਈ ਹੈ। ਇਸ ਦਾ ਸਿੱਟਾ ਇਹ ਹੈ ਕਿ ਬਹੁਤੇ ਬੱਚੇ ਪਿਉ ਦੇ ਮਰਨ ਦੀਆਂ ਅਰਦਾਸਾਂ ਕਰਦੇ ਦਿਖਦੇ ਹਨ ਤਾਂ ਕਿ ਪਿੰਡ ਵਾਲੀ ਭੋਇੰ ਵੇਚ ਸਕੀਏ। ਨਵੀਂ ਪੀੜ੍ਹੀ ਨੂੰ ਭਾਵੇਂ ਹੀ ਜ਼ਮੀਨ ਨਾਲ ਕੋਈ ਮੋਹ ਨਾ ਹੋਵੇ, ਪਰ ਪੁਰਾਣੇ ਬਜ਼ੁਰਗਾਂ ਲਈ ਜ਼ਮੀਨ ਜਿੰਦ ਜਾਨ ਸੀ। ਜ਼ਮੀਨ ਨਾਲੋਂ ਵਿਛੜਨ ਬਾਰੇ ਉਹ ਸੋਚ ਵੀ ਨਹੀਂ ਸਕਦੇ। ਪਰ ਹੁਣ ਨਵੀਂ ਪੀੜੀ ਸ਼ਹਿਰਾਂ ਨੂੰ ਸੁਖ ਕਰਨ ਲੱਗੀ ਹੈ ਅਤੇ ਵੱਡੇ ਪੱਧਰ 'ਤੇ ਕਰਨ ਲੱਗੀ ਹੈ। ਸ਼ਹਿਰੀ ਜੀਵਨ ਦਾ ਸੁਰਾ ਪਦਾਰਥਵਾਦੀ ਹੈ। ਇਹ ਵਰਤਾਰਾ ਤੇ ਆਦਿ ਕਾਲੀ ਹੈ। ਆਰੀਆ ਕਾਲ, ਮੁਗਲ ਕਾਲ, ਸਿੱਖ ਰਾਜ, ਅੰਗਰੇਜ਼ਾਂ ਸਮੇਂ, ਗੱਲ ਕੀ ਜਦ ਜਦ ਸ਼ਹਿਰ ਬਣੇ ਤੇ ਵਿਕਸਤ ਹੋਏ, ਪਦਾਰਥਕ ਦੌੜ ਅੱਗੇ ਰਹੀ। ਮੁਫਾਦ ਤੇ ਕਮਾਈ ਦੀ ਅੰਨ੍ਹੀ ਦੌੜ ਸ਼ਹਿਰੀ ਜੀਵਨ ਦਾ ਹਿੱਸਾ ਬਣੀ ਰਹੀ। ਚਾਹੇ ਪੰਜਾਬੀ ਬੰਦਾ ਵਧੇਰੇ ਕਰ ਕੇ ਸ਼ਹਿਰੀ ਨਹੀਂ ਰਿਹਾ, ਪਰ ਮੁਫਾਦ ਤੇ ਲਾਲਚ ਪੰਜਾਬੀ ਬੰਦੇ ਦਾ ਖਾਸਾ ਰਿਹਾ ਹੈ। ਇਹ ਸ਼ਾਇਦ ਧਰਮ ਦਾ, ਗੁਰੂਆਂ ਦਾ, ਪੀਰਾਂ ਫਕੀਰਾਂ ਦਾ ਥੋੜ੍ਹਾ ਬਹੁਤ ਭੈਅ ਸੀ ਕਿ ਪੰਜਾਬੀ ਬੰਦਾ ਫਸਿਆ ਹੋਇਆ ਹੀ ਬੁੱਢੇ ਮਾਂ ਬਾਪ ਜਾਂ ਬਾਪੂ ਜਾਂ ਬੇਬੇ ਦੀ ਸੰਭਾਲ ਕਰਦਾ ਰਿਹਾ, ਵਰਨਾ ਲਾਗੇ ਨਹੀਂ ਲੱਗਦੇ। ਅੱਜ ਦਾ ਪੰਜਾਬੀ ਬੰਦਾ ਕੀ ਕਰ ਰਿਹਾ ਹੈ? ਉਹ ਸ਼ਹਿਰੀ ਬਣਨ ਦੀ ਅੰਨ੍ਹੀ ਲਾਲਸਾ ਵਿੱਚ ਹੈ। ਨਵੀਆਂ ਕਲੋਨੀਆਂ ਬਣ/ਉਸਰ ਰਹੀਆਂ ਹਨ। ਬੁੱਢੇ ਮਾਂ-ਬਾਪ ਪੈਸੇ ਕਮਾਉਣ ਦੀ ਹੋੜ ਵਿੱਚ ਨਜ਼ਰ ਅੰਦਾਜ਼ ਹੋ ਰਹੇ ਹਨ। ਸ਼ਹਿਰੀ ਜੀਵਨ, ਜਿੱਥੇ ਬਹੁਤ ਕੁਝ ਮਾਂਜਣ ਵਾਲੀ ਸੁਆਹ ਵੀ ਮੁੱਲ ਵਿਕਦੀ ਹੈ, ਉਥੇ ਦੋ ਕਮਰਿਆਂ ਦੇ ਸੈਟ ਵਾਲੇ ਨਿੱਕੇ ਨਿੱਕੇ ਘਰਾਂ 'ਚ ਬੁੱਢੇ ਮਾਂ ਬਾਪ ਦੇ ਠਹਿਰਨ ਤੇ ਸੇਵਾ ਕਰਨ ਲਈ ਨਾ ਤਾਂ ਥਾਂ ਬਚੀ ਹੈ, ਨਾ ਹੀ ਜੇਬ ਇਜਾਜ਼ਤ ਦੇ ਰਹੀ ਹੈ। ਜੇ ਜੇਬ ਤੇ ਥਾਂ ਇਜਾਜ਼ਤ ਦੇਂਦੀ ਵੀ ਪਈ ਹੈ ਤਾਂ ਪੰਜਾਬੀ ਬੰਦਾ ਏਨਾ ਗਿਆ ਗੁਜ਼ਰਿਆ ਹੋ ਰਿਹਾ ਹੈ ਕਿ ਮਾਂ ਬਾਪੂ ਨੂੰ ਇਕੱਲਿਆਂ ਆਪੋ ਆਪਣੇ ਘਰਾਂ ਵਿੱਚ ਟਿਕੇ ਰਹਿਣ, ਉਥੇ ਹੀ ਜੀਣ ਮਰਨ ਕਰੀ ਜਾਣ ਦੀ ਸਲਾਹ ਦੇਈ ਜਾ ਰਿਹਾ ਹੈ। ਸਾਡੇ ਅੱਜ ਦੇ ਵਰਤਮਾਨ ਦੌਰ ਦੇ ਬੁੱਢੇ ਮਾਂ ਪਿਉ ਚਾਹੁੰਦੇ ਕੀ ਹਨ? ਹੁਣ ਉਹ ਅੱਧੀ ਸਦੀ ਪਹਿਲਾਂ ਵਾਲੇ ਬਜ਼ੁਰਗ ਤਾਂ ਰਹੇ ਨਹੀਂ। ਅੱਜ ਬਹੁਤੇ ਬਜ਼ੁਰਗ ਤਾਂ ਪੈਨਸ਼ਨ ਯਾਫਤਾ ਹਨ ਜਾਂ ਫੇਰ ਉਨ੍ਹਾਂ ਕੋਲ ਕੁਝ ਨਾ ਕੁਝ ਜਮ੍ਹਾਂ ਪੂੰਜੀ ਪਈ ਹੋਈ ਹੈ। ਪਿੰਡਾਂ ਦੇ ਬਜ਼ੁਰਗ ਵੀ ਸਿਆਣੇ ਹੋ ਰਹੇ ਹਨ। ਜ਼ਮੀਨ ਵੰਡਣ ਵੇਲੇ ਵੀ ਉਹ ਆਪਣੇ ਤੀਜੇ ਜਾਂ ਚੌਥੇ ਹਿੱਸੇ ਦੀ ਰਾਖੀ ਕਰਦੇ ਹਨ। ਅੱਜ ਦਾ ਬਜ਼ੁਰਗ ਪੈਸੇ ਧੇਲੇ ਦੀ ਨਹੀਂ, ਹੱਥੀਂ ਸੇਵਾ ਦੀ ਤਵੱਕੋਂ ਕਰਦਾ ਹੈ। ਉਹ ਨਿਰਾ ਆਰਥਿਕ ਸਹਾਰਾ ਨਹੀਂ ਚਾਹੁੰਦਾ। ਆਰਥਿਕ ਤੌਰ 'ਤੇ ਉਹ ਲੰਮਾ ਸਮਾਂ ਸਵੈ ਨਿਰਭਰ ਰਹਿ ਸਕਦਾ ਹੈ। ਔਰਤਾਂ ਭਾਵੇਂ ਅਪਵਾਦ ਹਨ। ਉਹ ਅੱਜ ਵੀ ਆਰਥਿਕ ਤੌਰ 'ਤੇ ਮਰਦ ਦੇ ਅਧੀਨ ਹਨ, ਪਰ ਸਥਿਤੀ ਹੁਣ ਪਹਿਲਾਂ ਨਾਲੋਂ ਥੋੜ੍ਹੀ ਵੱਖਰੀ ਹੈ। ਔਰਤਾਂ, ਪੇਂਡੂ ਔਰਤਾਂ ਵੀ ਸਮਾਜ ਭਲਾਈ ਵਿਭਾਗ ਦਾ ਨਾਂ ਸੁਣਨ ਅਤੇ ਲੈਣ ਲੱਗ ਪਈਆਂ ਹਨ ਭਾਵੇਂ ਉਥੋਂ ਉਨ੍ਹਾਂ ਨੂੰ ਮਿਲਦਾ ਕੁਝ ਨਹੀਂ। ਇੱਕ ਗੱਲ 'ਤੇ ਪੱਕੀ ਹੈ ਕਿ ਦੋਵੇਂ ਧਿਰਾਂ ਹੱਥੀਂ ਸੇਵਾ ਲੋਚਦੀਆਂ ਹਨ। ਇਕੱਲੇ, ਬੇਸਹਾਰਾ ਤੇ ਉਦਾਸ ਹਿਰਦੇ ਘਰਾਂ ਦੇ ਬਾਹਰ ਬੈਠੇ, ਆਪਣੇ ਚਿੱਟੇ ਵਾਲਾਂ ਨੂੰ ਪਲੋਸਦੇ ਅਕਸਰ ਦੇਖਦਾ ਹਾਂ। ਬੁਢਾਪੇ ਦਾ ਇਕ ਕਹਿੰਦੇ ਸੁਣਦਾ ਹਾਂ, ਬੱਚਿਆਂ ਦੀ ਸੇਵਾ ਵਿੱਚ ਵਾਲ ਸਫੈਦ ਕਰਾ ਲਏ। ਜਦ ਉਨ੍ਹਾਂ ਦੀ ਵਾਰੀ ਆਈ ਹੈ ਤਾਂ ਕੋਈ ਬੰਗਲੌਰ ਹੈ, ਕੋਈ ਚੰਡੀਗੜ੍ਹ, ਕੋਈ ਅਮਰੀਕਾ ਤੇ ਕੋਈ ਇੰਗਲੈਂਡ ਬੈਠਾ ਹੈ। ਪੇਂਡੂ ਮਾਨਸਿਕਤਾ ਵਿੱਚ ਇੱਕ ਨਵੇਂ ਤਰਜ਼, ਨਵਾਂ ਰੁਝਾਨ ਬਣ ਰਿਹਾ ਹੈ ਕਿ ਮਾਂ-ਬਾਪ ਦੀ ਰਾਖੀ ਲਈ ਖੇਤ ਵਾਲੇ ਕੋਠੇ ਵਿੱਚ ਪਰਵਾਸੀ ਮਜ਼ਦੂਰ ਰੱਖ ਕੇ ਦੇ ਰਹੇ ਹਨ। ਆਪ ਹਫਤਿਆਂ ਬੱਧੀ ਮਾਂ ਬਾਪ ਨੂੰ ਨਹੀਂ ਮਿਲਦੇ। ਦੁਆਬਾ ਤੇ ਖੇਤ ਬਹੁਤਾ ਬਾਹਰ ਵਿਦੇਸ਼ ਵਿੱਚ ਹੈ। ਮਾਝਾ, ਜਿਹੜਾ ਸਿੱਖੀ ਦਾ ਧੁਰਾ ਸੀ, ਹੁਣ ਨਸ਼ਿਆਂ ਦੇ ਗੇੜ ਵਿੱਚ ਹੈ। ਇਥੇ ਮਾਂ-ਬਾਪ ਨਾਂ ਦਾ ਸ਼ਬਦ ਹੀ ਨਸ਼ੇੜੀਆਂ ਨੂੰ ਵਿਸਰ ਰਿਹਾ ਹੈ। ਮਾਲਵੇ ਵਿੱਚ ਰੁੱਖਾਪਣ ਬਹੁਤ ਹੈ। ਅੱਜ ਦੀ ਸਥਿਤੀ ਇਹ ਹੈ ਕਿ ਘਰਾਂ ਵਿੱਚ ਆਪਣਾ ਇਕਲਾਪਾ ਕੱਟ ਰਹੇ, ਬਿਮਾਰੀ ਨਾਲ ਮੰਜਿਆਂ ਤੇ ਪਏ ਬਜ਼ੁਰਗ ਹੱਥੀਂ ਸੇਵਾ ਕਰਨ ਵਾਲਿਆਂ ਨੂੰ ਉਡੀਕ ਰਹੇ ਹਨ, ਪਰ ਉਹ ਬਹੁੜ ਨਹੀਂ ਰਹੇ।

# ਮਨੁੱਖ ਚਾਹੀਦਾ ਹੈ ਜਾਂ ਮੁਨਾਫਾ?

ਅੱਜ ਅਸੀਂ ਜਿਸ ਦੌਰ ਵਿੱਚੋਂ ਗੁਜ਼ਰ ਰਹੇ ਹਾਂ, ਉਹ ਅਸਲ 'ਚ ਇਕ ਖਤਰਨਾਕ ਤਰ੍ਹਾਂ ਦੇ ਬਾਜ਼ਾਰ-ਤੰਤਰ ਦੇ ਛਾਏ ਹੋਣ ਦਾ ਸਮਾਂ ਹੈ। ਬਾਜ਼ਾਰ ਤਾਂ ਸਮਾਜ ਵਿੱਚ ਤਦ ਤੋਂ ਹਨ, ਜਦੋਂ ਤੋਂ ਵੱਧ ਉਦਪਾਦਨ ਹੋਣ ਲੱਗਾ, ਪਰ ਪਹਿਲਾਂ ਉਤਪਾਦਨ ਮਨੁੱਖ ਅਤੇ ਸਮਾਜ ਦੀਆਂ ਲੋੜਾਂ ਨੂੰ ਧਿਆਨ ਵਿੱਚ ਰੱਖ ਕੇ ਕੀਤਾ ਜਾਂਦਾ ਸੀ। ਇਸ ਲਈ ਬਾਜ਼ਾਰ ਵੀ ਮਨੁੱਖ ਦੀਆਂ ਲੋੜਾਂ ਅਨੁਸਾਰ ਹੀ ਚੱਲਦਾ ਸੀ। ਉਸੇ ਦੌਰ ਦੀ ਇਹ ਕਹਾਵਤ ਹੈ ਕਿ 'ਲੋੜ ਹੀ ਕਾਢ ਦੀ ਮਾਂ ਹੈ।' ਪਰ ਅੱਜ ਦੇ ਦੌਰ ਵਿੱਚ ਸਭ ਕੁਝ ਉਲਟਾ ਹੋ ਗਿਆ ਹੈ, ਹੁਣ ਲੋੜ ਕਾਢ ਦੀ ਮਾਂ ਨਹੀਂ, ਕਾਢ ਲੋੜ ਦੀ ਮਾਂ ਹੋ ਗਈ ਹੈ, ਜਿਸ ਦੇ ਕੇਂਦਰ ਵਿੱਚ ਹੈ ਮੁਨਾਫਾ। ਇਸ ਲਈ ਮੁਨਾਫੇ ਦੀ ਨਜ਼ਰ ਨਾਲ ਉਤਪਾਦਨ ਕੀਤਾ ਜਾ ਰਿਹਾ ਹੈ। ਅਜਿਹੇ 'ਚ ਪਹਿਲਾਂ ਦੇ ਬਾਜ਼ਾਰ ਅਤੇ ਅੱਜ ਦੇ ਬਾਜ਼ਾਰ 'ਚ ਗੁਣਾਤਮਕ ਤਬਦੀਲੀ ਆਈ ਹੈ, ਜਿਸ ਦਾ ਸਭ ਤੋਂ ਖਤਰਨਾਕ ਪਹਿਲੂ ਇਹ ਹੈ ਕਿ ਜਿਥੇ ਪਹਿਲਾਂ ਮਨੁੱਖ ਬਾਜ਼ਾਰ ਨੂੰ ਕੰਟਰੋਲ ਕਰਦਾ ਸੀ, ਉਥੇ ਹੁਣ ਬਾਜ਼ਾਰ ਹੀ ਮਨੁੱਖਾਂ ਨੂੰ ਕੰਟੋਰਲ ਅਤੇ ਸੰਚਾਲਿਤ ਕਰ ਰਿਹਾ ਹੈ। ਅੱਜ ਬਾਜ਼ਾਰ ਨੂੰ ਖਪਤਕਾਰ ਚਾਹੀਦਾ ਹੈ। ਜੋ ਖਪਤਕਾਰ ਬਣਨ ਦੀ ਸਮਰੱਥਾ ਨਹੀਂ ਰੱਖਦਾ, ਉਹ ਬਾਜ਼ਾਰ ਲਈ ਬੇਕਾਰ ਹੈ। ਇਸ ਤਰ੍ਹਾਂ ਬਾਜ਼ਾਰ-ਤੰਤਰ ਨੇ ਖਪਤਕਾਰ ਸੱਭਿਆਚਾਰ ਨੂੰ ਜਨਮ ਦਿੱਤਾ ਹੈ, ਜਿਸ ਨੂੰ ਮਨੁੱਖੀ ਮੁੱਲਾਂ ਅਤੇ ਸਮਾਜਿਕ ਸਰੋਕਾਰਾਂ ਦੀ ਕੋਈ ਪ੍ਰਵਾਹ ਨਹੀਂ ਹੈ। ਇਸ ਸੱਭਿਆਚਾਰ 'ਚ ਮਨੁੱਖ ਦੀ ਕੀਮਤ ਉਸ ਦੁਆਰਾ ਖਪਤ 'ਚ ਲਿਆਏ ਗਏ 'ਮਾਲ' ਦੀ ਕੀਮਤ 'ਤੇ ਅਧਾਰਿਤ ਹੈ। ਅਜਿਹੇ 'ਚ ਇਥੇ ਮਨੁੱਖ ਦੀ ਉਤਪਾਦਨ ਸਮਰੱਥਾ ਅਤੇ ਸਿਰਜਣਾਤਮਕ ਸ਼ਕਤੀ ਦੀ ਕੋਈ ਕੀਮਤ ਨਹੀਂ ਹੈ। ਜ਼ਾਹਿਰ ਹੈ ਕਿ ਇਹ ਪੂੰਜੀਵਾਦੀ ਵਿਵਸਥਾ ਤੇ ਉਸ ਦਾ ਬਾਜ਼ਾਰ ਤੰਤਰ ਮਨੁੱਖ ਅਤੇ ਉਸ ਦੀ ਮਨੁੱਖਤਾ ਦੇ ਖਿਲਾਫ ਹੈ। ਇਹੀ ਵਜ੍ਹਾ ਹੈ ਕਿ ਪੂੰਜੀਵਾਦੀ ਵਿਵਸਥਾ ਸਾਹਿਤ ਦਾ ਸਾਹ ਘੁੱਟਣ 'ਚ ਲੱਗੀ ਹੈ, ਕਿਉਂਕਿ ਸਾਹਿਤ ਦੇ ਮੂਲ 'ਚ ਹੁੰਦੀ ਹੈ ਮਨੁੱਖੀ ਸੰਵੇਦਨਾ, ਜਿਸ ਦਾ ਅਰਥ ਹੈ ਦੂਜਿਆਂ ਦੇ ਦੁੱਖ ਦਰਦ ਨੂੰ ਆਪਣਾ ਦੁੱਖ ਦਰਦ ਸਮਝਣਾ। ਆਪਣੀ ਇਸੇ ਖਾਸੀਅਤ ਕਾਰਨ ਸਾਹਿਤ ਮਨੁੱਖਤਾ ਦੇ ਸਰਵਉਚ ਸਿਖਰ ਨਾਲ ਜੁੜਿਆ ਹੁੰਦਾ ਹੈ। ਕਬੀਰ ਨੇ ਇਸੇ ਨੂੰ 'ਲੱਖ ਚੌਰਾਸੀ ਯੋਨੀ ਮੇ ਮਾਨੁਸ ਜਨਮ ਅਨੂਪ' ਕਹਿ ਕੇ ਪ੍ਰਤਿਸ਼ਠਤ ਕੀਤਾ ਹੈ। ਇਹ ਮਨੁੱਖ ਦੀ ਸਿਰਜਣਾਤਮਕ ਸਮਰੱਥਾ ਦੀ ਪ੍ਰਤਿਸ਼ਠਾ ਹੈ, ਕਿਉਂਕਿ ਕਰੀਬ ਮਨੁੱਖ ਨੂੰ ਦੂਜਿਆਂ ਦਾ ਦੁੱਖ ਦਰਦ ਸਮਝਣ ਵਾਲੇ ਪ੍ਰਾਣੀ ਦੇ ਰੂਪ ਵਿੱਚ ਦੇਖਦੇ ਸਨ। ਅੱਜ ਮਨੁੱਖ ਦੀ ਇਸ ਅਨੁਪਮਤਾ ਅਤੇ ਮਹਾਨਤਾ ਨਾਲ ਖਪਤਕਾਰ ਸੱਭਿਆਚਾਰ ਅਤੇ ਵਪਾਰ ਸਮਾਜ ਦੋਵਾਂ ਨੂੰ ਖਤਰਾ ਮਹਿਸੂਸ ਹੋ ਰਿਹਾ ਹੈ। ਜੋ ਲੋਕ ਬਾਜ਼ਾਰ ਤੰਤਰ ਦਾ ਬਦਲ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਉਨ੍ਹਾਂ ਨੂੰ ਸਾਹਿਤ ਦੀ ਸਿਰਜਣਾਤਮਕ, ਸਮਾਜ ਦੀ ਸੰਵੇਦਨਸ਼ੀਲਤਾ ਅਤੇ ਮਨੁੱਖ ਦੀ ਮਨੁੱਖਤਾ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਇਸ ਦੇ ਲਈ ਸਾਨੂੰ ਲਾਲਚ ਅਤੇ ਸੌੜੇਪਣ ਤੋਂ ਉਪਰ ਉਠ ਕੇ ਇਨਸਾਨ ਬਣਨਾ ਹੋਵੇਗਾ। ਬਦਕਿਸਮਤੀ ਨਾਲ ਇਨਸਾਨਾਂ ਦੀ ਕਮੀ ਹੁੰਦੀ ਜਾ ਰਹੀ ਹੈ। ਜਿਵੇਂ ਕਿ ਮਸ਼ਹੂਰ ਸ਼ਾਇਰ ਮੋਮਿਨ ਨੇ ਕਿਹਾ ਹੈ "ਫਰਿਸ਼ਤੋਂ ਸੇ ਬਿਹਤਰ ਹੈ, ਇਨਸਾਨ ਬਨਨਾ, ਮਗਰ ਉਸ ਮੇਂ ਪੜਤੀ ਹੈ ਮਿਹਨਤ ਜ਼ਿਆਦਾ।' ਇਨਸਾਨੀਅਤ ਨੂੰ ਮੁੜ ਸਥਾਪਤ ਕਰਨਾ ਅੱਜ ਦੇ ਸਮਾਜ ਤੇ ਸਾਹਿਤ ਲਈ ਸਭ ਤੋਂ ਵੱਡੀ ਚੁਣੌਤੀ ਹੈ। ਇਸ ਦੇ ਲਈ ਸਾਨੂੰ ਪੂੰਜੀਵਾਦੀ ਵਿਵਸਥਾ ਨੂੰ ਬਦਲਣਾ ਹੋਵੇਗਾ। ਇਹ ਵਿਵਸਥਾ ਮਨੁੱਖਤਾ ਦੀ ਦੁਸ਼ਮਣ ਹੈ। ਇਸ 'ਚ ਮੁਨਾਫਾ ਮਨੁੱਖ ਤੋਂ ਉਪਰ ਹੈ। ਅੰਤ 'ਚ ਇਹ ਤੈਅ ਕਰਨਾ ਹੀ ਹੋਵੇਗਾ ਕਿ ਮਨੁੱਖ ਚਾਹੀਦਾ ਹੈ ਜਾਂ ਮੁਨਾਫਾ।

# ਰਿਸ਼ਤਿਆਂ 'ਚ ਖਟਾਸ



ਦੁਨਿਆਵੀ ਜੀਵਨ ਰਿਸ਼ਤਿਆਂ ਨਾਲ ਬੱਝਿਆ ਹੋਇਆ ਹੈ, ਸਮਾਜਿਕ ਰਿਸ਼ਤਿਆਂ ਨੂੰ ਮਨਫੀ ਕਰਕੇ, ਜਿਉਣਾ ਔਖਾ ਹੀ ਨਹੀਂ ਬਲਕਿ ਅਸੰਭਵ ਹੈ। ਜ਼ਿੰਦਗੀ ਦੀ ਰਫਤਾਰ ਨੂੰ ਡਗਮਗਾਉਣ ਤੋਂ ਬਚਾਉਣ ਲਈ ਰਿਸ਼ਤੇ ਕੜੀ ਦਾ ਕੰਮ ਕਰਦੇ ਹਨ। ਅਸਲ ਮਨੁੱਖ ਦੀ ਹੋਂਦ ਹੀ ਰਿਸ਼ਤਿਆਂ ਤੇ ਟਿਕੀ ਹੋਈ ਅਤੇ ਨਿਰਭਰ ਹੈ। ਮਨੁਖੀ ਗੂੜ੍ਹੇ ਰਿਸ਼ਤੇ ਸਾਡੀਆਂ ਭਾਵਨਾਵਾਂ ਦੀ ਸਹੀ ਤਰਜਮਾਨੀ ਕਰਦੇ ਹਨ। ਸਾਡੀ ਸਾਹਾਂ ਦੀ ਡੋਰ ਨੂੰ ਸਹਿਕਦੇ ਰੱਖਣ ਅਤੇ ਜੋੜੀ ਰੱਖਣ ਲਈ ਹਰ ਇਕ ਰਿਸ਼ਤੇ ਦੀ ਅਹਿਮ ਭੂਮਿਕਾ ਹੁੰਦੀ ਹੈ। ਜਦੋਂ ਮਨੁਖੀ ਦਿਲ ਵਿਚ ਰਿਸ਼ਤਿਆਂ ਦੀ ਹੋਂਦ ਭਾਵ ਘਾਟ ਮਹਿਸੂਸ ਹੁੰਦੀ ਹੈ, ਉਦੋਂ ਖੁਦਕੁਸ਼ੀਆਂ ਦਾ ਦੌਰ ਸ਼ੁਰੂ ਹੁੰਦਾ ਹੈ। ਮਨੁੱਖੀ ਜੀਵਨ ਵਿਚ ਹਰ ਇਕ ਰਿਸ਼ਤੇ ਦੀ ਆਪੋ ਆਪਣੀ ਅਹਿਮੀਅਤ ਹੁੰਦੀ ਹੈ, ਜਦੋ ਵੀ ਕਿਸੇ ਰਿਸ਼ਤੇ ਵਿਚ ਤਰੇੜ ਪੈਂਦੀ ਹੈ ਤਾਂ ਦਰੱਖਤ ਦੇ ਨਾਲੋਂ ਟਹਿਣੀ ਟੁਟਣ ਵਾਂਗ ਰਿਸਣਾ ਸੁਭਾਵਿਕ ਹੁੰਦਾ ਹੈ। ਜੇਕਰ ਰਿਸ਼ਤਿਆਂ ਵਿਚ ਇਕ ਵਾਰ ਖਟਾਸ ਭਰ ਜਾਵੇ ਤਾਂ ਬੇਚੈਨੀ ਵਿਚ ਫਸੇ ਇਨਸਾਨ ਨੂੰ ਹੰਝੂ ਪੂੰਝਣ ਵਾਲਾ ਕੋਈ ਨਹੀਂ ਲੱਭਦਾ। ਅਜੋਕੇ ਸਮਾਜ ਵਿਚ ਇਹ ਬੁਰਾਈ ਕੁਝ ਜ਼ਿਆਦਾ ਹੀ ਵਧ ਗਈ ਹੈ, ਇਕੋ ਛੱਤ ਹੇਠ ਰਹਿਣ ਵਾਲਾ ਪਰਿਵਾਰ ਐਸੀਆਂ ਉਲਝਣਾ ਤੇ ਮਨਮੁਟਾਵ ਵਿਚ ਫਸ ਗਿਆ ਹੈ ਕਿ ਰਿਸ਼ਤਿਆਂ ਵਿਚ ਤਰੇੜਾ ਦੇ ਨਾਲ ਨਾਲ ਸੱਤ ਬੇਗਾਨਿਆਂ ਵਾਂਗ ਰਹਿ ਰਿਹਾ ਹੈ, ਕਿਸੇ ਨਾਲ ਕੋਈ ਗੱਲਬਾਤ ਤੱਕ ਵੀ ਨਹੀਂ ਕਰਦਾ।

ਰਿਸ਼ਤਿਆਂ ਦੀ ਸਾਂਝ ਹੀ ਇਨਸਾਨ ਨੂੰ ਸਹੀ ਇਨਸਾਨ ਬਨਣ ਵਿਚ ਸਹਾਈ ਸਿੱਧ ਹੋ ਸਕਦੀ ਹੈ ਅਤੇ ਇਸੇ ਨਾਲ ਹੀ ਮਾਨਵੀ ਗੁਣਾਂ ਦਾ ਸੰਚਾਰ ਹੁੰਦਾ ਹੈ। ਇਹ ਸੰਸਕਾਰ ਹਰ ਇਨਸਾਨ ਨੂੰ ਬਚਪਨ ਵਿਚ ਹੀ ਮਾ ਬਾਪ ਦੀ ਪੇਰਣਾ ਨਾਲ ਮਿਲਦੇ ਹਨ। ਮਾਂ ਦੀ ਮਮਤਾ ਹੀ ਮਨੁੱਖ ਨੂੰ ਰਾਖਸ਼ਸ ਬਿਰਤੀ ਤੋਂ ਸਦਾ ਬਚਾਅ ਕੇ ਰੱਖਦੀ ਹੈ। ਇਕ ਚੰਗਾ ਇਨਸਾਨ ਸਮਾਜ ਸੁਧਾਰਕ ਵੀ, ਪਰਿਵਾਰਕ ਰਿਸ਼ਤੇ ਵਿਚੋਂ ਮਿਲੇ ਚੰਗੇ ਸੰਸਕਾਰਾਂ ਕਰਕੇ ਹੀ ਬਣ ਸਕਦਾ ਹੈ। ਕਿਉਂਕਿ ਪਿਆਰ ਰੂਪੀ ਖਾਦ ਹੀ ਰਿਸ਼ਤਿਆਂ ਨੂੰ ਜਰਖੇਜ ਬਣਾ ਸਕਦੀ ਹੈ। ਸਿਰਜਨ ਤੇ ਤਾਜਗੀ ਪਦਾਨ ਕਰਨ ਵਿਚ ਵੀ ਰਿਸ਼ਤਿਆਂ ਦੀ ਅਹਿਮ ਭੂਮਿਕਾ ਝਲਕਦੀ ਹੈ। ਵਫਾਦਾਰੀ ਤੇ ਫਰਜ਼ ਨਿਭਾਉਣਾ ਵੀ ਰਿਸ਼ਤੇ ਹੀ ਸਿਖਾਉਂਦੇ ਹਨ। ਸਤਿਕਾਰ, ਮਿੱਠਤ, ਨਿੱਘ, ਪਿਆਰ, ਨਿਸ਼ਕਾਮ ਸੇਵਾ ਦੇ ਗੁਣਾਂ ਤੱਕ ਪਹੁੰਚ ਰਿਸ਼ਤਿਆਂ ਰਾਹੀ ਹੀ ਸੰਭਵ ਹੋ ਸਕਦੀ ਹੈ। ਹਰ ਇਨਸਾਨ ਦਾ ਪਹਿਲਾ ਰਿਸ਼ਤਾ ਆਪਣੀ ਮਾਂ ਨਾਲ ਜੁੜਦਾ ਹੈ ਤੇ ਬਾਕੀ ਸਾਰਿਆਂ ਦੀ ਜਾਣਕਾਰੀ ਸਮੇਂ ਮੁਤਾਬਕ ਹੁੰਦੀ ਰਹਿੰਦੀ ਹੈ। ਖ਼ੂਨ ਰੂਪੀ ਰਿਸ਼ਤਿਆਂ ਵਿਚੋਂ ਬਹੁਤ ਕੁਝ ਸਿੱਖਣ ਲਈ ਮਿਲਦਾ ਹੈ। ਇਸ ਦੀ ਜੀਵਨ ਵਿਚ ਬਹੁਤ ਮਹੱਤਤਾ ਹੁੰਦੀ ਹੈ। ਰਿਸ਼ਤਿਆਂ ਨੂੰ ਜੋੜ ਕੇ ਰੱਖਣ ਵਿਚ ਜੇਕਰ ਇਕ ਔਰਤ ਦਾ ਜ਼ਿਆਦਾ ਮਹੱਤਵ ਹੁੰਦਾ ਹੈ ਤਾਂ ਇਨਸਾਨ ਵੀ ਕਿਸੇ ਪੱਖੋਂ ਘੱਟ ਨਹੀਂ ਹੁੰਦਾ। ਦੋਨਾਂ ਦੇ ਸਮਤੋਲ ਨਾਲ ਹੀ ਹਰ ਇਕ ਰਿਸ਼ਤੇ ਦੀ ਪਰਪੱਕਤਾ ਤੇ ਸਾਂਝ ਕਾਇਮ ਰਹਿ ਸਕਦੀ ਹੈ। ਇਸ ਵਿਚ ਕੋਈ ਦੋ ਰਾਇ ਨਹੀਂ ਕਿ ਔਰਤ ਪੇਕੇ ਤੇ ਸਹੁਰੇ ਦੋਹਾਂ ਪਰਿਵਾਰਾਂ ਦੇ ਰਿਸ਼ਤਿਆਂ ਨੂੰ ਪੀਡਾ ਕਰਨ ਵਿਚ ਸਹਾਈ ਹੁੰਦੀ ਹੈ। ਇਕ ਸਿਆਣੀ ਸਵਾਣੀ ਇਨ੍ਹਾਂ ਵਿਚ ਕਦੇ ਵੀ ਖਾਮੀ ਨਹੀਂ ਆਉਣ ਨਹੀਂ ਦਿੰਦੀ, ਇਨ੍ਹਾਂ ਨੂੰ ਸਫਲ ਬਣਾਉਣ ਲਈ ਔਰਤ ਵਿਚ ਸਬਰ, ਸੰਤੋਖ, ਠਰੰਮਾ ਤੇ ਤਿਆਗ ਦੀ ਭਾਵਨਾ ਹੋਣਾ ਅਤਿਅੰਤ ਜਰੂਰੀ ਹੈ। ਤਿਆਗ ਦੀ ਭਾਵਨਾ ਨਾਲ ਹੀ ਔਰਤ ਹਰ ਰਿਸ਼ਤਾ ਸ਼ਕਤੀਸ਼ਾਲੀ ਬਣਾ ਦਿੰਦੀ ਹੈ।

ਇਨ੍ਹਾਂ ਰਿਸ਼ਤਿਆਂ ਵਿਚ ਖਟਾਸ ਤੇ ਟੁੱਟਣ ਵਿਚ ਕਿਸੇ ਹੋਰ ਦਾ ਨਹੀਂ, ਸਾਡਾ ਆਪਣਾ ਹੀ ਅਹਿਮ ਰੋਲ ਹੈ। ਸਾਡਾ ਆਪਣਾ ਕੀਮਤੀ ਵਿਰਸਾ ਸਾਥੋ ਖੁਸ ਰਿਹਾ ਹੈ, ਇਸੇ ਕਰਕੇ ਸਾਡਾ ਸਮਾਜ ਖੋਖਲਾ ਹੋ ਰਿਹਾ ਹੈ। ਹਰ ਨੌਜਵਾਨ ਰਿਸ਼ਤਿਆਂ ਦੀ ਘਾਟ ਕਰਕੇ ਮਾਨਸਿਕ ਤਨਾਅ ਦੇ ਵਿਚ ਉਲਝ ਗਿਆ ਹੈ, ਖੁਸ਼ਹਾਲ ਸਮਾਜ ਦੀ ਕਲਪਨਾ ਗੂੜ੍ਹੇ ਰਿਸ਼ਤਿਆਂ ਤੋਂ ਬਿਨ੍ਹਾਂ ਨਹੀਂ ਕੀਤੀ ਜਾ ਸਕਦੀ।

ਪੱਛਮੀ ਸਭਿਅਤਾ ਦੀ ਲਪੇਟ ਵਿਚ ਆ ਕੇ ਅਸੀਂ ਆਪਣੇ ਫਰਜ਼ਾਂ ਨੂੰ ਭੁਲ ਕੇ ਕੁਰਾਹੇ ਪੈ ਰਹੇ ਹਾਂ, ਔਰਤ ਤੇ ਮਰਦ ਦੋਨੋਂ ਹੀ ਇਸ ਦੀ ਲਪੇਟ ਵਿਚ ਆ ਕੇ, ਆਪਣੇ ਖ਼ੂਨ ਦੇ ਰਿਸ਼ਤਿਆਂ ਨੂੰ ਭੁਲ ਰਹੇ ਹਾਂ, ਜੋ ਆਪਣਾ ਪਨ, ਚਾਚਾ, ਚਾਚੀ, ਤਾਇਆ, ਤਾਈ, ਭੂਆ, ਫੁਫੜ, ਮਾਸੜ ਮਾਸੀ, ਬਾਪੂ ਬੇਬੇ ਕਹਿ ਕੇ ਆਉਂਦਾ ਹੈ, ਉਹ ਅੰਕਲ ਆਂਟੀ ਕਹਿ ਕੇ ਬਿਲਕੁਲ ਨਹੀਂ ਆਉਂਦਾ, ਇਹੀ ਇਕ ਉਦਾਹਰਨ ਕਾਫੀ ਹੈ। ਕੋਈ ਸਮਾਂ ਐਸਾ ਵੀ ਸੀ, ਕਿ ਜੇਕਰ ਕਿਸੇ ਨਾਲ ਨੇੜ ਦਾ ਕੋਈ ਰਿਸ਼ਤਾ ਨਹੀਂ ਸੀ ਹੁੰਦਾ ਤਾਂ ਉਨ੍ਹਾਂ ਨੂੰ ਵੀ ਭੈਣ ਤੇ ਭਰਾ ਕਹਿ ਕੇ ਬੁਲਾਇਆ ਜਾਂਦਾ ਸੀ, ਇਨ੍ਹਾਂ ਸ਼ਬਦਾ ਵਿਚ ਆਪਣਾ ਪਨ ਦਿਸਦਾ ਸੀ, ਪਰ ਅੱਜ ਹਾਲਾਤ ਬਦਲ ਗਏ ਹਨ ਕਿਸੇ ਵੀ ਪਿੰਡ ਦੀ ਲੜਕੀ ਨੂੰ ਮੈਡਮ ਕਹਿ ਕੇ ਬੁਲਾਇਆ ਜਾਣ ਲੱਗਾ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਅਜੋਕੇ ਦੌਰ ਵਿਚ ਕਾਲਜਾਂ ਵਿਚ ਪੜ੍ਹਨ ਵਾਲੇ ਬੱਚੇ (ਲੜਕੇ ਤੇ ਲੜਕੀਆਂ) ਸੱਭ ਤੋਂ ਪਹਿਲਾਂ ਆਪਣਾ ਬੁਆਏ ਫਰੈਂਡ ਜਾਂ ਗਰਲ ਫਰੈਂਡ ਲੱਭਦੇ ਹਨ, ਜਿਸ ਦਾ ਕੋਈ ਮਿੱਤਰ ਨਹੀਂ ਹੁੰਦਾ ਉਸ ਨੂੰ ਪਛੜਿਆ ਸਮਝਿਆ ਜਾਂਦਾ ਹੈ। ਇਸ ਤੋਂ ਸਹਿਜੇ ਹੀ ਅੰਦਾਜਾ ਲਗਾਇਆ ਜਾ ਸਕਦਾ ਹੈ ਕਿ ਨਵੇਂ ਸਬੰਧ ਸਾਡੇ ਸੱਭਿਆਚਾਰ ਵਿਚ ਕਿਵੇਂ ਰਾਸ ਆਉਣਗੇ?

ਪੱਛਮ ਦੀ ਦੇਖਾ ਦੇਖੀ ਵਿਚ ਔਰਤ ਦਾ ਮਾਨਸਿਕ ਸੰਤੁਲਨ ਬੇ-ਲਗਾਮ ਹੋ ਰਿਹਾ ਹੈ, ਨੰਗੇਜਵਾਦ ਨੇ ਰਿਸ਼ਤੇ ਤੋੜਨ ਵਿਚ ਅਹਿਮ ਰੋਲ ਅਦਾ ਕੀਤਾ ਹੈ, ਔਰਤਾਂ ਦੀਆਂ ਭੜਕੀਆਂ ਭਾਵਨਾਵਾਂ ਰਿਸ਼ਤਿਆਂ ਵਿਚ ਵਿਗਾੜ ਪਾ ਰਹੀਆਂ ਹਨ। ਬੇਸ਼ੱਕ 100 ਪਸੈਂਟ ਨਹੀਂ ਪਰ ਅਸਰ ਵੇਖਣ ਨੂੰ ਜਰੂਰ ਮਿਲਦਾ ਹੈ। ਇਸੇ ਕਰਕੇ ਰਿਸ਼ਤੇ ਤਾਰੋ ਤਾਰ ਹੋ ਰਹੇ ਹਨ। ਇਸ ਵਿਚ ਮਰਦਾਂ ਦਾ ਵੀ ਰੋਲ ਘੱਟ ਨਹੀਂ ਹੈ, ਉਹ ਵੀ ਗੁਲੋ ਗੁਲਜਾਰ ਛੱਡ ਕੇ ਮੁਰਝਾਏ ਤੇ ਬਾਸੀ ਫੁਲਾਂ ਚੋਂ ਸੁਗੰਧ ਲੱਭਣ ਦੀ ਕੋਸ਼ਿਸ ਕਰ ਰਹੇ ਹਨ। ਖਾਸ ਰਿਸਤਿਆਂ ਵਿਚੋਂ ਹੀ ਠੱਗੀ ਚੋਰੀ ਬੇ- ਈਮਾਨੀ, ਧੋਖੇਬਾਜੀ ਦਾ ਕੰਮ ਵੀ ਉਪਜ ਰਿਹਾ ਹੈ। ਤਨ ਦੀ ਖਾਤਿਰ ਰਿਸ਼ਤਿਆਂ ਦੀ ਬਲੀ ਦਿੱਤੀ ਜਾ ਰਹੀ ਹੈ।

ਰਿਸ਼ਤੇ ਮਨੁੱਖ ਦੀ ਕਮਾਈ ਹੋਈ ਦੌਲਤ ਹੁੰਦ ਹਨ, ਜਿਹੜੇ ਮਸਾਂ ਹੀ ਬਣਦੇ ਹਨ, ਪਰ ਟੁਟ ਮਿੰਟਾਂ ਵਿਚ ਜਾਂਦੇ ਹਨ। ਇਹ ਜੇਕਰ ਸੁਤੀਆਂ ਭਾਵਨਾਵਾਂ ਜਗਾਉਣ ਦਾ ਕੰਮ ਕਰਦੇ ਹਨ ਤਾਂ ਖਤਰਿਆਂ ਨਾਲ ਜੁਝਣ ਦਾ ਕੰਮ ਵੀ ਕਰਦੇ ਹਨ। ਰਿਸ਼ਤਿਆਂ ਨੂੰ ਭੁਲ ਕੇ ਅਸੀਂ ਅੰਦਰੋਂ ਸੱਖਣੇ ਹੋ ਜਾਵਾਂਗੇ । ਰਿਸ਼ਤੇ ਸਭਿਅਤਾ, ਸੱਭਿਆਚਾਰ ਤੇ ਸੰਸਕਿਤੀ ਦੀ ਸਿਰਜਣਾ ਕਰਦੇ ਹਨ। ਇਨ੍ਹਾਂ ਦੀ ਉਸਾਰੀ ਲਈ ਸਮਾਜਿਕ ਅਤੇ ਪਰਿਵਾਰਕ ਗੂੜ੍ਹੇ ਰਿਸ਼ਤੇ ਥੰਮਾਂ ਦਾ ਕੰਮ ਕਰਦੇ ਹਨ। ਸਮਾਜ ਤੇ ਪਰਿਵਾਰ ਇਨ੍ਹਾਂ ਦੁਆਲੇ ਹੀ ਘੁੰਮਦਾ ਹੈ। ਸਾਡੀ ਆਉਣ ਵਾਲੀ ਨਵੀਂ ਪੀੜੀ ਮਤੇ ਕੁਰਾਹੇ ਪੈ ਜਾਵੇ, ਇਸ ਕਰਕੇ ਮਰਦ ਅਤੇ ਔਰਤ ਦੀ ਸਾਰੇ ਹੀ ਸਮਾਜ ਨੂੰ ਟੁੱਟ ਰਹੇ ਅਤੇ ਬਿਖਰ ਰਹੇ ਰਿਸ਼ਤਿਆਂ ਨੂੰ ਪੀਡੀਆਂ ਗੰਢਾਂ ਦੇ ਕੇ ਨਿਭਾਉਣ ਦਾ ਅੱਜ ਤੋਂ ਹੀ ਸੰਕਲਪ ਕਰਨਾ ਪਵੇਗਾ, ਤਾਂ ਹੀ ਅਸੀਂ ਆਪਣੇ ਸਮਾਜ ਅਤੇ ਦੇਸ਼ ਦੀ ਅਬਰੂ ਕਾਇਮ ਰੱਖ ਸਕਦੇ ਹਾਂ।

# ਜਿਨ੍ਹਾਂ ਨੇ ਅਧਿਆਪਕ ਪੇਸ਼ੇ ਨੂੰ ਢਾਹ ਲਾਈ

ਮੈਂ ਚਾਲੀ ਸਾਲ ਅਧਿਆਪਨ ਦੇ ਕਿੱਤੇ ਨਾਲ ਜੁੜਿਆ ਰਿਹਾ। ਏਨੇ ਲੰਮੇ ਸਮੇਂ ਦੌਰਾਨ ਇਸ ਕਿੱਤੇ ਨਾਲ ਜੁੜੇ ਤਰ੍ਹਾਂ-ਤਰ੍ਹਾਂ ਦੇ ਬੰਦਿਆਂ ਨਾਲ ਵਾਹ ਪਿਆ। ਪੰਜਾਬ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਨਾਲ ਸਬੰਧਤ ਕਈ ਕਾਲਜਾਂ ਵਿੱਚ ਅਮਲੀ ਪ੍ਰੀਖਿਆ ਦੇ ਪੂਰਕ ਅਤੇ ਸਾਲਾਨਾ ਇਮਤਿਹਾਨਾਂ ਵਿੱਚ ਜਾਣ ਦਾ ਮੌਕਾ ਮਿਲਿਆ। ਕਈ ਗੱਲਾਂ ਅੱਖੀਂ ਦੇਖੀਆਂ, ਕਈ ਦੂਜਿਆਂ ਕੋਲੋਂ ਸੁਣੀਆਂ। ਕਈਆਂ ਦੇ ਜਾਇਜ਼/ਨਜਾਇਜ਼ ਕਾਰਨਾਮੇ ਦੇਖੇ ਸੁਣੇ। ਥੋੜਿਆਂ ਨੂੰ ਖੁਸ਼ ਕੀਤਾ, ਬਹੁਤੇ ਨਰਾਜ਼ ਹੋਏ। ਏਨੇ ਲੰਮੇ ਸਮੇਂ 'ਚ ਦੇਖੀਆਂ/ਸੁਣੀਆਂ ਕਥਾ ਕਹਾਣੀਆਂ ਕਈ ਵਿਸਰ ਗਈਆਂ, ਕਈ ਅਜੇ ਵੀ ਯਾਦ ਹਨ, ਜਿਹੜੀਆਂ ਮੈਂ ਪਾਠਕਾਂ ਨਾਲ ਸਾਂਝੀਆਂ ਕਰਨੀਆਂ ਚਾਹਾਂਗਾ।ਇਕ ਵਾਰ ਇਕ ਪ੍ਰੋਫੈਸਰ ਸ਼ਹਿਰ ਦੀ ਮਾਰਕੀਟ 'ਚੋਂ ਰਿਕਸ਼ੇ 'ਤੇ ਜਾ ਰਿਹਾ ਸੀ। ਸ਼ਾਮ ਦਾ ਵੇਲਾ ਸੀ। ਥੋੜ੍ਹਾ ਜਿਹਾ ਨਸ਼ੇ ਵਿੱਚ ਵੀ ਸੀ। ਅੱਜ ਹੀ ਉਸ ਨੂੰ ਘਰੇਲੂ ਪ੍ਰੀਖਿਆ 'ਚ ਆਪਣੇ ਵਿਸ਼ੇ ਦੇ ਪੇਪਰਾਂ ਦਾ ਬੰਡਲ ਵੀ ਮਿਲਿਆ ਸੀ। ਪ੍ਰਿੰਸੀਪਲ ਵਲੋਂ ਹਦਾਇਤ ਸੀ ਕਿ ਇਕ ਹਫਤੇ ਦੇ ਅੰਦਰ-ਅੰਦਰ ਪੇਪਰ ਦੇਖ ਲਏ ਜਾਣ ਤੇ ਨੰਬਰਾਂ ਦੀ ਲਿਸਟ ਦਫਤਰ ਦੇ ਦਿੱਤੀ ਜਾਵੇ। ਹੋਇਆ ਕਿ ਕੀ ਰਿਕਸ਼ੇ 'ਚ ਜਾਂਦਿਆਂ ਪੇਪਰਾਂ ਦਾ ਬੰਡਲ ਕਿਤੇ ਡਿੱਗ ਪਿਆ। ਹੁਣ ਕੀ ਕੀਤਾ ਜਾਵੇ? ਪਤਾ ਨਾ ਲੱਗੇ ਕਿ ਕਿੱਥੇ ਡਿੱਗਿਆ ਹੈ। ਪ੍ਰੋਫੈਸਰ ਨੇ ਜਾਅਲੀ ਨੰਬਰਾਂ ਦੀ ਲਿਸਟ ਬਣਾ ਕੇ ਦਫਤਰ ਦੇ ਦਿੱਤੀ। ਦੂਜੇ ਤੀਜੇ ਦਿਨ ਕੋਈ ਸੱਜਣ ਕਾਲਜ ਪ੍ਰਿੰਸੀਪਲ ਨੂੰ ਪੇਪਰਾਂ ਦਾ ਬੰਡਲ ਦੇ ਗਿਆ, ਕਿਉਂਕਿ ਕਾਪੀਆਂ ਤੇ ਕਾਲਜ ਦਾਂ ਨਾਂ ਛਪਿਆ ਸੀ। ਪ੍ਰਿੰਸੀਪਲ ਨੇ ਪ੍ਰੋਫੈਸਰ ਨੂੰ ਬੁਲਾ ਕੇ ਕਿਹਾ ਕਿ ਤੁਹਾਡੀ ਨੰਬਰਾਂ ਦੀ ਲਿਸਟ ਦਫਤਰ ਨਹੀਂ ਪਹੁੰਚੀ ਤਾਂ ਉਹ ਕਹਿਣ ਲੱਗੇ ਕਿ ਮੈਂ ਤਾਂ ਕਈ ਦਿਨਾਂ ਦੀ ਦੇ ਚੁੱਕਾ ਹਾਂ ਤਾਂ ਪ੍ਰਿੰਸੀਪਲ ਨੇ ਪੇਪਰਾਂ ਦਾ ਬੰਡਲ ਅਲਮਾਰੀ 'ਚੋਂ ਕੱਢ ਕੇ ਕਿਹਾ ਕਿ ਤੁਸੀਂ ਪੇਪਰ ਤਾਂ ਚੈਕ ਹੀ ਨਹੀਂ ਕੀਤੇ। ਜਾਅਲੀ ਲਿਸਟ ਦੇ ਛੱਡੀ ਹੈ। ਪ੍ਰੋਫੈਸਰ ਚੁੱਪ ਸੀ।

ਘਰੇਲੂ ਪ੍ਰੀਖਿਆਵਾਂ 'ਚ ਡਿਊਟੀ ਦੇਣਾ ਆਮ ਜਿਹੀ ਗੱਲ ਸਮਝੀ ਜਾਂਦੀ ਸੀ। ਸੈਂਟਰ ਸੁਪਰਡੈਂਟ ਵਲੋਂ ਕਿਹਾ ਤਾਂ ਜਾਂਦਾ ਸੀ ਕਿ ਯੂਨੀਵਰਸਿਟੀ ਪ੍ਰੀਖਿਆਵਾਂ ਵਾਂਗ ਅੱਧੇ ਟਾਈਮ ਤੋਂ ਪਹਿਲਾਂ ਕੋਈ ਵੀ ਵਿਦਿਆਰਥੀ ਪੇਪਰ ਦੇ ਕੇ ਬਾਹਰ ਨਾ ਜਾਵੇ, ਪਰ ਕਈ ਵਿਦਿਆਰਥੀ ਤਾਂ ਪੇਪਰ ਤੇ ਨਾਂ, ਰੋਲ ਨੰਬਰ ਲਿਖ ਕੇ ਹੀ ਜਾਣ ਨੂੰ ਕਾਹਲੇ ਹੁੰਦੇ ਸਨ। ਕੋਈ ਵੀ ਅਧਿਆਪਕ ਉਨ੍ਹਾਂ ਨੂੰ ਨਾ ਰੋਕਦਾ। ਅੱਧੇ ਟਾਈਮ ਤੱਕ ਕਾਫੀ ਵਿਦਿਆਰਥੀ ਜਾ ਚੁੱਕੇ ਹੁੰਦੇ ਸਨ। ਫਿਰ ਕਈ ਸੀਨੀਅਰ ਅਧਿਆਪਕ ਆਪਣੇ ਕਮਰੇ ਰਹਿ ਗਏ ਦੋ ਚਾਰ ਬੱਚੇ ਨਾਲ ਦੇ ਕਮਰੇ ਵਾਲੇ ਨੂੰ ਸੌਂਪ ਕੇ ਆਪ ਛੁੱਟੀ ਕਰ ਜਾਂਦੇ ਸਨ, ਜਿਸ ਕਮਰੇ 'ਚ ਦੋ ਜਣਿਆਂ ਦੀ ਡਿਊਟੀ ਹੁੰਦੀ, ਉਹ ਡਿਊਟੀ ਦਾ ਸਮਾਂ ਅੱਧਾ-ਅੱਧਾ ਵੰਡ ਲੈਂਦੇ ਸਨ।

ਕਈ ਵਾਰ ਆਰਟਸ ਦੀਅ ਕਲਾਸਾਂ ਵਿੱਚ ਵਿਦਿਆਰਥੀਅ ਦੀ ਹਾਜ਼ਰੀ ਘੱਟ ਹੀ ਹੁੰਦੀ ਤਾਂ ਇਕ ਟੀਚਰ ਨਾਲ ਦੇ ਕਮਰੇ 'ਚ ਲੱਗ ਰਹੀ ਉਸੇ ਹੀ ਵਿਸ਼ੇ ਅਤੇ ਕਲਾਸ ਦੇ ਸੈਕਸ਼ਨ 'ਚ ਆਪਣੇ ਬੱਚੇ ਵੀ ਬੈਠਾ ਦਿੰਦਾ। ਕਈ ਅਧਿਆਪਕ ਤਾਂ ਘਰੇਲੂ ਪ੍ਰੀਖਿਆਵਾਂ ਦੇ ਪੇਪਰ ਵੀ ਆਪਣੇ ਕਿਸੇ ਜੂਨੀਅਰ ਟੀਚਰ ਨੂੰ ਦੇਖਣ ਨੂੰ ਦੇ ਦਿੰਦੇ ਸਨ। ਕਈ ਟੀਚਰ ਹਰ ਸਾਲ ਹੀ ਸਾਲਾਨਾ ਪ੍ਰੀਖਿਆਵਾਂ 'ਚ ਸੁਪਰਡੈਂਟ ਲੱਗਦੇ ਸਨ, ਜੇ ਕਿਸੇ ਦੂਸਰੇ ਸ਼ਹਿਰ ਦੇ ਸੈਂਟਰ 'ਚ ਡਿਊਟੀ ਲੱਗਦੀ ਤਾਂ ਖਾਣ ਪੀਣ ਤਾਂ ਹੁੰਦਾ ਹੀ ਸੀ, ਕਈ ਤਾਂ ਨਕਦਨਾਮਾ ਵੀ ਕਮਾ ਲੈਂਦੇ ਸਨ। ਸੁਣਿਆ ਸੀ ਇਕ ਅਧਿਆਪਕ ਤਾਂ ਹਰ ਸਾਲ ਕੋਈ ਨਾ ਕੋਈ ਘਰ ਦੀ ਚੀਜ਼ ਬਣਾ ਲੈਂਦਾ ਸੀ ਜਿਵੇਂ ਸਕੂਟਰ, ਟੀ ਵੀ, ਫਰਿਜ ਆਦਿ। ਇਕ ਵਾਰੀ ਇਕ ਸੈਂਟਰ 'ਚ ਕਿਸੇ ਕਾਲਜ ਦਾ ਇਕ ਕਰਮਚਾਰੀ, ਉਸ ਦਾ ਮੁੰਡਾ ਤੇ ਲੜਕੀ ਸਾਰੇ ਹੀ ਅਲੱਗ-ਅਲੱਗ ਸੈਂਟਰਾਂ ਵਿੱਚ ਇਮਤਿਹਾਨ ਦੇ ਰਹੇ ਸਨ ਤੇ ਨਕਲ ਮਾਰ ਰਹੇ ਸਨ। ਇਕ ਵੇਰ ਏਦਾਂ ਵੀ ਹੋਇਆ ਕਿ ਸੁਪਰਡੈਂਟ ਆਪਣੇ ਚਹੇਤੇ ਵਿਦਿਆਰਥੀ ਨੂੰ ਨਕਲ ਮਰਵਾ ਰਿਹਾ ਸੀ ਤੇ ਬਾਕੀਆਂ ਨੂੰ ਨਕਲ ਕਰਨ ਤੋਂ ਵਰਜ ਰਿਹਾ ਸੀ। ਨਕਲ ਕਰ ਰਹੇ ਇਕ ਦੋ ਵਿਦਿਆਰਥੀਆਂ ਦੇ ਤਾਂ ਉਸ ਸਾਹਿਬ ਨੇ ਥੱਪੜ ਜੜ ਦਿੱਤਾ ਸੀ। ਉਸ ਟੀਚਰ ਤੋਂ ਕਿਸੇ ਟੀਚਰ ਦੀ ਲੜਕੀ ਟਿਊਸ਼ਨ ਲੈ ਰਹੀ ਸੀ। ਕੰਪਾਰਟਮੈਂਟ ਸੀ ਉਸਦੀ, ਜਿਥੇ ਉਹ ਸੁਪਰਡੈਂਟ ਲੱਗਾ ਹੋਇਆ ਸੀ, ਲੜਕੀ ਵੀ ਉਥੇ ਇਮਤਿਹਾਨ ਦੇ ਰਹੀ ਸੀ। ਨਕਲ ਕਰਨ ਲਈ ਪੂਰੀ ਸਮੱਗਰੀ ਉਸ ਨੂੰ ਮਿਲ ਰਹੀ ਸੀ, ਪਰ ਉਹੀ ਸੁਪਰਡੈਂਟ ਸੈਂਟਰ 'ਚ ਕਿਸੇ ਹੋਰ ਨੂੰ ਕੰਨ ਵੀ ਨਹੀਂ ਸੀ ਹਿਲਾਉਣ ਦਿੰਦਾ। ਪੇਪਰ ਖਤਮ ਹੋਣ ਬਾਅਦ ਜਦ ਉਹ ਅਧਿਆਪਕ ਅੱਡੇ ਤੋਂ ਬੱਸ ਲੈਣ ਲਈ ਆ ਰਿਹਾ ਸੀ ਤਾਂ ਵਿਦਿਆਰਥੀਆਂ ਨੇ ਉਸ ਨੂੰ ਘੇਰ ਲਿਆ।

# ਮਹਿੰਗਾਈ ਦੀ ਚੱਕੀ ਵਿੱਚ ਪਿੱਸਦੇ ਲੋਕ

ਪਿਛਲੇ ਲੰਮੇ ਸਮੇਂ ਤੋਂ ਸਮਾਜ ਦਾ ਇਕ ਵਰਗ ਲਗਾਤਾਰ ਇਸ ਗੱਲ ਦੀ ਹਾਲ ਦੁਹਾਈ ਪਾ ਰਿਹਾ ਹੈ ਕਿ ਮਹਿੰਗਾਈ ਨੇ ਉਸ ਦਾ ਲੱਕ ਤੋੜ ਦਿੱਤਾ ਹੈ। ਇਹ ਵਰਗ ਮਹਿੰਗਾਈ ਨੂੰ ਕੋਸਦਾ ਹੈ ਅਤੇ ਇਸ ਲਈ ਜ਼ਿੰਮੇਵਾਰ ਧਿਰ ਦੀ ਨਿਸ਼ਾਨਦੇਹੀ ਕਰਨ ਦੀ ਅਸਫਲ ਕੋਸ਼ਿਸ਼ ਵੀ ਕਰਦਾ ਹੈ। ਭਾਰਤ ਦੀਆਂ ਵੱਖ-ਵੱਖ ਰਾਜਸੀ ਪਾਰਟੀਆਂ ਵੀ ਸਮੇਂ-ਸਮੇਂ 'ਤੇ ਅਜਿਹੀਆਂ ਟਿੱਪਣੀਆਂ ਕਰਦੀਆਂ ਰਹਿੰਦੀਆਂ ਹਨ, ਪਰ ਕੁੱਲ ਮਿਲਾ ਕੇ ਨਾ ਤਾਂ ਕੋਈ ਵੱਡੀ ਲੋਕ ਰਾਏ ਹੀ ਬਣ ਪਾਉਂਦੀ ਹੈ ਅਤੇ ਨਾ ਹੀ ਲੋਕ ਅੰਦੋਲਨ ਖੜਾ ਹੋ ਪਾਉਂਦਾ ਹੈ। ਸਰਕਾਰ ਵੀ ਕੇਵਲ ਇਹ ਬਿਆਨ ਦੇ ਕੇ ਕਿ 'ਆਉਣ ਵਾਲੇ ਦਿਨਾਂ ਵਿੱਚ ਮਹਿੰਗਾਈ ਹੋਰ ਵਧ ਸਕਦੀ ਹੈ', ਆਪਣੀ ਜ਼ਿੰਮੇਵਾਰੀ ਤੋਂ ਮੁਕਤ ਮਹਿਸੂਸ ਕਰਦੀ ਹੈ। ਅਕਸਰ ਬਿਆਨ ਆ ਜਾਂਦਾ ਹੈ ਕਿ ਇਸ ਸਾਲ ਕਮਾਦ ਦੀ ਫਸਲ ਘੱਟ ਹੋਣ ਕਰਕੇ ਖੰਡ ਦੀ ਕੀਮਤ ਹੋਰ ਵੀ ਵਧ ਸਕਦੀ ਹੈ। ਇਸ ਬਿਆਨ ਦੇ ਦੂਜੇ ਹੀ ਦਿਨ ਖੰਡ ਵੱਡੇ-ਵੱਡੇ ਸਟੋਰਾਂ ਵਿੱਚ ਬੰਦ ਹੋ ਜਾਂਦੀ ਹੈ ਤੇ ਨਾਲ ਹੀ ਖੰਡ ਦੀਆਂ ਕੀਮਤਾਂ 'ਚ ਵਾਧਾ ਹੋ ਜਾਂਦਾ ਹੈ। ਇਸੇ ਤਰ੍ਹਾਂ ਡੀਜ਼ਲ ਅਤੇ ਪੈਟਰੋਲ ਦੇ ਮਾਮਲੇ ਵਿੱਚ ਹੁੰਦਾ ਹੈ। ਲੋਕ ਅਜੇ ਵਿਰੋਧ ਹੀ ਕਰ ਰਹੇ ਹੁੰਦੇ ਹਨ ਕਿ ਸਰਕਾਰ ਵੱਲੋਂ ਬਿਆਨ ਆ ਜਾਂਦਾ ਹੈ ਕਿ ਅਜੇ ਪੈਟਰੋਲੀਅਮ ਪਦਾਰਥਾਂ ਦੀਆਂ ਕੀਮਤਾਂ ਹੋਰ ਵਧਣ ਦੇ ਆਸਾਰ ਹਨ। ਮਹਿੰਗਾਈ ਦੇ ਇਸ ਵਰਤਾਰੇ ਨੇ ਸਮਾਜ ਦੇ ਗਰੀਬ-ਅਮੀਰ ਵਰਗਾਂ ਦੀ ਖਾਈ ਨੂੰ ਹੋਰ ਵੀ ਚੌੜਾ ਕਰ ਦਿੱਤਾ ਹੈ। ਇਸ ਨਾਲ ਇਕ ਵਰਗ ਰਾਤੋ-ਰਾਤ ਅਮੀਰ ਹੋ ਰਿਹਾ ਹੈ ਜੋ ਚੋਣਾਂ ਦੇ ਦਿਨਾਂ ਦੌਰਾਨ ਇਨ੍ਹਾਂ ਰਾਜਸੀ ਪਾਰਟੀਆਂ ਨੂੰ ਦਿਲ ਖੋਲ੍ਹ ਕੇ ਦਾਨ ਦਿੰਦਾ ਹੈ, ਪਰ ਨਾਲ ਹੀ ਗਰੀਬ ਵਰਗ ਹੋਰ ਗਰੀਬ ਹੁੰਦਾ ਜਾਂਦਾ ਹੈ। ਇਸ ਵਰਤਾਰੇ ਵਿੱਚ ਮੱਧ ਵਰਗ ਹੀ ਇਕ ਅਜਿਹਾ ਵਰਗ ਹੈ ਜਿਹੜਾ ਇਸ ਮਹਿੰਗਾਈ ਦੀ ਚਰਚਾ ਕਰਦਾ ਹੈ, ਜਿਸ ਨੂੰ ਸਰਕਾਰ ਵੱਲੋਂ ਮਹਿੰਗਾਈ ਭੱਤਾ ਹਰ ਛੇ ਮਹੀਨੇ ਦੇ ਬਾਅਦ ਦੇ ਦਿੱਤਾ ਜਾਂਦਾ ਹੈ, ਭਾਵੇਂ ਕਿ ਉਹ ਮਹਿੰਗਾਈ ਦੇ ਵਾਧੇ ਦੇ ਬਰਾਬਰ ਨਹੀਂ ਹੁੰਦਾ, ਪਰ ਇਸ ਦੀ ਮਾਰ ਨੂੰ ਘੱਟ ਜ਼ਰੂਰ ਕਰ ਦਿੰਦਾ ਹੈ, ਜਿਸ ਕਰਕੇ ਇਹ ਵਰਗ ਮਹਿੰਗਾਈ ਦੀ ਚੱਕੀ ਵਿੱਚ ਪਿਸਦਾ ਹੋਇਆ ਵੀ ਕੋਈ ਲੋਕ ਅੰਦੋਲਨ ਲਾਮਬੰਦ ਕਰਨ ਵੱਲ ਨਹੀਂ ਵਧਦਾ ਭਾਵੇਂ ਹਰ ਵਕਤ ਚਾਹੁੰਦਾ ਹਮੇਸ਼ਾ ਇਹੀ ਹੈ ਕਿ ਲੋਕ ਅੰਦੋਲਨ ਲਾਮਬੰਦ ਹੋਵੇ ਤਾਂ ਕਿ ਲੋਕਾਂ ਦੀ ਜਾਨ ਸੌਖੀ ਹੋਵੇ।

ਦਰਅਸਲ, ਜਿਸ ਵਰਗ ਨੂੰ ਮਹਿੰਗਾਈ ਦੀ ਸਭ ਤੋਂ ਵੱਧ ਮਾਰ ਝੱਲਣੀ ਪੈ ਰਹੀ ਹੈ, ਉਹ ਹਾਸ਼ੀਏ ਉਪਰ ਚਲਾ ਗਿਆ ਹੈ, ਉਸ ਨੇ ਕਦੇ ਖੁੱਲ੍ਹ ਕੇ ਇਸ ਮਹਿੰਗਾਈ ਦੀ ਚਰਚਾ ਵੀ ਨਹੀਂ ਕੀਤੀ। ਆਮ ਲੋਕਾਂ ਨੂੰ ਭਾਰਤ ਦੇ ਅਰਥ ਸ਼ਾਸਤਰੀਆਂ ਵੱਲੋਂ ਦੱਸੀਆਂ ਜਾਂਦੀਆਂ ਵਿਕਾਸ ਰੇਖਾ ਸਬੰਧੀ ਡੀਂਗਾਂ ਤੋਂ ਅਣਜਾਨ ਹਨ। ਵਿਸ਼ਵੀਕਰਨ ਦੀਆਂ ਨੀਤੀਆਂ ਤੋਂ ਉਹ ਪੂਰੀ ਤਰ੍ਹਾਂ ਨਾਲ ਬੇਖਬਰ ਹਨ। ਮਹਿੰਗਾਈ ਸਰਕਾਰ ਦੀਆਂ ਗਲਤ ਨੀਤੀਆਂ ਦਾ ਸਿੱਟਾ ਹੁੰਦੀ ਹੈ, ਇਸ ਬਾਰੇ ਵੀ ਉਹ ਹੈਰਾਨ ਹੀ ਹੁੰਦੇ ਹਨ। ਸਮਾਜਿਕ ਵਰਤਾਰਿਆਂ ਨੂੰ ਕੁਦਰਤੀ ਵਰਤਾਰਿਆਂ ਵਾਂਗ ਸਮਝਦਿਆਂ ਜ਼ਿੰਦਗੀ ਨਾਲੋਂ ਪੂਰੀ ਤਰ੍ਹਾਂ ਟੁੱਟੇ ਇਨ੍ਹਾਂ ਕਿਰਤੀ ਲੋਕਾਂ ਦੀ ਹਾਲਤ ਦਾ ਮੱਧ ਵਰਗੀ ਲੋਕ ਫਾਇਦਾ ਉਠਾ ਰਹੇ ਹਨ। ਇਹ ਲੋਕ ਸਾਨੂੰ ਸਸਤੀਆਂ ਸੇਵਾਵਾਂ ਦੇਣ ਲਈ ਮਜ਼ਬੂਰ ਹਨ। ਸ਼ਾਇਦ ਇਸੇ ਲਈ ਹੀ ਅਸੀਂ ਉਨ੍ਹਾਂ ਦੇ ਮਸਲਿਆਂ ਤੋਂ ਚੁੱਪ ਵੱਟੀ ਬੈਠੇ ਹਾਂ। ਸਸਤੀ ਮਜ਼ਦੂਰੀ ਦੇ ਕੇ ਇਹ ਮੱਧ ਵਰਗ ਲਈ ਮਹਿੰਗਾਈ ਨੂੰ ਕੁਝ ਹੱਦ ਤੱਕ ਘੱਟ ਕਰ ਰਹੇ ਹਨ। ਵਿਸ਼ਵੀਕਰਨ ਦੀਆਂ ਲੋਕ ਮਾਰੂ ਨੀਤੀਆਂ ਨਾਲ ਮਹਿੰਗਾਈ ਹੋਰ ਵਧਣ ਦੇ ਆਸਾਰ ਹਨ, ਜਿਸ ਨਾਲ ਲੋਕਾਂ ਦਾ ਹੋਰ ਵੀ ਕਚੂਮਰ ਨਿਕਲ ਜਾਵੇਗਾ। ਜਦੋਂ ਤੋਂ ਅਸੀਂ ਵਿਸ਼ਵੀਕਰਨ ਦੀਆਂ ਨਵ-ਸਾਮਰਾਜਵਾਦੀ ਨੀਤੀਆਂ ਦੇ ਭਾਗੀਦਾਰ ਬਣੇ ਹਾਂ, ਉਦੋਂ ਤੋਂ ਗਰੀਬੀ ਰੇਖਾ ਹੇਠ ਆਉਣ ਵਾਲੇ ਲੋਕਾਂ ਦੀ ਗਿਣਤੀ ਵੀ ਵਧੀ ਹੈ। ਇਹ ਵਿਸ਼ਵੀਕਰਨ ਦੀਆਂ ਨੀਤੀਆਂ ਦਾ ਹੀ ਸਿੱਟਾ ਹੈ ਕਿ ਸਾਡੇ ਦੇਸ਼ ਵਿੱਚ ਮਹਿੰਗਾਈ 12 ਫੀਸਦੀ ਤੋਂ ਵੱਧ ਹੋ ਗਈ ਹੈ, ਜੋ ਪਿਛਲੇ 16 ਸਾਲਾਂ ਵਿੱਚ ਇਕ ਰਿਕਾਰਡ ਵਜੋਂ ਦਰਜ ਕੀਤੀ ਗਈ ਹੈ, ਪਰ ਇਸ ਦੇ ਬਿਲਕੁਲ ਉਲਟ ਹਾਕਮ ਧਿਰਾਂ ਵੱਲੋਂ ਇਹ ਪ੍ਰਚਾਰ ਕੀਤਾ ਜਾਂਦਾ ਹੈ ਕਿ ਵਿਸ਼ਵੀਕਰਨ ਦੀਆਂ ਨੀਤੀਆਂ ਨੇ ਆਮ ਵਿਅਕਤੀ ਨੂੰ ਵੀ ਰੁਜ਼ਗਾਰ ਦਿੱਤਾ ਹੈ, ਜਿਸ ਨਾਲ ਚੀਜ਼ਾਂ ਦੀ ਥੁੜ੍ਹ ਹੋ ਗਈ ਹੈ ਅਤੇ ਵਸਤਾਂ ਮਹਿੰਗੀਆਂ ਹੋ ਗਈਆਂ ਹਨ, ਜਦੋਂਕਿ ਅਸਲੀਅਤ ਇਸ ਦੇ ਬਿਲਕੁਲ ਉਲਟ ਹੈ। ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬੁਸ਼ ਨੇ ਇਕ ਬਿਆਨ ਵਿੱਚ ਕਿਹਾ ਸੀ ਕਿ ਭਾਰਤ ਅਤੇ ਚੀਨ ਦੇ ਲੋਕ ਵੱਧ ਖਾਂਦੇ ਹਨ।

# ਓਹ ਤਾਂ ਉਈਂ ਮੂੰਈਂ ਦੀ ਲੜਾਈ ਸੀ

ਉਨੀ ਸੌ ਇਕਾਹਠ ਵਿੱਚ ਮੇਰਾ ਨਿੱਘਾ ਦੋਸਤ ਬੀਰੂ ਤੇ ਮੈਂ ਚਮਕੌਰ ਸਾਹਿਬ ਦੇ ਖਾਲਸਾ ਹਾਇਰ ਸੈਕੰਡਰੀ ਸਕੂਲ ਦੀ ਨੌਵੀਂ ਜਮਾਤ ਵਿੱਚ ਪੜ੍ਹਦੇ ਸਾਂ। ਸਾਨੂੰ ਦੋਵਾਂ ਨੂੰ ਹੀ ਪੜ੍ਹਨ ਦਾ ਬਹੁਤ ਸ਼ੌਕ ਸੀ। ਸਾਡੇ ਘਰ ਭਾਵੇਂ ਦੂਰ ਦੂਰ ਸਨ, ਪਰ ਅਸੀਂ ਰਾਤ ਵੇਲੇ ਸਾਡੇ ਡੰਗਰਾਂ ਵਾਲੇ ਕੋਠੇ ਦੀ ਛੱਤ 'ਤੇ ਹੀ ਪਿਆ ਕਰਦੇ ਸਾਂ। ਉਥੇ ਹੀ ਅਸੀਂ ਰਾਤ ਨੂੰ ਦਸ ਵਜੇ ਤੱਕ ਪੜ੍ਹਾਈ ਕਰਦੇ ਅਤੇ ਤੜਕੇ ਉਠ ਕੇ ਪੜ੍ਹਨ ਲਈ ਚਾਰ ਵਜੇ ਦਾ ਅਲਾਰਮ ਲਾ ਕੇ ਸੌਂ ਜਾਂਦੇ। ਸਾਡੇ ਦੋਵਾਂ ਦੇ ਮੰਜਿਆਂ ਵਿਚਾਲੇ ਮੇਜ਼ ਉਤੇ ਲਾਲਟੈਨ ਬਲਦੀ ਹੁੰਦੀ ਤੇ ਅਸੀਂ ਮੰਜਿਆਂ 'ਤੇ ਬੈਠ ਕੇ ਪੜ੍ਹਦੇ। ਸਾਡੇ ਪਿੰਡੋਂ ਰਾਏਪੁਰ ਤੋਂ ਸਾਡੇ ਕਈ ਜਮਾਤੀ ਸਾਡੀਆਂ ਮਿੰਨਤਾਂ ਕਰਦੇ ਕਿ ਅਸੀਂ ਉਨ੍ਹਾਂ ਨੂੰ ਵੀ ਰਾਤ ਵੇਲੇ ਆਪਣੇ ਕੋਲ ਪੜ੍ਹਨ ਦੇਈਏ, ਪਰ ਅਸੀਂ ਕਿਸੇ ਨੂੰ ਵੀ ਲੜ ਨਾ ਫੜਾਉਂਦੇ।ਸਾਨੂੰ ਇਹ ਵੀ ਡਰ ਹੁੰਦਾ ਕਿ ਉਹ ਸਾਡੇ ਕੋਲ ਪੜ੍ਹਾਈ ਕਰ ਕੇ ਸਾਥੋਂ ਵੱਧ ਨੰਬਰ ਨਾ ਲੈ ਜਾਣ। ਅਸੀਂ ਇੱਕ ਅਜੀਬ ਜਿਹੀ ਗੱਲ ਦਾ ਫੈਸਲਾ ਕੀਤਾ ਹੋਇਆ ਸੀ ਕਿ ਜੇ ਇੱਕ ਜਣਾ ਦੂਜੇ ਨੂੰ ਸੁੱਤਾ ਪਿਆ ਦੇਖ ਲਵੇ ਤਾਂ ਉਹ ਉਸ ਦੇ ਮੂੰਹ 'ਤੇ ਚਪੇੜ ਮਾਰੇ। ਪੜ੍ਹਨ ਵੇਲੇ ਸਾਡੇ ਆਪਣੀਆਂ ਕਿਤਾਬਾਂ ਨਾਲੋਂ ਇਸ ਗੱਲ ਵੱਲ ਵਧੇਰੇ ਧਿਆਨ ਰਹਿੰਦਾ ਕਿ ਜੇ ਇੱਕ ਜਣਾ ਨੀਂਦ ਦਾ ਝੂਟਾ ਲਵੇ ਤਾਂ ਦੂਜਾ ਉਸ ਦੇ ਚਪੇੜ ਮਾਰ ਕੇ ਮਨ ਬਹਿਲਾਵੇ। ਇੱਕ ਰਾਤ ਅੰਗਰੇਜ਼ੀ ਦੇ ਐਸੇ ਨੂੰ ਘੋਟਾ ਲਾਉਣਾ ਮਗਰੋਂ ਅੱਖਾਂ ਬੰਦ ਕਰ ਕੇ ਮੈਂ ਮਨ ਹੀ ਮਨ ਦੋਹਰਾ ਰਿਹਾ ਸਾਂ ਕਿ ਬੀਰੂ ਨੇ ਉਠ ਕੇ ਮੇਰੀ ਗੱਲ਼ 'ਤੇ ਬੜੇ ਜ਼ੋਰ ਨਾਲ ਚਪੇੜ ਕੱਢ ਮਾਰੀ। ਮੈਂ ਕੰਬ ਕੇ ਰਹਿ ਗਿਆ। ਉਸ ਦੀ ਇਸ ਬਦਤਮੀਜ਼ੀ 'ਤੇ ਬੜਾ ਗੁੱਸਾ ਚੜ੍ਹਿਆ ਤੇ ਮੈਥੋਂ ਇਹ ਵਧੀਕੀ ਸਹਿਣ ਨਾ ਹੋਈ। ਮੈਂ ਉਠ ਕੇ ਉਸ ਦੇ ਪਟੇ ਪੜੇ ਲਏ ਤੇ ਕੋਠੇ ਉਤੇ ਘੁਮੇਟਣੀਆਂ ਦੇਣ ਲੱਗਾ। ਉਸ ਨੇ ਮੇਰੇ ਕੋਲੋਂ ਛੁਟ ਕੇ ਮੈਨੂੰ ਦੱਕਾ ਮਾਰਿਆ ਤਾਂ ਮੈਂ ਫੜਕ ਕੇ ਡਿਗਿਆ। ਮੈਂ ਉਠ ਕੇ ਉਸ ਦੀ ਦਰੀ ਖੇਸੀ ਭੁੰਜੇ ਸੁੱਟ ਦਿੱਤੀ ਤੇ ਮੰਜਾ ਚੁੱਕ ਕੇ ਹੇਠ ਵੇਹੜੇ ਵਿੱਚ ਵਗਾਹ ਮਾਰਿਆ। ਉਹ ਕਿਹੜਾ ਘੱਟ ਸੀ। ਉਸ ਨੇ ਬਲਦੀ ਲਾਲਟੈਨ ਚੁੱਕੀ ਤੇ ਗੋਪੀਏ ਵਾਂਗ ਘੁਮਾ ਕੇ ਹੇਠ ਸੁੱਟ ਦਿੱਤੀ। ਫਿਰ ਟੇਬਲ ਵੀ ਚੁੱਕ ਲਿਆ ਤੇ ਹੇਠ ਵਗਾਹ ਮਾਰਿਆ। ਮੈਂ ਲੱਕੜ ਦੀ ਪੌੜੀ ਤੋਂ ਉਤਰ ਕੇ ਹੇਠ ਗਿਆ ਤਾਂ ਉਹ ਵੀ ਮੇਰੇ ਪਿੱਛੇ-ਪਿੱਛੇ ਆ ਉਤਰਿਆ। ਉਸ ਨੂੰ ਮੇਰੇ 'ਤੇ ਸ਼ੱਕ ਸੀ ਕਿ ਮੈਂ ਕਿਸੇ ਇੱਟ ਜਾਂ ਡੰਡੇ ਵਗੈਰਾ ਨਾਲ ਉਸ 'ਤੇ ਹਮਲਾ ਕਰਾਂਗਾ। ਮੈਂ ਬਿਨਾਂ ਬੋਲੇ ਖਿੰਡਿਆ ਸਮਾਨ ਇਕੱਠਾ ਕਰਨ ਲੱਗਾ ਤਾਂ ਉਹ ਕਾਫੀ ਦੂਰ ਪਈ ਲਾਲਟੈਨ ਚੁੱਕ ਲਿਆਇਆ। ਉਸ ਦੀ ਚਿਮਨੀ ਟੁੱਟ ਗਈ ਸੀ। ਮੰਜੇ ਦਾ ਪਾਵਾ ਤੇ ਮੇਜ਼ ਦੀ ਇੱਕ ਲੱਤ ਟੁੱਟ ਗਏ ਸਨ। ਮੈਂ ਸਭ ਕੁਝ ਉਥੇ ਛੱਡ ਪੌੜੀ ਚੜ੍ਹ ਗਿਆ ਤੇ ਆਪਣੇ ਮੰਜੇ 'ਤੇ ਲੇਟ ਕੇ ਉਤੇ ਚਾਦਰ ਲੈ ਲਈ। ਮੈਂ ਚੋਰ ਅੱਖ ਨਾਲ ਦੇਖਦਾ ਰਿਹਾ। ਬੀਰੂ ਵੀ ਉਤੇ ਆਇਆ ਤੇ ਭੁੰਜੇ ਹੀ ਦਰੀ ਵਿਛਾ ਕੇ ਲੇਟ ਗਿਆ।

# ਮੁੱਖ ਮੰਤਰੀ ਨੇ ਤੋਸ਼ਾਮ ਐਡਵਾਂਸਡ ਸਿੰਚਾਈ ਫੈਸਟੀਵਲ-2026 ਵਿੱਚ ਵੱਡੇ ਤੋਹਫ਼ੇ ਦਿੱਤੇ

### ➢ ਮੁੱਖ ਮੰਤਰੀ ਨੇ 107 ਕਰੋੜ ਤੋਂ ਵੱਧ ਦੇ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਰੱਖਿਆ

### ਮੁੱਖ ਮੰਤਰੀ ਨੇ 13.99 ਕਰੋੜ ਦੇ ਕੰਮਾਂ ਦਾ ਉਦਘਾਟਨ ਅਤੇ 93.62 ਕਰੋੜ ਦੇ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਿਆ




ਪੰਚਕੂਲਾ 1 ਅਪ੍ਰੈਲ (ਪ.ਪ.) ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਮੰਗਲਵਾਰ ਨੂੰ ਭਿਵਾਨੀ ਜ਼ਿਲ੍ਹੇ ਦੇ ਤੋਸ਼ਾਮ ਵਿੱਚ ਆਯੋਜਿਤ ਐਡਵਾਂਸਡ ਸਿੰਚਾਈ ਫੈਸਟੀਵਲ-2026 ਦੌਰਾਨ ?107 ਕਰੋੜ ਤੋਂ ਵੱਧ ਦੇ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਅਤੇ ਨੀਂਹ ਪੱਥਰ ਰੱਖਿਆ, ਜਿਸ ਨਾਲ ਖੇਤਰ ਦੇ ਸਮੁੱਚੇ ਵਿਕਾਸ ਵਿੱਚ ਤੇਜ਼ੀ ਆਈ। ਇਨ੍ਹਾਂ ਵਿੱਚ 13.99 ਕਰੋੜ ਦੇ ਦੋ ਮੁਕੰਮਲ ਪ੍ਰੋਜੈਕਟਾਂ ਦਾ ਉਦਘਾਟਨ ਅਤੇ 93.62 ਕਰੋੜ ਦੇ ਚਾਰ ਨਵੇਂ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਣਾ ਸ਼ਾਮਲ ਹੈ। ਇਨ੍ਹਾਂ ਪ੍ਰੋਜੈਕਟਾਂ ਦਾ ਉਦੇਸ਼ ਬਿਜਲੀ ਸਪਲਾਈ ਨੂੰ ਮਜ਼ਬੂਤ ਕਰਨਾ, ਸਿੱਖਿਆ ਸਹੂਲਤਾਂ ਦਾ ਵਿਸਥਾਰ ਕਰਨਾ ਅਤੇ ਪੇਂਡੂ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ ਹੈ। ਮੁੱਖ ਮੰਤਰੀ ਦੁਆਰਾ ਉਦਘਾਟਨ ਕੀਤੇ ਗਏ ਦੋ ਪ੍ਰੋਜੈਕਟਾਂ ਵਿੱਚ ਬਿਡੋਲਾ ਵਿੱਚ 107 ਕਰੋੜ ਦੀ ਲਾਗਤ ਨਾਲ 33 ਕੇਵੀ ਸਬਸਟੇਸ਼ਨ ਦਾ ਨਿਰਮਾਣ ਸ਼ਾਮਲ ਹੈ। 712.54 ਲੱਖ ਰੁਪਏ ਦੀ ਲਾਗਤ ਨਾਲ ਢਿੱਗਾਵਾ ਜਾਟਨ ਵਿੱਚ ਇੱਕ ਸਕੂਲ ਦੀ ਇਮਾਰਤ ਦੀ ਉਸਾਰੀ ਅਤੇ 685.99 ਲੱਖ ਰੁਪਏ ਦੀ ਲਾਗਤ ਨਾਲ ਇੱਕ ਸਕੂਲ ਦੀ ਇਮਾਰਤ ਦੀ ਉਸਾਰੀ। ਇਸ ਤੋਂ ਇਲਾਵਾ, ਮੁੱਖ ਮੰਤਰੀ ਨੇ ਜਿਨ੍ਹਾਂ ਚਾਰ ਨਵੇਂ ਪ੍ਰੋਜੈਕਟਾਂ ਦਾ ਨੀਂਹ ਪੱਥਰ ਰੱਖਿਆ, ਉਨ੍ਹਾਂ ਵਿੱਚ ਲੋਹਾਰੂ ਵਿੱਚ 811.61 ਲੱਖ ਰੁਪਏ ਦੀ ਲਾਗਤ ਨਾਲ 33 ਕੇਵੀ ਸਬਸਟੇਸ਼ਨ, ਲੋਹਾਰੂ ਈਸ਼ਰਵਾਲ ਵਿੱਚ 319.49 ਲੱਖ ਰੁਪਏ ਦੀ ਲਾਗਤ ਨਾਲ 33 ਕੇਵੀ ਸਬਸਟੇਸ਼ਨ, ਭਾਖੜਾ ਵਿੱਚ 607.26 ਲੱਖ ਰੁਪਏ ਦੀ ਲਾਗਤ ਨਾਲ 33 ਕੇਵੀ ਸਬਸਟੇਸ਼ਨ ਅਤੇ 7,623.90 ਲੱਖ ਰੁਪਏ ਦੀ ਲਾਗਤ ਨਾਲ ਗੜਵਾ ਪਿੰਡ ਵਿੱਚ ਇੱਕ ਐਕਵਾ ਪਾਰਕ ਸ਼ਾਮਲ ਹਨ। ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਪੇਂਡੂ ਖੇਤਰਾਂ ਦੇ ਸਮੁੱਚੇ ਵਿਕਾਸ ਲਈ ਵਚਨਬੱਧ ਹੈ ਅਤੇ ਕਿਸਾਨਾਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕਰਨ ਲਈ ਲਗਾਤਾਰ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰੋਜੈਕਟ ਖੇਤਰ ਵਿੱਚ ਬਿਜਲੀ ਸਪਲਾਈ ਨੂੰ ਮਜ਼ਬੂਤ ਕਰਨਗੇ, ਵਿਦਿਅਕ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਗੇ ਅਤੇ ਸਥਾਨਕ ਵਿਕਾਸ ਨੂੰ ਤੇਜ਼ ਕਰਨਗੇ।

## ਕਾਂਗਰਸ ਦੇ ਐਲਾਨ ਪਹਿਲਾਂ ਕੂੜੇਦਾਨ ਵਿੱਚ ਜਾਂਦੇ ਸਨ, ਭਾਜਪਾ ਹਰ ਵਾਅਦਾ ਪੂਰਾ ਕਰ ਰਹੀ ਹੈ: ਮੁੱਖ ਮੰਤਰੀ ਨਾਇਬ ਸਿੰਘ ਸੈਣੀ

ਪੰਚਕੂਲਾ 1 ਅਪ੍ਰੈਲ (ਪ.ਪ.) ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਕਾਂਗਰਸ ਦੇ ਰਾਜ ਦੌਰਾਨ ਕੀਤੇ ਗਏ ਐਲਾਨ ਕੂੜੇਦਾਨ ਵਿੱਚ ਜਾਂਦੇ ਸਨ। ਇਸ ਦੇ ਉਲਟ, ਭਾਜਪਾ ਦੀ ਡਬਲ-ਇੰਜਣ ਵਾਲੀ ਸਰਕਾਰ ਨੇ 2014 ਤੋਂ ਬਾਅਦ ਹਰ ਵਾਅਦੇ ਨੂੰ ਪੂਰਾ ਕਰਨ ਲਈ ਠੋਸ ਕਦਮ ਚੁੱਕੇ ਹਨ। ਮੌਜੂਦਾ ਸਰਕਾਰ ਐਲਾਨਾਂ ਤੱਕ ਸੀਮਤ ਨਹੀਂ ਹੈ, ਸਗੋਂ ਉਨ੍ਹਾਂ ਨੂੰ ਸਮੇਂ ਸਿਰ ਪੂਰਾ ਕਰਨ ਲਈ ਕੰਮ ਕਰ ਰਹੀ ਹੈ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਮੰਗਲਵਾਰ ਨੂੰ ਭਿਵਾਨੀ ਦੇ ਤੋਸ਼ਾਮ ਵਿੱਚ ਆਯੋਜਿਤ ਉੱਨਤ ਸਿੰਚਾਈ ਉਤਸਵ 2026 ਨੂੰ ਸੰਬੋਧਨ ਕਰ ਰਹੇ ਸਨ। ਸਮਾਗਮ ਵਿੱਚ ਪਹੁੰਚਣ ਤੋਂ ਪਹਿਲਾਂ, ਮੁੱਖ ਮੰਤਰੀ ਨੇ ਸਾਬਕਾ ਮੁੱਖ ਮੰਤਰੀਆਂ, ਸਵਰਗੀ ਚੌਧਰੀ ਬੰਸੀ ਲਾਲ ਅਤੇ ਸਵਰਗੀ ਚੌਧਰੀ ਸੁਰੇਂਦਰ ਸਿੰਘ ਦੇ ਬੁੱਤਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਸਮਾਗਮ ਦੌਰਾਨ, ਮੁੱਖ ਮੰਤਰੀ ਨੇ ਸਿੰਚਾਈ ਵਿਭਾਗ ਦੁਆਰਾ ਆਯੋਜਿਤ ਤੁਪਕਾ ਸਿੰਚਾਈ 'ਤੇ ਇੱਕ ਪ੍ਰਦਰਸ਼ਨੀ ਦਾ ਵੀ ਦੌਰਾ ਕੀਤਾ। ਸੰਸਦ ਮੈਂਬਰ ਚੌਧਰੀ ਧਰਮਬੀਰ ਸਿੰਘ ਅਤੇ ਰਾਜ ਸਭਾ ਮੈਂਬਰ ਸ੍ਰੀਮਤੀ ਕਿਰਨ ਚੌਧਰੀ ਨੇ ਵੀ ਸਮਾਗਮ ਨੂੰ ਸੰਬੋਧਨ ਕੀਤਾ। ਕੈਬਨਿਟ ਮੰਤਰੀ ਕ੍ਰਿਸ਼ਨ ਕੁਮਾਰ ਬੇਦੀ ਵੀ ਮੌਜੂਦ ਸਨ। ਮੁੱਖ ਮੰਤਰੀ ਨੇ ਸਾਂਗਵਾਨ ਪਿੰਡ ਦੇ ਵਸਨੀਕ ਪਰਬਤਾਰੋਹੀ ਪ੍ਰਵੀਨ ਨੂੰ ਵੀ ਸਨਮਾਨਿਤ ਕੀਤਾ।

ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਤੋਸ਼ਾਮ ਨੇ ਸਖ਼ਤ ਮਿਹਨਤ, ਕੁਰਬਾਨੀ ਅਤੇ ਖੇਤੀ ਦੀ ਇੱਕ ਅਮੀਰ ਪਰੰਪਰਾ ਦਾ ਗਵਾਹ ਬਣਿਆ ਹੈ। ਉਨ੍ਹਾਂ ਨੇ ਹਰਿਆਣਾ ਲਈ ਕੀਤੇ ਗਏ ਕੰਮ ਨੂੰ ਯਾਦ ਕੀਤਾ, ਸਾਬਕਾ ਮੁੱਖ ਮੰਤਰੀਆਂ, ਸਵਰਗੀ ਚੌਧਰੀ ਬੰਸੀ ਲਾਲ ਅਤੇ ਸਵਰਗੀ ਚੌਧਰੀ ਸੁਰੇਂਦਰ ਸਿੰਘ ਨੂੰ ਯਾਦ ਕੀਤਾ ਅਤੇ ਹਰਿਆਣਾ ਲਈ ਉਨ੍ਹਾਂ ਦੇ ਯੋਗਦਾਨ ਨੂੰ ਯਾਦ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਹਰਿਆਣਾ ਦੇ ਗਠਨ ਸਮੇਂ ਵਿਕਾਸ ਵਿੱਚ ਇੱਕ ਨਵਾਂ ਅਧਿਆਇ ਲਿਖਿਆ ਸੀ। ਉਹ ਤੋਸ਼ਾਮ-ਲੋਹਾਰੂ ਦੇ ਰੇਤ ਦੇ ਟਿੱਬਿਆਂ 'ਤੇ ਫਸਲਾਂ ਨੂੰ ਵਧਦੇ-ਫੁੱਲਦੇ ਦੇਖਣਾ ਚਾਹੁੰਦੇ ਸਨ। ਇਸ ਸੁਪਨੇ ਨੂੰ ਪੂਰਾ ਕਰਨ ਲਈ, ਉਨ੍ਹਾਂ ਨੇ ਪੰਜ ਦਹਾਕੇ ਪਹਿਲਾਂ ਇੱਕ ਵਿਸ਼ਵ ਪੱਧਰੀ ਲਿਫਟ ਸਿੰਚਾਈ ਨਹਿਰ ਪ੍ਰਣਾਲੀ ਬਣਾਈ ਸੀ। ਨਤੀਜੇ ਵਜੋਂ, ਨਹਿਰੀ ਪਾਣੀ ਪਹਿਲੀ ਵਾਰ ਪੀਣ ਵਾਲੇ ਪਾਣੀ ਅਤੇ ਸਿੰਚਾਈ ਲਈ ਇਸ ਰੇਤਲੇ ਖੇਤਰ ਵਿੱਚ ਪਹੁੰਚਿਆ, ਜਿਸ ਨਾਲ ਲੋਕਾਂ ਦੀ ਕਿਸਮਤ ਬਦਲ ਗਈ।

## ਵਿਧਾਇਕ ਰਾਮਕੁਮਾਰ ਕਸ਼ਯਪ ਨੇ ਲੋਕਾਂ ਦੀਆਂ ਚਿੰਤਾਵਾਂ ਸੁਣੀਆਂ ਅਤੇ ਅਧਿਕਾਰੀਆਂ ਨੂੰ ਦਿੱਤੇ ਨਿਰਦੇਸ਼



ਇੰਦਰੀ, 1 ਅਪ੍ਰੈਲ (ਪ.ਪ.): ਵਿਧਾਇਕ ਅਤੇ ਸਰਕਾਰੀ ਮੁੱਖ ਵ੍ਹਿਪ ਰਾਮਕੁਮਾਰ ਕਸ਼ਯਪ ਨੇ ਸੋਮਵਾਰ ਨੂੰ ਸਿੰਚਾਈ ਵਿਭਾਗ ਦੇ ਰੈਸਟ ਹਾਊਸ ਵਿਖੇ ਹੋਈ ਜਨਤਕ ਸੁਣਵਾਈ ਵਿੱਚ ਲੋਕਾਂ ਦੀਆਂ ਚਿੰਤਾਵਾਂ ਸੁਣੀਆਂ ਅਤੇ ਅਧਿਕਾਰੀਆਂ ਨੂੰ ਟੈਲੀਫੋਨ ਰਾਹੀਂ ਇਨ੍ਹਾਂ ਮੁੱਦਿਆਂ ਨੂੰ ਜਲਦੀ ਹੱਲ ਕਰਨ ਦੇ ਨਿਰਦੇਸ਼ ਦਿੱਤੇ। ਵਿਧਾਇਕ ਰਾਮਕੁਮਾਰ ਕਸ਼ਯਪ ਨੇ ਦੱਸਿਆ ਕਿ ਉਨ੍ਹਾਂ ਦੇ ਹਲਕੇ ਦੇ ਵੱਡੀ ਗਿਣਤੀ ਵਿੱਚ ਲੋਕ ਹਰ ਸੋਮਵਾਰ ਨੂੰ ਆਪਣੀਆਂ ਸਮੱਸਿਆਵਾਂ ਅਤੇ ਸ਼ਿਕਾਇਤਾਂ ਲੈ ਕੇ ਜਨਤਕ ਸੁਣਵਾਈ ਵਿੱਚ ਸ਼ਾਮਲ ਹੁੰਦੇ ਹਨ। ਉਹ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਦੇ ਹਨ ਕਿ ਲੋਕਾਂ ਦੀਆਂ ਸਮੱਸਿਆਵਾਂ ਦਾ ਜਲਦੀ ਹੱਲ ਹੋਵੇ ਤਾਂ ਜੋ ਉਹ ਸਰਕਾਰੀ ਸੇਵਾਵਾਂ ਦਾ ਲਾਭ ਲੈ ਸਕਣ। ਉਨ੍ਹਾਂ ਜਨਤਾ ਨੂੰ ਅਪੀਲ ਕੀਤੀ ਕਿ ਉਹ ਕਿਸੇ ਵੀ ਸਮੱਸਿਆ ਨੂੰ ਤੁਰੰਤ ਉਨ੍ਹਾਂ ਦੇ ਧਿਆਨ ਵਿੱਚ ਲਿਆਉਣ ਤਾਂ ਜੋ ਉਨ੍ਹਾਂ ਦਾ ਜਲਦੀ ਹੱਲ ਕੀਤਾ ਜਾ ਸਕੇ। ਵਿਧਾਇਕ ਰਾਮਕੁਮਾਰ ਕਸ਼ਯਪ ਨੇ ਕਿਹਾ ਕਿ ਸੂਬੇ ਵਿੱਚ ਤੀਜੀ ਵਾਰ ਭਾਜਪਾ ਸਰਕਾਰ ਦੇ ਸੱਤਾ ਵਿੱਚ ਆਉਣ ਤੋਂ ਬਾਅਦ, ਵਿਕਾਸ ਪ੍ਰੋਜੈਕਟਾਂ ਨੂੰ ਉਤਸ਼ਾਹਿਤ ਕਰਨ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ। ਮੁੱਖ ਮੰਤਰੀ ਨਾਇਬ ਸਿੰਘ ਸੈਣੀ ਦੀ ਅਗਵਾਈ ਹੇਠ, ਮੌਜੂਦਾ ਸਰਕਾਰ ਇਹ ਯਕੀਨੀ ਬਣਾਉਣ ਲਈ ਯਤਨਸ਼ੀਲ ਹੈ ਕਿ ਸੂਬੇ ਦਾ ਕੋਈ ਵੀ ਖੇਤਰ ਵਿਕਾਸ ਤੋਂ ਵਾਂਝਾ ਨਾ ਰਹੇ। ਭਾਜਪਾ ਚੋਣਾਂ ਦੌਰਾਨ ਜਨਤਾ ਨਾਲ ਕੀਤੇ ਗਏ ਵਾਅਦਿਆਂ ਨੂੰ ਪੂਰਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਸਬਕਾ ਸਾਥ, ਸਬਕਾ ਵਿਕਾਸ ਦੇ ਨਾਅਰੇ ਹੇਠ ਸਮਾਜ ਦੇ ਹਰ ਵਰਗ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਕੰਮ ਕਰ ਰਹੀ ਹੈ। ਜਨਤਕ ਸੁਣਵਾਈ ਦੌਰਾਨ, ਬਾੜਾ ਪਿੰਡ ਦੇ ਪਿੰਡ ਵਾਸੀਆਂ ਨੇ ਪੱਕੀ ਸੜਕ ਬਣਾਉਣ ਦੀ ਬੇਨਤੀ ਕੀਤੀ, ਬੀਬੀਪੁਰ ਡੇਰਾ ਲਬਾਣਾ ਦੇ ਵਸਨੀਕਾਂ ਨੇ ਸਕੂਲ ਦੀ ਇਮਾਰਤ ਬਣਾਉਣ ਦੀ ਬੇਨਤੀ ਕੀਤੀ, ਬੁੱਢਣਪੁਰ ਸੀਕਰੀ ਦੇ ਵਸਨੀਕ ਕਰਨੈਲੋ ਨੇ ਵਿਧਵਾ ਪੈਨਸ਼ਨ ਦੀ ਬੇਨਤੀ ਕੀਤੀ, ਸਰਵਣ ਮਾਜਰਾ ਦੇ ਵਸਨੀਕ ਬੰਤੋ ਨੇ ਪ੍ਰਧਾਨ ਮੰਤਰੀ ਆਵਾਸ ਯੋਜਨਾ ਦੀ ਬੇਨਤੀ ਕੀਤੀ, ਇੰਦਰੀ ਦੇ ਅਮਰਜੀਤ ਮਹਿਤਾ, ਪ੍ਰਧਾਨ ਅਤੇ ਹੋਰਾਂ ਨੇ ਛੱਠ ਪੂਜਾ ਲਈ ਘਾਟ ਬਣਾਉਣ ਦੀ ਬੇਨਤੀ ਕੀਤੀ, ਅਤੇ ਖਾਨਪੁਰ ਦੀ ਵਸਨੀਕ ਗੀਤਾ ਰਾਣੀ ਨੇ ਪ੍ਰਧਾਨ ਮੰਤਰੀ ਆਵਾਸ ਯੋਜਨਾ ਦੇ ਤਹਿਤ ਲਾਭਾਂ ਦੀ ਬੇਨਤੀ ਕੀਤੀ। ਵਿਧਾਇਕ ਨੇ ਸਾਰਿਆਂ ਦੀਆਂ ਚਿੰਤਾਵਾਂ ਨੂੰ ਧਿਆਨ ਨਾਲ ਸੁਣਿਆ ਅਤੇ ਉਨ੍ਹਾਂ ਨੂੰ ਜਲਦੀ ਹੱਲ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਚੇਅਰਮੈਨ ਦੀਪਕ ਸੈਣੀ, ਪਾਲਾ ਰਾਮ, ਨੀਰੂ ਕਸ਼ਯਪ, ਸ਼ਿਆਮ ਲਾਲ, ਚੰਦਰ ਪਾਲ, ਰਵਿੰਦਰ ਤਿਆਗੀ, ਸੁਰੇਂਦਰ ਸੈਣੀ, ਬੰਟੀ ਖੁਖਾਨੀ, ਹਵਾ ਸਿੰਘ ਸਮੇਤ ਹੋਰ ਭਾਜਪਾ ਅਧਿਕਾਰੀ, ਵਰਕਰ ਅਤੇ ਹੋਰ ਪਤਵੰਤੇ ਮੌਜੂਦ ਸਨ।




## ਗੀਤਾ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਦੇ ਸ਼ਾਨਦਾਰ ਪ੍ਰੀਖਿਆ ਨਤੀਜੇ, ਵਿਦਿਆਰਥੀਆਂ ਨੇ ਰੌਣਕਾਂ ਲਗਾਈਆਂ

ਤਾਰਾਵਾੜੀ, 1 ਅਪ੍ਰੈਲ (ਪ.ਪ.): ਗੀਤਾ ਮਾਡਰਨ ਸੀਨੀਅਰ ਸੈਕੰਡਰੀ ਸਕੂਲ, ਤਾਰਾਵਾੜੀ ਨੇ ਇੱਕ ਵਾਰ ਫਿਰ ਆਪਣੇ ਸ਼ਾਨਦਾਰ ਪ੍ਰੀਖਿਆ ਨਤੀਜਿਆਂ ਨਾਲ ਇਸ ਖੇਤਰ ਵਿੱਚ ਆਪਣੀ ਪਛਾਣ ਬਣਾਈ ਹੈ। ਸਾਲਾਨਾ ਪ੍ਰੀਖਿਆ ਨਤੀਜਿਆਂ ਵਿੱਚ, ਸਕੂਲ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕੀਤਾ, ਸਫਲਤਾ ਦੇ ਨਵੇਂ ਮਾਪਦੰਡ ਸਥਾਪਤ ਕੀਤੇ। ਨਰਸਰੀ ਤੋਂ ਲੈ ਕੇ 9ਵੀਂ ਅਤੇ 11ਵੀਂ ਤੱਕ ਦੀਆਂ ਕਲਾਸਾਂ ਦੇ ਨਤੀਜੇ ਐਲਾਨੇ ਗਏ। ਇਸ ਮੌਕੇ, ਹਰੇਕ ਕਲਾਸ ਦੇ ਟਾਪ ਵਿਦਿਆਰਥੀਆਂ ਨੂੰ ਟਰਾਫੀਆਂ ਅਤੇ ਤੋਹਫ਼ਿਆਂ ਨਾਲ ਸਨਮਾਨਿਤ ਕੀਤਾ ਗਿਆ, ਜਿਸ ਨਾਲ ਪੂਰੇ ਸਕੂਲ ਵਿੱਚ ਖੁਸ਼ੀ ਅਤੇ ਉਤਸ਼ਾਹ ਦਾ ਮਾਹੌਲ ਬਣਿਆ। ਪ੍ਰਿੰਸੀਪਲ ਰਾਗਿਨੀ ਰਾਏ ਨੇ ਇਸ ਪ੍ਰਾਪਤੀ 'ਤੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਇਹ ਸਫਲਤਾ ਵਿਦਿਆਰਥੀਆਂ ਦੀ ਸਖ਼ਤ ਮਿਹਨਤ, ਅਧਿਆਪਕਾਂ ਦੇ ਸਮਰਪਣ ਅਤੇ ਮਾਪਿਆਂ ਦੇ ਸਮਰਥਨ ਦਾ ਨਤੀਜਾ ਹੈ। ਉਨ੍ਹਾਂ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ। ਉਨ੍ਹਾਂ ਕਿਹਾ ਕਿ ਸਕੂਲ ਮਿਆਰੀ ਸਿੱਖਿਆ ਪ੍ਰਦਾਨ ਕਰਨ ਲਈ ਵਚਨਬੱਧ ਰਹੇਗਾ। ਸਕੂਲ ਮੈਨੇਜਰ ਬਾਲਕ੍ਰਿਸ਼ਨ ਤ੍ਰਿਪਾਠੀ ਨੇ ਕਿਹਾ ਕਿ ਇਹ ਸਫਲਤਾ ਪੂਰੇ ਸਕੂਲ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਸਹੀ ਮਾਰਗਦਰਸ਼ਨ ਅਤੇ ਸਕਾਰਾਤਮਕ ਮਾਹੌਲ ਨਾਲ ਵਿਦਿਆਰਥੀ ਕੋਈ ਵੀ ਟੀਚਾ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਨੇ ਇਸ ਪ੍ਰਾਪਤੀ ਲਈ ਸਾਰੇ ਵਿਦਿਆਰਥੀਆਂ, ਅਧਿਆਪਕਾਂ ਅਤੇ ਮਾਪਿਆਂ ਨੂੰ ਵਧਾਈ ਦਿੱਤੀ। ਸਕੂਲ ਦੇ ਅਧਿਆਪਕਾਂ ਦੀ ਸਖ਼ਤ ਮਿਹਨਤ ਅਤੇ ਮਾਰਗਦਰਸ਼ਨ ਨੇ ਵੀ ਇਸ ਸਫਲਤਾ ਵਿੱਚ ਮੁੱਖ ਭੂਮਿਕਾ ਨਿਭਾਈ। ਪ੍ਰਬੰਧਨ ਨੇ ਸਾਰੇ ਅਧਿਆਪਕਾਂ ਦੇ ਯਤਨਾਂ ਲਈ ਧੰਨਵਾਦ ਅਤੇ ਪ੍ਰਸ਼ੰਸਾ ਪ੍ਰਗਟ ਕੀਤੀ। ਗੀਤਾ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਦਾ ਇਹ ਸ਼ਾਨਦਾਰ ਨਤੀਜਾ ਨਾ ਸਿਰਫ਼ ਸਕੂਲ ਦੀ ਸਾਖ ਨੂੰ ਮਜ਼ਬੂਤ ਕਰਦਾ ਹੈ ਬਲਕਿ ਹੋਰ ਵਿਦਿਅਕ ਸੰਸਥਾਵਾਂ ਲਈ ਪ੍ਰੇਰਨਾ ਸਰੋਤ ਵੀ ਬਣਦਾ ਹੈ। ਸਕੂਲ ਪ੍ਰਬੰਧਨ ਨੇ ਭਵਿੱਖ ਵਿੱਚ ਅਜਿਹੇ ਸ਼ਾਨਦਾਰ ਨਤੀਜੇ ਪ੍ਰਦਾਨ ਕਰਨ ਅਤੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਯਤਨਸ਼ੀਲ ਰਹਿਣ ਦੇ ਆਪਣੇ ਸੰਕਲਪ ਨੂੰ ਦੁਹਰਾਇਆ।

## ਆਦਰਸ਼ ਬਾਲ ਮੰਦਰ ਹਾਈ ਸਕੂਲ, ਨਰਵਾਣਾ ਵਿਖੇ ਸਾਲਾਨਾ ਪ੍ਰੀਖਿਆ ਨਤੀਜੇ ਐਲਾਨੇ ਗਏ, ਹੋਣਹਾਰ ਵਿਦਿਆਰਥੀਆਂ ਨੂੰ ਕੀਤਾ ਸਨਮਾਨਿਤ

ਨਰਵਾਣਾ, 1 ਅਪ੍ਰੈਲ (ਪ੍ਰ.ਪ.) ਵਿਦਿਆ ਭਾਰਤੀ ਹਰਿਆਣਾ ਪ੍ਰਾਂਤ ਨਾਲ ਸੰਬੰਧਿਤ ਆਦਰਸ਼ ਬਾਲ ਮੰਦਰ ਹਾਈ ਸਕੂਲ, ਨਰਵਾਣਾ ਵਿਖੇ ਸੋਮਵਾਰ ਨੂੰ ਸਾਲਾਨਾ ਪ੍ਰੀਖਿਆ ਨਤੀਜੇ ਬੜੇ ਧੂਮਧਾਮ ਅਤੇ ਉਤਸ਼ਾਹ ਨਾਲ ਐਲਾਨੇ ਗਏ। ਪ੍ਰੋਗਰਾਮ ਦੀ ਸ਼ੁਰੂਆਤ ਕਮੇਟੀ ਅਧਿਕਾਰੀਆਂ ਦੁਆਰਾ ਦੀਵਾ ਜਗਾਉਣ ਨਾਲ ਹੋਈ, ਜਿਸ ਤੋਂ ਬਾਅਦ ਸਾਰੇ ਮਹਿਮਾਨਾਂ ਦਾ ਤਿਲਕ (ਇੱਕ ਪਵਿੱਤਰ ਧਾਗਾ) ਨਾਲ ਸ਼ਾਨਦਾਰ ਸਵਾਗਤ ਕੀਤਾ ਗਿਆ।




ਸਰਪ੍ਰਸਤ ਪਵਨ ਅਤੇ ਭਾਰਤ ਭੂਸ਼ਣ, ਪ੍ਰਧਾਨ ਕ੍ਰਿਸ਼ਨਾ, ਉਪ ਪ੍ਰਧਾਨ ਨੀਰਜ ਨਾਗਪਾਲ, ਡਾ. ਧੂਪ ਸਿੰਘ, ਮੈਨੇਜਰ ਦਿਨੇਸ਼ ਗੋਇਲ, ਖਜ਼ਾਨਚੀ ਨਰਿੰਦਰ ਗਰੋਵਰ ਅਤੇ ਹੋਰ ਮੈਂਬਰਾਂ ਨੇ ਇਸ ਮੌਕੇ ਸ਼ਿਰਕਤ ਕੀਤੀ। ਪ੍ਰੋਗਰਾਮ ਮਹਿਲਾ ਪ੍ਰਤੀਨਿਧੀ ਡਾ. ਸ਼ੋਭਾ, ਮਾਪਿਆਂ ਦੇ ਪ੍ਰਤੀਨਿਧੀ ਕੁਲਦੀਪ, ਅਧਿਆਪਕ ਪ੍ਰਤੀਨਿਧੀ ਜੋਗਿੰਦਰ ਸਿੰਘ ਅਤੇ ਸਕੂਲ ਪ੍ਰਿੰਸੀਪਲ ਸੁਰੇਂਦਰ ਕੁਮਾਰ ਦੀ ਮੌਜੂਦਗੀ ਨਾਲ ਸੰਪੰਨ ਹੋਇਆ।

ਪ੍ਰਾਰਥਨਾ ਸਭਾ ਤੋਂ ਬਾਅਦ ਪ੍ਰਿੰਸੀਪਲ ਸੁਰੇਂਦਰ ਕੁਮਾਰ ਨੇ ਸਾਰੇ ਮਹਿਮਾਨਾਂ ਨਾਲ ਜਾਣ-ਪਛਾਣ ਕਰਵਾਈ ਅਤੇ ਉਨ੍ਹਾਂ ਨੂੰ ਪੱਗ ਬੰਨ੍ਹ ਕੇ ਸਨਮਾਨਿਤ ਕੀਤਾ। ਇਸ ਤੋਂ ਬਾਅਦ ਸਕੂਲ ਦੀਆਂ ਵਿਦਿਆਰਥਣਾਂ ਅਕਾਂਕਸ਼ਾ, ਵਰਸ਼ਾ, ਕਾਮਾਕਸ਼ੀ ਅਤੇ ਨੇਹਾ ਨੇ ਸੁਰੀਲੇ ਗੀਤ ਪੇਸ਼ ਕਰਕੇ ਮਾਹੌਲ ਨੂੰ ਸ਼ਰਧਾ ਨਾਲ ਭਰ ਦਿੱਤਾ, ਜਦੋਂ ਕਿ ਵਿਦਿਆਰਥੀ ਜਤਿਨ ਨੇ ਹਾਰਮੋਨੀਅਮ 'ਤੇ ਆਪਣੇ ਸ਼ਾਨਦਾਰ ਪ੍ਰਦਰਸ਼ਨ ਨਾਲ ਸਾਰਿਆਂ ਨੂੰ ਮੋਹਿਤ ਕਰ ਦਿੱਤਾ। ਸਕੂਲ ਦੇ ਅਧਿਆਪਕ ਰਾਮਕੇਸ਼ ਨੇ ਨਰਸਰੀ ਤੋਂ ਨੌਵੀਂ ਜਮਾਤ ਤੱਕ ਦੇ ਪ੍ਰੀਖਿਆ ਨਤੀਜਿਆਂ ਦਾ ਵਿਸਥਾਰਪੂਰਵਕ ਵੇਰਵਾ ਪੇਸ਼ ਕੀਤਾ। ਸੰਦੀਪ ਨੇ ਪ੍ਰਭਾਵਸ਼ਾਲੀ ਢੰਗ ਨਾਲ ਸਟੇਜ ਦਾ ਪ੍ਰਬੰਧਨ ਕੀਤਾ। ਵੱਖ-ਵੱਖ ਕਲਾਸਾਂ ਦੇ ਨਤੀਜੇ ਕ੍ਰਮਵਾਰ ਸੰਦੀਪ ਹਾਇਰ ਕਲਾਸਾਂ, ਸੁਮਨ ਨੈਨ ਮਿਡਲ, ਅਨੀਤਾ ਪ੍ਰਾਇਮਰੀ ਅਤੇ ਅਲਕਾ ਸ਼ਿਸ਼ੂ ਵਾਟਿਕਾ ਦੁਆਰਾ ਐਲਾਨੇ ਗਏ। ਪ੍ਰਿੰਸੀਪਲ ਸੁਰੇਂਦਰ ਕੁਮਾਰ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਇਹ ਨਤੀਜੇ ਵਿਦਿਆਰਥੀਆਂ ਦੀ ਸਖ਼ਤ ਮਿਹਨਤ, ਅਨੁਸ਼ਾਸਨ ਅਤੇ ਉਨ੍ਹਾਂ ਦੇ ਅਧਿਆਪਕਾਂ ਦੇ ਮਾਰਗਦਰਸ਼ਨ ਦਾ ਪ੍ਰਮਾਣ ਹਨ। ਉਨ੍ਹਾਂ ਨੇ ਸਾਰੇ ਵਿਦਿਆਰਥੀਆਂ ਨੂੰ ਅਗਲੀ ਜਮਾਤ ਵਿੱਚ ਤਰੱਕੀ ਲਈ ਵਧਾਈ ਦਿੱਤੀ ਅਤੇ ਉਨ੍ਹਾਂ ਨੂੰ ਆਪਣੇ ਯਤਨ ਜਾਰੀ ਰੱਖਣ ਲਈ ਉਤਸ਼ਾਹਿਤ ਕੀਤਾ। ਸਮਾਗਮ ਵਿੱਚ, ਪਹਿਲਾ, ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੇ ਨਾਲ-ਨਾਲ ਚੋਟੀ ਦੇ 10 ਵਿੱਚ ਸਥਾਨ ਪ੍ਰਾਪਤ ਕਰਨ ਵਾਲਿਆਂ ਨੂੰ ਇਨਾਮ ਅਤੇ ਆਸ਼ੀਰਵਾਦ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤੋਂ ਇਲਾਵਾ, ਵਿਦਿਆ ਭਾਰਤੀ ਸੰਸਕ੍ਰਿਤੀ ਗਿਆਨ ਪ੍ਰੀਖਿਆ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਮਾਪਿਆਂ ਨੂੰ ਸਰਟੀਫਿਕੇਟ ਅਤੇ ਯਾਦਗਾਰੀ ਚਿੰਨ੍ਹ ਭੇਟ ਕੀਤੇ ਗਏ। ਸਾਲ 2025-26 ਵਿੱਚ 100% ਹਾਜ਼ਰੀ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਅਤੇ ਰਾਜ ਅਤੇ ਰਾਸ਼ਟਰੀ ਪੱਧਰ 'ਤੇ ਸਕੂਲ ਦਾ ਨਾਮ ਰੌਸ਼ਨ ਕਰਨ ਵਾਲੇ ਖਿਡਾਰੀਆਂ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਪ੍ਰੋਗਰਾਮ ਦੇ ਅੰਤ ਵਿੱਚ, ਸਕੂਲ ਪਰਿਵਾਰ ਨੇ ਸਾਰੇ ਮਹਿਮਾਨਾਂ, ਮਾਪਿਆਂ ਅਤੇ ਅਧਿਆਪਕਾਂ ਦਾ ਧੰਨਵਾਦ ਕੀਤਾ। ਪ੍ਰੋਗਰਾਮ ਦੀ ਸਮਾਪਤੀ ਰਾਸ਼ਟਰੀ ਗੀਤ ਨਾਲ ਹੋਈ, ਅਤੇ ਸਾਰਿਆਂ ਲਈ ਰਿਫਰੈਸ਼ਮੈਂਟ ਦਾ ਪ੍ਰਬੰਧ ਕੀਤਾ ਗਿਆ। ਇਸ ਮੌਕੇ ਸਕੂਲ ਵਿੱਚ ਵੱਡੀ ਗਿਣਤੀ ਵਿੱਚ ਮਾਪੇ ਸ਼ਾਮਲ ਹੋਏ।

## ਹੈੱਡ ਕਾਂਸਟੇਬਲ ਸੰਦੀਪ ਕੁਮਾਰ ਨੂੰ ਏਐਸਆਈ ਵਜੋਂ ਤਰੱਕੀ, ਮੰਤਰੀ ਕ੍ਰਿਸ਼ਨਾ ਬੇਦੀ ਨੇ ਵਧਾਈ ਦਿੱਤੀ

ਨਰਵਾਣਾ, 1 ਅਪ੍ਰੈਲ (ਪ.ਪ.): ਹਰਿਆਣਾ ਦੇ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰੀ ਕ੍ਰਿਸ਼ਨਾ ਕੁਮਾਰ ਬੇਦੀ ਦੇ ਸੁਰੱਖਿਆ ਦਸਤੇ ਵਿੱਚ ਤਾਇਨਾਤ ਹੈੱਡ ਕਾਂਸਟੇਬਲ ਸੰਦੀਪ ਕੁਮਾਰ ਨੂੰ ਸਹਾਇਕ ਸਬ-ਇੰਸਪੈਕਟਰ ਵਜੋਂ ਤਰੱਕੀ ਦਿੱਤੀ ਗਈ ਹੈ। ਕੈਬਨਿਟ ਮੰਤਰੀ ਕ੍ਰਿਸ਼ਨਾ ਕੁਮਾਰ ਬੇਦੀ ਨੇ ਇਸ ਪ੍ਰਾਪਤੀ ਨੂੰ ਯਾਦ ਕਰਨ ਲਈ ਉਨ੍ਹਾਂ ਨੂੰ ਗੁਲਦਸਤਾ ਅਤੇ ਮਠਿਆਈਆਂ ਭੇਟ ਕਰਕੇ ਸਨਮਾਨਿਤ ਕੀਤਾ।



ਮੰਤਰੀ ਕ੍ਰਿਸ਼ਨਾ ਕੁਮਾਰ ਬੇਦੀ ਨੇ ਕਿਹਾ ਕਿ ਸੰਦੀਪ ਕੁਮਾਰ ਨੂੰ ਇਹ ਤਰੱਕੀ ਉਨ੍ਹਾਂ ਦੀ ਸ਼ਾਨਦਾਰ ਸੇਵਾ, ਸਮਰਪਣ ਅਤੇ ਅਨੁਸ਼ਾਸਨ ਕਾਰਨ ਮਿਲੀ ਹੈ। ਉਨ੍ਹਾਂ ਕਿਹਾ ਕਿ ਸੰਦੀਪ ਕੁਮਾਰ ਹਮੇਸ਼ਾ ਆਪਣੇ ਕਰਤੱਵਾਂ ਪ੍ਰਤੀ ਸੁਚੇਤ ਅਤੇ ਸਮਰਪਿਤ ਰਹੇ ਹਨ, ਜਿਸ ਕਾਰਨ ਉਹ ਇਸ ਸਨਮਾਨ ਦੇ ਸੱਚਮੁੱਚ ਹੱਕਦਾਰ ਹਨ। ਉਨ੍ਹਾਂ ਅੱਗੇ ਕਿਹਾ ਕਿ ਨਵੇਂ ਸੰਵਤ ਸਾਲ ਦੀ ਸ਼ੁਰੂਆਤ ਵਿੱਚ ਮਿਲੀ ਇਹ ਤਰੱਕੀ ਸੰਦੀਪ ਕੁਮਾਰ ਲਈ ਇੱਕ ਯਾਦਗਾਰੀ ਤੋਹਫ਼ਾ ਹੈ। ਇਹ ਪ੍ਰਾਪਤੀ ਨਾ ਸਿਰਫ਼ ਉਨ੍ਹਾਂ ਲਈ ਸਗੋਂ ਹੋਰ ਕਰਮਚਾਰੀਆਂ ਲਈ ਵੀ ਇਮਾਨਦਾਰੀ ਅਤੇ ਸਮਰਪਣ ਨਾਲ ਆਪਣੇ ਫਰਜ਼ ਨਿਭਾਉਣ ਲਈ ਪ੍ਰੇਰਨਾ ਦਾ ਸਰੋਤ ਬਣੇਗੀ। ਮੰਤਰੀ ਨੇ ਕਿਹਾ ਕਿ ਸਾਦਾ ਸੁਭਾਅ, ਸਮੇਂ ਦੀ ਪਾਬੰਦਤਾ ਅਤੇ ਅਨੁਸ਼ਾਸਨ ਵਰਗੇ ਗੁਣ ਕਿਸੇ ਵੀ ਕਰਮਚਾਰੀ ਨੂੰ ਵਿਸ਼ੇਸ਼ ਬਣਾਉਂਦੇ ਹਨ ਅਤੇ ਅਜਿਹੇ ਕਰਮਚਾਰੀ ਪ੍ਰਸ਼ਾਸਨ ਅਤੇ ਸਰਕਾਰ ਦੀ ਅਸਲ ਤਾਕਤ ਹਨ। ਇਸ ਮੌਕੇ ਪੀਐਸਓ ਦੇਵੇਂਦਰ, ਸਬ ਇੰਸਪੈਕਟਰ ਵੇਦਪਾਲ, ਕਮਾਂਡੋ ਯੋਗਰਾਜ ਸਿੰਘ, ਨਿੱਜੀ ਸਹਾਇਕ ਮਨੋਜ ਕੁਮਾਰ, ਮੀਡੀਆ ਇੰਚਾਰਜ ਸੰਜੇ ਬਲਹਾਰਾ ਅਤੇ ਡਰਾਈਵਰ ਰਮੇਸ਼ ਕੁਮਾਰ ਸਮੇਤ ਹੋਰ ਸਟਾਫ ਮੈਂਬਰਾਂ ਨੇ ਵੀ ਸੰਦੀਪ ਕੁਮਾਰ ਨੂੰ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

## ਆਦਰਸ਼ ਸੀਨੀਅਰ ਸੈਕੰਡਰੀ ਸਕੂਲ ਵਿਖੇ ਸਾਲਾਨਾ ਪ੍ਰਤਿਭਾ ਪੁਰਸਕਾਰ ਸਮਾਰੋਹ ਆਯੋਜਿਤ

ਬਾਬੈਨ, 1 ਅਪ੍ਰੈਲ (ਪ.ਪ.): ਆਦਰਸ਼ ਸੀਨੀਅਰ ਸੈਕੰਡਰੀ ਸਕੂਲ, ਬਰਗਟ ਜੱਟਾਂ (ਕੁਰੂਕਸ਼ੇਤਰ) ਵਿਖੇ ਸਾਲਾਨਾ ਪ੍ਰਤਿਭਾ ਪੁਰਸਕਾਰ ਸਮਾਰੋਹ ਆਯੋਜਿਤ ਕੀਤਾ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਮੁੱਖ ਮਹਿਮਾਨ, ਡਿਪਟੀ ਸੁਪਰਡੈਂਟ ਆਫ਼ ਪੁਲਿਸ ਨਿਰਮਲ ਸਿੰਘ, ਸਕੂਲ ਪ੍ਰਸ਼ਾਸਕ ਸੋਹਨਲਾਲ ਸੈਣੀ, ਪ੍ਰਿੰਸੀਪਲ ਰੌਬਿਨ ਕੁਮਾਰ ਅਤੇ ਵਾਈਸ ਪ੍ਰਿੰਸੀਪਲ ਅਨੀਤਾ ਹਾਂਡਾ ਨੇ ਦੇਵੀ ਸਰਸਵਤੀ ਦੀ ਮੂਰਤੀ 'ਤੇ ਫੁੱਲ ਚੜ੍ਹਾਉਣ ਅਤੇ ਦੀਵੇ ਜਗਾਉਣ ਨਾਲ ਕੀਤੀ। ਐਨ.ਸੀ.ਸੀ. ਦੇ ਵਿਦਿਆਰਥੀਆਂ ਦੁਆਰਾ ਮਾਰਚ ਪਾਸਟ ਨਾਲ ਮਹਿਮਾਨਾਂ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ। ਵਿਦਿਆਰਥੀਆਂ ਨੇ ਸਕੂਲ ਦੇ ਸੱਭਿਆਚਾਰਕ ਪ੍ਰੋਗਰਾਮਾਂ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ। ਵਿਦਿਆਰਥੀਆਂ ਨੇ ਗਣੇਸ਼ ਵੰਦਨਾ, ਹਰਿਆਣਵੀ ਨਾਚ, ਰਾਜਸਥਾਨੀ ਨਾਚ, ਪੰਜਾਬੀ ਨਾਚ, ਮਾਈਮ ਅਤੇ ਮੋਬਾਈਲ ਦੀ ਲਤ ਨਾਲ ਲੜਨ ਲਈ ਨਾਚ ਦੇ ਸ਼ਾਨਦਾਰ ਪ੍ਰਦਰਸ਼ਨ ਨਾਲ ਹਾਜ਼ਰ ਸਾਰਿਆਂ ਨੂੰ ਮੰਤਰਮੁਗਧ ਕਰ ਦਿੱਤਾ। ਸਕੂਲ ਪ੍ਰਿੰਸੀਪਲ ਰੌਬਿਨ ਕੁਮਾਰ ਨੇ ਮਾਪਿਆਂ ਨੂੰ ਸਾਲਾਨਾ ਰਿਪੋਰਟ ਪੇਸ਼ ਕੀਤੀ, ਅਤੇ ਵੱਖ-ਵੱਖ ਕਲਾਸਾਂ ਵਿੱਚ ਪਹਿਲੇ, ਦੂਜੇ ਅਤੇ ਤੀਜੇ ਸਥਾਨ 'ਤੇ ਰਹਿਣ ਵਾਲੇ ਅਤੇ ਵੱਖ-ਵੱਖ ਮੁਕਾਬਲਿਆਂ ਵਿੱਚ ਜਿੱਤਣ ਵਾਲੇ ਵਿਦਿਆਰਥੀਆਂ ਨੂੰ ਮੈਡਲ ਅਤੇ ਸ਼ੀਲਡਾਂ ਨਾਲ ਸਨਮਾਨਿਤ ਕੀਤਾ ਗਿਆ। ਸਕੂਲ ਨੇ ਸਾਲ ਭਰ ਵਿੱਚ ਸਭ ਤੋਂ ਵੱਧ ਹਾਜ਼ਰੀ ਵਾਲੇ ਵਿਦਿਆਰਥੀਆਂ ਨੂੰ ਸਰਵੋਤਮ ਹਾਜ਼ਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ, ਅਤੇ ਵਧੀਆ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ। ਨਤੀਜਿਆਂ ਦਾ ਐਲਾਨ ਕੀਤਾ ਗਿਆ, ਜਿਸ ਨਾਲ ਵਿਦਿਆਰਥੀਆਂ ਦੇ ਚਿਹਰਿਆਂ 'ਤੇ ਖੁਸ਼ੀ ਅਤੇ ਮਾਪਿਆਂ ਵਿੱਚ ਉਤਸ਼ਾਹ ਫੈਲ ਗਿਆ। ਇਸ ਤੋਂ ਇਲਾਵਾ, ਸਾਇੰਸ ਓਲੰਪੀਆਡ ਫਾਊਂਡੇਸ਼ਨ ਦੁਆਰਾ ਆਯੋਜਿਤ ਪ੍ਰੀਖਿਆਵਾਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ। ਡੀਐਸਪੀ ਨਿਰਮਲ ਸਿੰਘ, ਜੋ ਮੁੱਖ ਮਹਿਮਾਨ ਸਨ, ਨੇ ਕਿਹਾ ਕਿ ਆਦਰਸ਼ ਸਕੂਲ ਨੇ ਆਪਣੀ ਸਾਖ ਯੋਗਤਾ ਦੇ ਆਧਾਰ 'ਤੇ ਬਣਾਈ ਹੈ। ਇਸ ਮੌਕੇ, ਮੁੱਖ ਮਹਿਮਾਨ ਨੂੰ ਮੈਨੇਜਰ, ਸੋਹਨ ਲਾਲ ਅਤੇ ਪ੍ਰਿੰਸੀਪਲ, ਰੌਬਿਨ ਕੁਮਾਰ ਦੁਆਰਾ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਸਕੂਲ ਮੈਨੇਜਰ, ਸੋਹਨ ਲਾਲ ਸੈਣੀ ਨੇ ਕਿਹਾ ਕਿ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਸਿੱਖਿਆ ਪ੍ਰਦਾਨ ਕਰਨ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਪ੍ਰੋਜੈਕਟਾਂ, ਡਿਜੀਟਲ ਮੀਡੀਆ, ਸਮਾਰਟ ਪੈਨਲ, ਰੋਬੋਟਿਕਸ, ਐਨਸੀਸੀ ਅਤੇ ਹੋਰ ਸਾਧਨਾਂ ਰਾਹੀਂ ਉਨ੍ਹਾਂ ਦੀ ਸਿੱਖਿਆ ਨੂੰ ਸੁਵਿਧਾਜਨਕ ਬਣਾਇਆ ਜਾ ਰਿਹਾ ਹੈ। ਇਹੀ ਕਾਰਨ ਹੈ ਕਿ ਵਿਦਿਆਰਥੀ ਤੇਜ਼ੀ ਨਾਲ ਸੁਧਾਰ ਕਰ ਰਹੇ ਹਨ। ਜਦੋਂ ਬੱਚੇ ਦੇਖ ਕੇ ਅਤੇ ਸੁਣ ਕੇ ਸਿੱਖਦੇ ਹਨ, ਤਾਂ ਨਤੀਜੇ ਵਿਲੱਖਣ ਹੁੰਦੇ ਹਨ। ਅੰਤ ਵਿੱਚ, ਸਕੂਲ ਪ੍ਰਿੰਸੀਪਲ, ਰੌਬਿਨ ਕੁਮਾਰ ਨੇ ਜ਼ੋਰ ਦੇ ਕੇ ਕਿਹਾ ਕਿ ਅਧਿਆਪਕਾਂ ਅਤੇ ਵਿਦਿਅਕ ਸੰਸਥਾਵਾਂ, ਮਾਪਿਆਂ ਦੇ ਨਾਲ-ਨਾਲ, ਬੱਚਿਆਂ ਨੂੰ ਚੰਗੇ ਨਾਗਰਿਕ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀਆਂ ਹਨ।




## ਕੁਲੈਕਟਰ ਰੇਟ 15% ਤੋਂ 75% ਤੱਕ ਵਧਾਏ ਜਾਣ ਨਾਲ ਜਨਤਾ 'ਤੇ ਮਹਿੰਗਾਈ ਦਾ ਦੋਹਰਾ ਝਟਕਾ: ਸੁਮਿਤ ਹਿੰਦੁਸਤਾਨੀ

ਕੁਰੂਕਸ਼ੇਤਰ, 1 ਅਪ੍ਰੈਲ (ਪ.ਪ.) ਆਮ ਆਦਮੀ ਪਾਰਟੀ ਹਰਿਆਣਾ ਰਾਜ ਦੇ ਬੁਲਾਰੇ ਸੁਮਿਤ ਹਿੰਦੁਸਤਾਨੀ ਨੇ ਹਰਿਆਣਾ ਸਰਕਾਰ ਵੱਲੋਂ ਰਾਜ ਦੇ ਸਾਰੇ ਜ਼ਿਲ੍ਹਿਆਂ ਵਿੱਚ ਕੁਲੈਕਟਰ ਰੇਟਾਂ ਵਿੱਚ 15% ਤੋਂ 75% ਤੱਕ ਦੇ ਪ੍ਰਸਤਾਵਿਤ ਵੱਡੇ ਵਾਧੇ ਨੂੰ ਲੋਕ ਵਿਰੋਧੀ ਅਤੇ ਅਸੰਵੇਦਨਸ਼ੀਲ ਦੱਸਿਆ ਹੈ। ਉਨ੍ਹਾਂ ਕਿਹਾ ਕਿ ਇੱਕ ਪਾਸੇ ਜਨਤਾ ਪਹਿਲਾਂ ਹੀ ਮਹਿੰਗਾਈ ਤੋਂ ਪੀੜਤ ਹੈ, ਦੂਜੇ ਪਾਸੇ, ਇਸ ਮੁਸ਼ਕਲ ਸਮੇਂ ਵਿੱਚ ਰਾਹਤ ਦੇਣ ਦੀ ਬਜਾਏ, ਸਰਕਾਰ ਕੁਲੈਕਟਰ ਰੇਟ ਵਿੱਚ ਭਾਰੀ ਵਾਧਾ ਕਰਕੇ ਆਮ ਆਦਮੀ ਦੀ ਕਮਰ ਤੋੜ ਰਹੀ ਹੈ। ਇਸ ਨਾਲ ਜ਼ਮੀਨ, ਰਿਹਾਇਸ਼ ਅਤੇ ਰਜਿਸਟ੍ਰੇਸ਼ਨ ਨਾਲ ਸਬੰਧਤ ਸਾਰੇ ਖਰਚੇ ਸਿੱਧੇ ਤੌਰ 'ਤੇ ਵਧਣਗੇ, ਜਿਸਦਾ ਅਸਰ ਆਮ ਆਦਮੀ ਅਤੇ ਛੋਟੇ ਕਾਰੋਬਾਰਾਂ 'ਤੇ ਪਵੇਗਾ। ਹਿੰਦੁਸਤਾਨੀ ਨੇ ਇਹ ਵੀ ਸਵਾਲ ਕੀਤਾ ਕਿ ਪ੍ਰਸਤਾਵਿਤ ਦਰਾਂ 28 ਮਾਰਚ ਦੁਪਹਿਰ ਨੂੰ ਜ਼ਿਲ੍ਹਾ ਵੈੱਬਸਾਈਟਾਂ 'ਤੇ ਅਪਲੋਡ ਕੀਤੀਆਂ ਗਈਆਂ ਸਨ, ਅਤੇ ਇਤਰਾਜ਼ਾਂ ਅਤੇ ਸੁਝਾਵਾਂ ਲਈ ਸਮਾਂ 30 ਮਾਰਚ ਨੂੰ ਦੁਪਹਿਰ 3 ਵਜੇ ਤੱਕ ਹੀ ਦਿੱਤਾ ਗਿਆ ਸੀ, ਜਿਸ ਵਿੱਚ 29 ਮਾਰਚ ਨੂੰ ਐਤਵਾਰ ਦੀ ਛੁੱਟੀ ਵੀ ਸ਼ਾਮਲ ਸੀ। ਨਤੀਜੇ ਵਜੋਂ, ਜਨਤਾ ਨੂੰ ਆਪਣੇ ਵਿਚਾਰ ਪ੍ਰਗਟ ਕਰਨ ਦਾ ਢੁਕਵਾਂ ਮੌਕਾ ਨਹੀਂ ਦਿੱਤਾ ਜਾ ਰਿਹਾ ਹੈ, ਜਿਸ ਨਾਲ ਸਰਕਾਰ ਦੇ ਇਰਾਦਿਆਂ 'ਤੇ ਗੰਭੀਰ ਸਵਾਲ ਖੜ੍ਹੇ ਹੋ ਰਹੇ ਹਨ। ਆਮ ਆਦਮੀ ਪਾਰਟੀ ਮੰਗ ਕਰਦੀ ਹੈ ਕਿ ਜਨਤਾ ਨੂੰ ਸ਼ਿਕਾਇਤਾਂ, ਸੁਝਾਅ ਅਤੇ ਇਤਰਾਜ਼ ਜਮ੍ਹਾ ਕਰਨ ਲਈ ਘੱਟੋ-ਘੱਟ ਦੋ ਦਿਨ ਦਿੱਤੇ ਜਾਣ, ਅਤੇ ਜਨਤਾ ਨੂੰ ਅਖ਼ਬਾਰਾਂ ਅਤੇ ਹੋਰ ਮੀਡੀਆ ਰਾਹੀਂ ਇਨ੍ਹਾਂ ਅਸਾਧਾਰਨ ਵਾਧੇ ਬਾਰੇ ਜਾਣੂ ਕਰਵਾਇਆ ਜਾਵੇ। ਸਰਕਾਰ ਦੀ ਡੇਢ ਦਿਨ ਦੀ ਸਮਾਂ-ਸੀਮਾ ਸਿਰਫ਼ ਇੱਕ ਰਸਮੀ ਕਾਰਵਾਈ ਹੈ ਅਤੇ ਮਾਸੂਮ ਨਾਗਰਿਕਾਂ 'ਤੇ ਗੁਪਤ ਰੂਪ ਵਿੱਚ ਅਸਾਧਾਰਨ ਕੁਲੈਕਟਰ ਰੇਟ ਥੋਪਣ ਦੀ ਕੋਸ਼ਿਸ਼ ਹੈ।

# ਸਮਾਜ ਵਿੱਚ ਕੁੜੀ ਦੀ ਹਾਲਤ ਤੇ ਵਿਆਹ ਨੂੰ ਸਮਾਜਿਕ ਸੁਰੱਖਿਆ ਦੇ ਤੌਰ 'ਤੇ ਕਿਉਂ ਰੱਖਿਆ ਜਾਂਦੈ

ਪੰਡਾ ਪੁਰਾਣੀ ਪੋਥੀ ਸਾਹਮਣੇ ਰੱਖੀ ਪੁੱਛ ਰਿਹਾ ਹੈ,ਪਿਛਲੀ ਵਾਰੀ ਹਰਿਦੁਆਰ ਕਦੋਂ ਆਏ ਸੀ? ਜਦੋਂ ਪਿਤਾ ਜੀ ਦੀ ਮੌਤ ਹੋਈ ਸੀ, ਤਾਂ ਆਇਆ ਸੀ, 40 ਵਰ੍ਹੇ ਪਹਿਲਾਂ। ਇੰਨਾ ਦੱਸ ਕੇ ਮੈਂ ਚੁੱਪ ਹੋ ਜਾਂਦਾ ਹਾਂ।ਪੰਡਾ ਪੁਰਾਣੀ ਪੋਥੀ ਦੇ ਪੰਨੇ ਤੇਜ਼ੀ ਨਾਲ ਫਰੋਲਣ ਲੱਗਦਾ ਹੈ। ਜ਼ਮਾਨਾ ਬਦਲ ਗਿਆ। ਸਾਰੀਆਂ ਥਾਂਵਾਂ ਉੱਤੇ ਕੰਪਿਊਟਰਾਂ 'ਤੇ ਕੰਮ ਹੋਣ ਲੱਗਿਆ ਹੈ ਪਰ ਇਹ ਲੋਕ ਅਜੇ ਵੀ ਪੁਰਾਣੀ ਪੋਥੀਆਂ ਵਿੱਚ ਵਿਸ਼ਵਾਸ ਰੱਖਦੇ ਹਨ।ਹਰਿਦੁਆਰ 'ਚ ਪੈਰ ਰੱਖਦਿਆਂ ਹੀ ਇਨ੍ਹਾਂ ਪੰਡਿਆਂ ਦੇ ਪ੍ਰਸ਼ਨਾਂ ਨਾਲ ਸਾਹਮਣਾ ਹੁੰਦਾ ਹੈ: ਕਿੱਥੋਂ ਆਏ ਹੋ? ਕੀ ਜਾਤ, ਕਿੱਥੇ ਜਾਵੋਗੇ? ਹਰਿ ਕੀ ਪੌੜੀ ਤੋਂ ਬਾਜ਼ਾਰ ਵਿੱਚ ਘੁੰਮਦੇ ਹੋਏ ਹੀ ਇਹ ਸਵਾਲ ਕਰਦੇ ਪੰਡੇ ਮਿਲ ਗਏ ਤੇ ਸਾਡਾ ਕੁਲ ਪ੍ਰੋਹਿਤ ਆਪਣਾ ਪਤਾ ਦੱਸ ਕੇ ਇੱਕ ਕੋਠੀ ਵਿੱਚ ਲੈ ਆਇਆ। ਮਿਲ ਗਿਆ... ਮਿਲ ਗਿਆ, ਇਹ ਦੇਖੋ ਤੁਹਾਡੇ ਹਸਤਾਖਰ। ਤੁਸੀਂ ਪਿਤਾ ਦੀ ਮੌਤ 'ਤੇ ਜੈ ਰਾਮ ਨਾਂ ਦੇ ਬੰਦੇ ਨਾਲ ਆਏ ਸੀ।ਉਸ ਦੇ ਹਸਤਾਖਰ ਵੀ ਹਨ। ਮੈਂ ਪੁਰਾਣੀ ਪੋਥੀ ਦੇ ਤਕਰੀਬਨ 40 ਸਾਲ ਪੁਰਾਣੇ ਪੀਲੇ ਹੋ ਚੁੱਕੇ ਪੰਨਿਆਂ 'ਤੇ ਹੱਥ ਫੇਰਦਾ ਹਾਂ- ਜਿਵੇਂ ਆਪਣੇ ਪਿਤਾ ਨੂੰ ਮਿਲ ਰਿਹਾ ਹੋਵਾਂ। ਕੁੱਝ ਮਿੰਟ ਪਹਿਲਾਂ ਪੁਰਾਣੀ ਪੋਥੀ ਨੂੰ ਦੇਖ ਕੇ ਜੋ ਖਿੱਝ ਚੜ੍ਹੀ ਸੀ, ਉਹ ਹੁਣ ਗੁੰਮ ਹੋ ਚੁੱਕੀ ਸੀ। ਦਿਲ ਵਿੱਚ ਇਹ ਗੱਲ ਉੱਠੀ ਜੇ ਕੰਪਿਊਟਰ ਵਿੱਚ ਇਹ ਰਿਕਾਰਡ ਹੁੰਦਾ ਤਾਂ ਸ਼ਾਇਦ ਇਹ ਭਾਵ ਨਾ ਉੱਠਦਾ। ਇਹ ਪੁਰਾਣੀ ਪੋਥੀ ਦੇ ਪੀਲੇ ਹੋ ਚੁੱਕੇ ਪੰਨਿਆਂ ਦਾ ਜਾਦੂ ਹੈ। ਮੈਂ ਚਾਲੀ ਸਾਲ ਪੁਰਾਣੇ ਸਮੇਂ ਵਿੱਚ ਪੁੱਜ ਜਾਂਦਾ ਹਾਂ। ਉਹ ਦਸੰਬਰ ਦਾ ਠੰਡਾ ਦਿਨ ਸੀ। ਸਕੂਲ 'ਚ ਕਲਾਸ ਵਿੱਚ ਬੈਠਾ ਸੀ। ਗਲੀ ਦਾ ਇੱਕ ਮੁੰਡਾ ਘਬਰਾਇਆ ਹੋਇਆ ਆਇਆ ਸੀ ਤੇ ਅਧਿਆਪਕ ਨਾਲ ਗੱਲ ਕਰਕੇ ਮੈਨੂੰ ਛੁੱਟੀ ਦਿਵਾ ਕੇ ਮੇਰਾ ਬਸਤਾ ਚੁੱਕ ਕੇ ਘਰ ਲੈ ਗਿਆ ਸੀ। ਘਰ ਦੇ ਬਾਹਰ ਭੀੜ ਸੀ। ਚੀਕਾਂ, ਕੂਕਾਂ ਦੀਆਂ ਆਵਾਜ਼ਾਂ ਆ ਰਹੀਆਂ ਸਨ। ਲੋਕ ਸਨ ਤੇ ਹੰਝੂਆਂ ਨਾਲ ਭਰੀਆਂ ਅੱਖਾਂ ਸਨ।ਘਰ ਅੰਦਰ ਵੜਦਿਆਂ ਹੀ ਮੈਨੂੰ ਖਿੱਚ ਕੇ ਬੈਠਕ ਵਿੱਚ ਲੈ ਗਏ। ਉੱਥੇ ਪਿਤਾ ਜੀ ਲੇਟੇ ਸਨ, ਸ਼ਾਂਤ ਤੇ ਬਿਲਕੁਲ ਬਰਫ਼ ਵਾਂਗ ਠੰਢੇ। ਉਹ ਜਾ ਚੁੱਕੇ ਸਨ ਤੇ ਬਸ ਸਰੀਰ ਪਿਆ ਸੀ।ਮਾਂ ਦਾ ਰੋਣ ਅਤੇ ਚੀਕਾਂ ਘਰ ਵਿੱਚ ਗੂੰਜ ਰਹੀਆਂ ਸਨ। ਪੰਡੇ ਨੇ ਪੁੱਛਿਆ, ਅੱਜ ਕਿਵੇਂ ਆਏ ਹਰਿਦੁਆਰ।ਮਾਂ ਦੀ ਮੌਤ ਹੋ ਗਈ। ਉਨ੍ਹਾਂ ਦੇ ਫੁੱਲ ਤਾਰਨ ਆਇਆ ਹਾਂ। ਵੈਸੇ ਮੈਨੂੰ ਤੁਹਾਡਾ ਪੁਰਾਣਾ ਘਰ ਯਾਦ ਹੈ। ਥੋੜ੍ਹਾ ਅੱਗੇ ਸੀ। ਸਾਹਮਣੇ ਘਾਟ ਵੀ ਹੈ।ਗੰਗਾ ਵਗਦੀ ਹੈ ਉੱਥੇ ਬੈਠ ਕੇ ਮੈਂ ਪੂਜਾ ਕਰਵਾਈ ਸੀ। ਹਾਂ, ਅਸੀਂ ਘਰ ਬਦਲ ਲਿਆ ਹੈ, ਹੁਣ ਸਾਡੇ ਪਿਤਾ ਜੀ ਵੀ ਨਹੀਂ ਰਹੇ। ਹੁਣ ਮੈਂ ਹੀ ਇਹ ਸਭ ਸੰਭਾਲਦਾ ਹਾਂ।ਪੰਡੇ ਭਾਵੁਕ ਨਹੀਂ ਹੁੰਦੇ। ਜੇ ਭਾਵੁਕ ਹੋ ਗਏ ਤਾਂ ਜਜਮਾਨਾਂ ਤੋਂ ਪੈਸੇ ਕਿਵੇਂ ਮੰਗਣਗੇ? ਮਾਂ ਲਈ ਪੂਜਾ ਕਰਵਾ ਆਇਆ। ਹਾਂ, ਮੈਂ ਕਨਖਲ ਹੋ ਆਇਆਂ। ਤੁਹਾਡੇ ਬਾਰੇ ਪੁੱਛਿਆ ਸੀ ਤੁਸੀਂ ਨਹੀਂ ਮਿਲੇ। ਫੇਰ ਜਿਹੜਾ ਪੰਡਾ ਮਿਲਿਆ, ਉਸ ਤੋਂ ਪੂਜਾ ਕਰਵਾ ਲਈ।ਇਸ ਤਰ੍ਹਾਂ ਨਹੀਂ ਹੁੰਦਾ।ਇਹ ਤਾਂ ਸਾਡਾ ਕੰਮ ਹੈ। ਹੁਣ ਉਹ ਭਾਵੁਕਤਾ ਛੱਡ ਆਪਣੇ ਧੰਦੇ ਦੀ ਗੱਲ ਕਰਨ ਲੱਗਿਆ। ਮੈਂ ਤਾਂ ਆਉਣ ਵਾਲੀ ਪੀੜ੍ਹੀ ਲਈ ਇਹ ਸੂਚਨਾ ਦਰਜ ਕਰਵਾਉਣ ਆਇਆ ਹਾਂ ਕਿ ਮਾਂ ਦੇ ਫੁੱਲ ਤਾਰਨ ਲਈ ਮੈਂ ਆਇਆ ਸੀ। ਇਸ ਲਈ ਸ਼ਰਧਾਪੂਰਵਕ ਜੋ ਦੇ ਰਿਹਾ ਹਾਂ ਉਹ ਰੱਖ ਲਵੋ। ਨਹੀਂ ਨਹੀਂ ਘੱਟ ਪੈਸੇ ਹਨ ਤਾਂ ਮੈਥੋਂ ਲੈ ਜਾਵੋ, ਘਰ ਜਾਕੇ ਮਨੀਆਰਡਰ ਰਾਹੀਂ ਭੇਜ ਦੇਣਾ।ਪੰਡਾ ਮੇਰੇ ਵੱਲ ਵਧੀਆ ਵਿਜ਼ਿਟਿੰਗ ਕਾਰਡ ਕਰ ਦਿੰਦਾ ਹੈ, ਜਿਸ 'ਤੇ ਫੋਨ ਨੰਬਰ ਵੀ ਲਿਖਿਆ ਹੋਇਆ ਹੈ। ਦਿਲ ਵਿੱਚ ਆਉਂਦਾ ਹੈ ਕਿ ਕਹਿ ਦਿਆਂ ਕਿ... ਪਰ ਮੌਕੇ ਦੀ ਨਜ਼ਾਕਤ ਦੇਖ ਕੇ ਇੰਨਾ ਹੀ ਕਹਿੰਦਾ ਹਾਂ, ਦੇਖੋ... ਮਾਂ ਨਹੀਂ ਰਹੀ।ਸ਼ਰਧਾਪੂਰਵਕ ਜੋ ਦਿੱਤਾ ਹੈ ਇਸ ਨੂੰ ਸਵੀਕਾਰ ਕਰੋ। ਅਜੇ ਤੁਹਾਡੇ ਹੋਰ ਭਰਾਵਾਂ ਨਾਲ ਉੱਥੈ ਮੁਲਾਕਾਤ ਬਾਕੀ ਹੈ। ਉੱਥੇ ਮੇਰਾ ਕੋਈ ਭਰਾ ਨਹੀਂ ਰਹਿੰਦਾ।ਮੈਂ ਪੰਡਿਆਂ ਦੀ ਬਿਰਾਦਰੀ ਦੀ ਗੱਲ ਕਰ ਰਿਹਾ ਹਾਂ।ਉਨ੍ਹਾਂ ਨਾਲ ਸਾਡਾ ਕੀ ਸਬੰਧ? ਬਿਰਾਦਰੀ ਤਾਂ ਇੱਕੋ ਹੀ ਹੈ? ਠੀਕ ਇਹ ਮੇਰਾ ਨਿੱਕਾ ਮੁੰਡਾ ਵਿਦਿਆਰਥੀ ਹੈ। ਇਸ ਦੀ ਪੜ੍ਹਾਈ ਦੇ ਲਈ ਕੁੱਝ ਦੇ ਕੇ ਜਾਵੋ। ਇਹ ਮੈਨੂੰ ਬੁਰਾ ਨਹੀਂ ਲੱਗਿਆ। ਮੈਂ ਜੇਬ ਵਿੱਚ ਹੱਥ ਪਾਉਂਦਾ ਹਾਂ। ਠੀਕ ਜਿਹੀ ਰਕਮ ਮੁੰਡੇ ਨੂੰ ਦੇ ਦਿੰਦਾ ਹਾਂ। ਪੰਡੇ ਤੇ ਉਸ ਦੇ ਪੁੱਤਰ ਦੋਵਾਂ ਦਾ ਚਿਹਰਾ ਖਿੜ ਜਾਂਦਾ ਹੈ। ਮੈਂ ਗੰਗਾ ਜਲ ਲੈ ਕੇ ਤੁਰ ਪੈਂਦਾ ਹਾਂ। ਬੜਾ ਅਜੀਬ ਅਹਿਸਾਸ ਹੁੰਦਾ ਹੈ। ਮਾਂ ਦੀਆਂ ਅਸਥੀਆਂ ਦੀ ਛੋਟੀ ਜਿਹੀ ਗੱਠੜੀ ਚੁੱਕ ਕੇ ਕਿੰਨਾ ਅਸ਼ਾਂਤ, ਬੇਚੈਨ ਹਰਿਦੁਆਰ ਆਇਆ ਸੀ। ਕਨਖਲ ਗੰਗਾ ਵਿੱਚ ਮਾਂ ਦੇ ਫੁੱਲ ਤਾਰਨ ਤੱਕ ਇਹ ਭਾਵਨਾ ਸੀ ਕਿ ਮਾਂ ਅਜੇ ਵੀ ਹੈ, ਚਾਹੇ ਇਸ ਰੂਪ ਵਿੱਚ ਹੈ ਪਰ ਗੱਠੜੀ ਨੂੰ ਮੱਥੇ ਨਾਲ ਲਾ ਕੇ ਗੰਗਾ ਵਿੱਚ ਪ੍ਰਵਾਹ ਕਰਦਿਆਂ ਲੱਗਿਆ ਸੀ ਕਿ ਮੈਂ ਪੂਰੀ ਤਰ੍ਹਾਂ ਖਾਲੀ ਹੋ ਗਿਆ ਹਾਂ। ਹਰਿ ਕੀ ਪੌੜੀ 'ਤੇ ਇਸ਼ਨਾਨ ਕਰਕੇ ਜਿਉਂ ਹੀ ਮੈਂ ਘਰ ਲਈ ਗੰਗਾ ਜਲ ਬੋਤਲ ਵਿੱਚ ਭਰਿਆ ਤਾਂ ਮੈਨੂੰ ਇਹ ਮਹਿਸੂਸ ਹੋਇਆ ਕਿ ਇਹੀ ਗੰਗਾ ਦੀ ਸ਼ਕਤੀ ਹੈ।ਇਹ ਮੇਰੇ ਵਰਗੇ ਬੇਚੈਨ ਲੋਕਾਂ ਨੂੰ ਆਪਣੀ ਸ਼ੀਤਲਤਾ ਨਾਲ ਸਾਰੇ ਦੁੱਖਾਂ ਨੂੰ ਸਹਿਣ ਦੀ ਸ਼ਕਤੀ ਦਿੰਦੀ ਹੈ।ਹੁਣ ਮਾਂ ਨਹੀਂ ਹੈ ਪਰ ਮਾਂ ਦਾ ਦੁੱਖ ਸਹਿਣ ਲਈ ਸ਼ੀਤਲ ਗੰਗਾ ਜਲ ਤਾਂ ਹੈ।ਬੜਾ ਅਜੀਬ ਲੱਗ ਰਿਹਾ ਹੈ। ਇਸੇ ਹਰਿਦੁਆਰ ਵਿੱਚ ਤਕਰੀਬਨ 40 ਸਾਲ ਪਹਿਲਾਂ ਮੈਂ ਪਿਤਾ ਜੀ ਦੇ ਫੁੱਲ ਲੈ ਕੇ ਆਇਆ ਸੀ ਤੇ ਅੱਜ ਮਾਂ ਦੇ ਫੁੱਲਾਂ ਦੀ ਗੱਠੜੀ ਤਾਰਨ ਆਇਆ ਹਾਂ।ਮਾਂ ਦੀ 40 ਸਾਲ ਲੰਮੀ ਸਾਧਨਾ, 40 ਸਾਲ ਇਕੱਲੇ ਪਰਿਵਾਰ ਦੀ ਕਿਸ਼ਤੀ ਨੂੰ ਚਲਾਉਣ ਦਾ ਕੀ ਨਤੀਜਾ ਸਾਹਮਣੇ ਆਇਆ? ਹਵਾ 'ਚ ਕਾਬਾ ਹੈ ਤੇ ਵਿਚਾਰਾਂ ਵਿੱਚ ਮਾਂ ਦਾ ਅੰਤਮ ਦੁਖਦਾਈ ਸਫ਼ਰ। ਇੱਕ ਵਾਰ ਤਾਂ ਸਾਰਾ ਸਰੀਰ ਹੀ ਕੰਬ ਜਾਂਦਾ ਹੈ।ਉਹ 40 ਸਾਲ ਦੀ ਲੰਮੀ ਯਾਤਰਾ ਤੋਂ ਬਾਅਦ ਇਸ ਤਰ੍ਹਾਂ ਦੀ ਵਿਦਾਈ... ਨਹੀਂ ਮਾਂ ਨੇ ਤਾਂ ਇਸ ਦੀ ਕਲਪਨਾ ਵੀ ਨਹੀਂ ਕੀਤੀ ਹੋਣੀ। ਮਾਂ ਤੋਂ ਇੱਕ ਸਿੱਖਿਆ ਤਾਂ ਲਈ ਸੀ ਕੁੱਝ ਵੀ ਹੋ ਜਾਵੇ ਕਿੰਨਾ ਵੀ ਬੁਰਾ ਕਿਉਂ ਨਾ ਹੋ ਜਾਵੇ ਹੌਸਲਾ ਰੱਖਕੇ ਕਹਿਣਾ 'ਕੋਈ ਗੱਲ ਨਹੀਂ, ਜ਼ਿੰਦਗੀ ਬਹੁਤ ਬਾਕੀ ਪਈ ਹੈ, ਸਾਰਾ ਕੁੱਝ ਠੀਕ ਹੋ ਜਾਵੇਗਾ'। ਹਰ ਦੁੱਖ ਵੇਲੇ ਇੱਕੋ ਹੀ ਮੰਤਰ 'ਕੋਈ ਗੱਲ ਨਹੀਂ'। ਤਾਂ ਇਹ ਮੰਤਰ ਮੇਰੇ ਕੰਨਾਂ ਵਿੱਚ ਪਾਉਣ ਵਾਲੀ ਮਾਂ ਦਾ ਵਿਸ਼ਵਾਸ ਕਿਉਂ ਡਗਮਗਾ ਗਿਆ। ਮਾਂ ਨੇ ਇਨ੍ਹਾਂ 40 ਸਾਲਾਂ 'ਚ ਕਿੰਨੇ ਦੁੱਖ ਸਹਾਰੇ। ਦੁੱਖ-ਸੁੱਖ ਝੱਲੇ ਪਰ 'ਕੋਈ ਗੱਲ ਨਹੀਂ' ਮੰਤਰ ਉਨ੍ਹਾਂ ਨੂੰ ਸ਼ਕਤੀ ਦਿੰਦਾ ਸੀ। ਮੈਂ ਚਾਰੋਂ ਭੈਣ-ਭਰਾਵਾਂ 'ਚ ਵੱਡੇ ਹੁੰਦੇ ਹੋਏ ਇੱਕ ਸਕੂਲੀ ਵਿਦਿਆਰਥੀ ਸੀ ਤੇ ਮਾਂ ਵੀ, ਇੱਕ ਮਾਂ ਹੁੰਦੇ ਹੋਏ 31 ਸਾਲਾਂ ਦੀ ਔਰਤ ਸੀ, ਜਿਸ ਦੇ ਸਾਹਮਣੇ ਸਾਰਾ ਸੰਸਾਰ ਸੀ, ਸੁਪਨੇ ਸਨ, ਸੰਘਰਸ਼ ਸੀ, ਕੁਰੂਕਸ਼ੇਤਰ ਦੇ ਮੈਦਾਨ ਵਾਂਗ ਰਿਸ਼ਤੇਦਾਰਾਂ ਨਾਲ ਲੜਨ ਲਈ ਵੀ ਇੱਕ ਤਰ੍ਹਾਂ ਪੂਰਾ ਮਹਾਂਭਾਰਤ ਸੀ। ਉਹ ਇਕੱਲੀ ਲਾਚਾਰ ਔਰਤ ਕਿਵੇਂ ਇਹ ਸਾਰੇ ਮਹਾਂਭਾਰਤ ਲੜਦੀ ਰਹੀ। ਮੈਂ ਵੱਡਾ ਹੋਣ ਨਾਤੇ ਸਾਰੇ ਭੈਣਾਂ-ਭਰਾਵਾਂ ਤੋਂ ਜ਼ਿਆਦਾ ਨਜ਼ਦੀਕ ਤੋਂ ਜਾਣਦਾ ਹਾਂ। ਗੰਗਾ ਕਿਨਾਰੇ ਖੜ੍ਹਾ ਇਸ ਦੁੱਖਭਰੀ ਫ਼ਿਲਮ ਨੂੰ ਫਿਰ ਤੋਂ ਦੁਹਰਾਉਂਦਾ ਹਾਂ ਤਾਂ ਮਾਂ ਦਾ ਚਿਹਰਾ ਮੇਰੇ ਸਾਹਮਣੇ ਆਣ ਖਲੋਂਦਾ ਹੈ, ਜਿਸ ਨੂੰ ਇੱਕ ਇਹੋ-ਜਿਹੇ ਪਤੀ ਨਾਲ ਬੰਨ੍ਹ ਦਿੱਤਾ ਗਿਆ ਸੀ ਜੋ ਵੱਡੀ ਜਿਮੀਂਦਾਰੀ ਸੰਭਾਲਣ ਦੇ ਨਾਲ ਸ਼ਰਾਬ ਪੀਣ ਦਾ ਆਦੀ ਸੀ।ਮਾਂ ਦੇ ਪਰਿਵਾਰ ਤੇ ਪਿਤਾ ਦੇ ਪਰਿਵਾਰ ਦੀਆਂ ਕਦਰਾਂ-ਕੀਮਤਾਂ ਵਿੱਚ ਵੀ ਕਾਫ਼ੀ ਫ਼ਰਕ ਸੀ। ਨਾਨਾ ਜੀ ਅੰਗਰੇਜ਼ਾਂ ਦੇ ਜ਼ਮਾਨੇ ਵਿੱਚ ਡੀ.ਸੀ. ਦੇ ਨਿੱਜੀ ਸਹਾਇਕ ਸਨ ਤੇ ਦਾਦਾ ਜੀ ਵੱਡੀ ਜਿਮੀਂਦਾਰੀ ਦੇ ਨਾਲ ਪਿੰਡ ਦੇ ਨੰਬਰਦਾਰ ਵੀ ਸਨ। ਨਾਨਾ ਜੀ ਆਰੀਆ ਸਮਾਜ ਦੇ ਰੰਗ ਵਿੱਚ ਰੰਗੇ ਹੋਏ ਸਨ ਤੇ ਦਾਦਾ ਜੀ ਸਨਾਤਨ ਧਰਮ ਦੇ ਰੀਤੀ-ਰਿਵਾਜਾਂ ਵਿੱਚ ਡੁੱਬੇ ਹੋਏ ਸਨ। ਮਾਂ ਭਾਵੇਂ ਅੱਠਵੀਂ ਪਾਸ ਸੀ ਤੇ ਪਿਤਾ ਜੀ ਚੌਥੀ ਕਲਾਸ ਤੱਕ ਉਰਦੂ ਦੀ ਕੰਮ ਚਲਾਊ ਪੜ੍ਹਾਈ ਲੈ ਕੇ ਬਸਤਾ ਚੁੱਕੀ ਘਰ ਆਏ ਤੇ ਫਿਰ ਵਾਪਸ ਸਕੂਲ ਨਹੀਂ ਗਏ।ਮਾਂ, ਮੇਰੀ ਦਾਦੀ ਦੀਆਂ ਨਜ਼ਰਾਂ ਵਿੱਚ ਇੱਕ ਬਾਬੂ ਦੀ ਧੀ ਸੀ ਤੇ ਪਿਤਾ ਜੀ ਇੱਕ ਵੱਡੇ ਜਿਮੀਂਦਾਰ ਦੇ ਇਕੱਲੇ ਕੁਲ ਦੀਪਕ ਸਨ। ਇਸ ਤਰ੍ਹਾਂ ਦੋ ਸੰਸਕ੍ਰਿਤੀਆਂ ਵਿੱਚ ਫਸੀ ਮੇਰੀ ਮਾਂ ਦੀ ਸਮੱਸਿਆਵਾਂ ਦੀ ਸ਼ੁਰੂਆਤ ਪਿਤਾ ਜੀ ਦੀ ਸ਼ਰਾਬ ਛੁਡਵਾਉਣ ਦੇ ਇਰਾਦੇ ਨਾਲ ਸ਼ੁਰੂ ਹੋਈ ਤੇ ਪਿਤਾ ਜੀ ਦੀ ਨਾ ਛੱਡਣ ਦੀ ਜ਼ਿੱਦ। ਆਪਣੇ ਬਚਪਨ ਦੇ ਭਿਆਨਕ ਦ੍ਰਿਸ਼ ਮੈਂ ਅੱਜ ਤੱਕ ਭੁੱਲ ਨਹੀਂ ਸਕਿਆ। ਪਿਤਾ ਜੀ ਰੋਜ਼ ਸ਼ਰਾਬ ਦੇ ਨਸ਼ੇ 'ਚ ਡਿੱਗਦੇ-ਢਹਿੰਦੇ ਘਰ ਪਹੁੰਚਦੇ ਸਨ। ਮਾਂ ਦਾ ਦਿਲ ਧੜਕਦਾ ਰਹਿੰਦਾ ਸੀ। ਪਿਤਾ ਜੀ ਰੋਜ਼ ਕਸਮ ਖਾਂਦੇ ਸਨ,ਬਸ ਅੱਜ ਮੁਆਫ਼ ਕਰਦੇ ਕੱਲ੍ਹ ਤੋਂ ਪੀਣ ਤੋਂ ਤੌਬਾ।ਮਾਂ ਹਰ ਰੋਜ਼ ਉਮੀਦ ਦਾ ਦੀਵਾ ਜਗਾਉਂਦੀ ਪਰ ਲੱਗਦਾ ਉਸ ਦਿਨ ਉਨ੍ਹਾਂ ਦੀ ਉਮੀਦ ਟੁੱਟ ਗਈ ਸੀ। ਦੀਵਾ ਬੁੱਝ ਗਿਆ ਸੀ। ਉਹ ਇੱਕ ਆਗਿਆਕਾਰੀ ਪਤਨੀ ਦੀ ਤਰ੍ਹਾਂ ਰੋਟੀ ਦੀ ਥਾਲੀ ਤਿਆਰ ਕਰਕੇ ਖੜ੍ਹਨ ਦੀ ਥਾਂ ਝਾਂਸੀ ਦੀ ਰਾਣੀ ਬਣ ਕੇ ਖੜ੍ਹੀ ਸੀ ਕਿ ਅੱਜ ਫ਼ੈਸਲਾ ਹੋ ਕੇ ਰਹੇਗਾ ਜਾਂ ਤਾਂ ਸ਼ਰਾਬ ਰਹੇਗੀ ਜਾਂ ਮੈਂ ਰਹਾਂਗੀ। ਇਕਲੌਤੇ, ਲਾਡਲੇ ਤੇ ਵਿਗੜੇ ਪੁੱਤਰ 'ਤੇ ਸ਼ਰਾਬ ਦਾ ਰੰਗ ਪੂਰੀ ਤਰ੍ਹਾਂ ਦਿਸਿਆ ਤੇ ਪੈਰਾਂ ਵਿੱਚ ਪਾਈ ਪਿੰਡ ਦੀ ਦੇਸੀ ਜੁੱਤੀ ਲਾਹ ਕੇ ਸਿੱਧੇ ਮਾਂ ਵੱਲ ਭੱਜੇ ਮੇਰੇ ਪਿਤਾ। ਬਾਬੂ ਦੀ ਬੇਟੀ ਨੇ ਆਪਣੇ ਘਰ ਵਿੱਚ ਪਹਿਲਾਂ ਤਾਂ ਸ਼ਰਾਬ ਹੀ ਨਹੀਂ ਦੇਖੀ ਸੀ, ਉੱਤੋਂ ਰੋਕਣ 'ਤੇ ਇਸ ਤਰ੍ਹਾਂ ਕੋਈ ਜੁੱਤੀ ਦਿਖਾਵੇਗਾ ਇਹ ਤਾਂ ਮਾਂ ਦੀ ਕਲਪਨਾ ਤੋਂ ਵੀ ਪਰ੍ਹੇ ਸੀ। ਮਾਂ ਨੇ ਜਿਵੇਂ-ਕਿਵੇਂ ਰਾਤ ਕੱਟੀ। ਸਵੇਰ ਹੁੰਦੇ ਹੀ, ਮੇਰੀ ਉਂਗਲ ਫੜੀ, ਅਟੈਚੀ ਚੁੱਕ ਕੇ ਪੇਕਿਆਂ ਦਾ ਰਸਤਾ ਫੜ੍ਹ ਲਿਆ ਤਾਂ ਜਾ ਕੇ ਕਿਤੇ ਪਿਤਾ ਜੀ ਨੂੰ ਪਰਿਵਾਰ 'ਤੇ ਪੈਣ ਵਾਲੇ ਕਾਲੇ ਸਾਏ ਦੀ ਸੋਝੀ ਆਈ। ਕੁੱਝ ਦਿਨ ਤਾਂ ਰਸਤਾ ਦੇਖਿਆ, ਆਕੜ ਰੱਖੀ, ਹਾਰ ਕੇ ਮਾਂ ਨੂੰ ਮਨਾਉਣ ਪਹੁੰਚੇ। ਮਾਂ ਮੇਰੇ ਬਚਪਨ ਵਿੱਚ ਇਹ ਕਹਿੰਦੀ ਰਹੀ ਕਿ ਜੇ ਮੈਂ ਇਸ ਪੁੱਤਰ ਨੂੰ ਜਨਮ ਨਾ ਦਿੱਤਾ ਹੁੰਦਾ ਤਾਂ ਕੌਣ ਮਨਾਉਣ ਆਉਂਦਾ ਪੇਕੇ। ਸ਼ਾਇਦ ਔਰਤ ਦਾ ਇਹ ਦੁਖਦਾਈ ਪਹਿਲੂ ਅੱਜ ਵੀ ਸੱਚ ਹੈ। ਮਾਂ ਦਾ ਕਹਿਣਾ ਸੀ ਉਸ ਦਾ ਇਹ ਵਿਰੋਧ ਕੁੱਝ ਦਿਨ ਹੀ ਰੰਗ ਲਿਆ ਸਕਿਆ। ਪਿਤਾ ਜੀ ਫੇਰ ਨਸ਼ੇ ਵਿੱਚ ਡੁੱਬ ਗਏ ਤੇ ਉਦੋਂ ਤੱਕ ਛੋਟੀ ਭੈਣ ਵੀ ਦੁਨੀਆ ਵਿੱਚ ਆ ਚੁੱਕੀ ਸੀ। ਇਸ ਤਰ੍ਹਾਂ ਮੋਹ ਮਮਤਾ ਵਿੱਚ ਫਸੀ ਮਾਂ ਵਿਚਾਰੀ ਪਿਤਾ ਜੀ ਨੂੰ ਡਰਾਉਣ ਲਈ ਫਿਰ ਆਪਣੇ ਪੇਕੇ ਵੀ ਨਹੀਂ ਜਾ ਸਕੀ। ਬਾਅਦ 'ਚ ਦੋ ਭਰਾ ਪਰਿਵਾਰ ਵਿੱਚ ਹੋਰ ਆ ਗਏ। ਪਿਤਾ ਜੀ ਨੂੰ ਸਮਝਾਉਣ ਦੇ ਸਾਰੇ ਯਤਨ ਨਾਕਾਮ ਰਹੇ। ਆਖਰ ਉਨ੍ਹਾਂ ਨੂੰ ਸ਼ਰਾਬ ਲੈ ਹੀ ਗਈ। ਬੜੀ ਜ਼ਮੀਨ-ਜਾਇਦਾਦ। ਬੜੀਆਂ ਮੁਸ਼ਕਲਾਂ ਤੇ ਬੜੇ ਲਾਲਚੀ ਰਿਸ਼ਤੇਦਾਰ। ਪਿਤਾ ਦੀ ਮੌਤ ਤੋਂ ਬਾਅਦ ਭੂਆ ਜ਼ਮੀਨ-ਜਾਇਦਾਦ ਦੇ ਹਿੱਸੇ 'ਤੇ ਨਜ਼ਰ ਰੱਖੀ ਬੈਠੀ ਸੀ। ਦਾਦਾ ਜੀ ਵਸੀਅਤ ਕਰ ਗਏ ਸਨ ਕਿ ਉਨ੍ਹਾਂ ਦੇ ਪੋਤਿਆਂ ਨੂੰ ਹਿੱਸਾ ਮਿਲੇ। ਕਚਹਿਰੀ ਵਿੱਚ ਸਵੇਰੇ ਤੋਂ ਡੇਰਾ ਲਾ ਲੈਣ ਵਾਲੇ ਮੇਰੇ ਦਾਦਾ ਜੀ ਆਪਣੇ ਸ਼ਰਾਬੀ ਪੁੱਤਰ ਤੋਂ ਇੰਨਾ ਤੰਗ ਆ ਚੁੱਕੇ ਸਨ ਕਿ ਇਕਲੌਤਾ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਆਪਣੇ ਪੁੱਤਰ ਪ੍ਰਤੀ ਕੋਈ ਮੋਹ ਮਮਤਾ ਨਹੀਂ ਸੀ। ਬੜੀ ਮਾਸੂਮੀਅਤ ਨਾਲ ਸਿੱਧਾ ਪਿਤਾ ਜੀ ਨੂੰ ਜ਼ਮੀਨ ਤੋਂ ਬੇਦਖਲ ਕਰ ਦਿੱਤਾ ਤਾਂ ਕਿ ਪਿਤਾ ਜੀ ਜ਼ਮੀਨ ਵੇਚ ਨਾ ਸਕਣ ਤੇ ਭੂਆ ਜੀ ਕਿਵੇਂ ਲੈ ਲੈਂਦੇ। ਪਿਤਾ ਜੀ ਦੀ ਮੌਤ ਤੋਂ ਬਾਅਦ ਭੂਆ ਮੁਅੱਜਿਜ਼ ਲੋਕਾਂ ਦੇ ਘਰਾਂ ਦੇ ਚੱਕਰ ਕੱਟ ਕੇ ਅਜਿਹੀ ਵਸੀਅਤ ਬਣਾਉਣ ਵਿੱਚ ਲੱਗ ਗਈ ਜਿਸ ਵਿੱਚ ਉਨ੍ਹਾਂ ਦਾ ਹਿੱਸਾ ਵੀ ਲਿਖਿਆ ਗਿਆ ਹੋਵੇ। ਲੋਕਾਂ ਨੇ ਇਸ ਤਰ੍ਹਾਂ ਦੀ ਵਸੀਅਤ 'ਤੇ ਗਵਾਹੀ ਪਾਉਣ ਤੋਂ ਮਨ੍ਹਾਂ ਕਰ ਦਿੱਤਾ। ਉੱਡਦੀ-ਉੱਡਦੀ ਗੱਲ ਮਾਂ ਤੱਕ ਪਹੁੰਚ ਗਈ। ਮੈਂ ਬੇਸ਼ੱਕ ਛੋਟੀ ਉਮਰ ਦਾ ਸੀ, ਮੈਨੂੰ ਵੀ ਭੂਆ ਜੀ ਦੀ ਇਹ ਗੱਲ ਬੁਰੀ ਲੱਗੀ। ਮਾਂ ਘਰ ਦੇ ਵਿਹੜੇ ਵਿੱਚ ਬੈਠੀ ਭੂਆ ਕੋਲ ਗਈ ਤੇ ਇੱਕ ਕਵਚ ਵਾਂਗ ਮੇਰੇ ਸਾਹਮਣੇ ਖੜ੍ਹੋ ਕੇ ਭੂਆ ਨੂੰ ਲਲਕਾਰ ਕੇ ਕਿਹਾ, ਆਪਣੇ ਬੱਚਿਆਂ ਦੇ ਮੂੰਹ ਵਿੱਚੋਂ ਉਨ੍ਹਾਂ ਦਾ ਨਿਵਾਲਾ ਖੋਹਣ ਨਹੀਂ ਦੇਵਾਂਗੀ। ਜੇ ਕੋਈ ਮੇਰੇ ਬੱਚਿਆਂ ਦੀ ਸਹਾਇਤਾ ਨਹੀਂ ਕਰ ਸਕਦਾ ਤਾਂ ਘੱਟੋ-ਘੱਟ ਉਨ੍ਹਾਂ ਦੇ ਬਜ਼ੁਰਗਾਂ ਤੋਂ ਮਿਲੀ ਸਹਾਇਤਾ ਤੋਂ ਤਾਂ ਵਾਂਝੇ ਨਾ ਕਰੋ। ਉਹ ਦਿਨ ਤੇ ਅੱਜ ਦਾ ਦਿਨ ਮਾਂ ਨੇ ਭੂਆ ਨੂੰ ਨਹੀਂ ਬੁਲਾਇਆ। ਬੱਚਿਆਂ ਦੇ ਅਧਿਕਾਰਾਂ ਦੀ ਰੱਖਿਆ ਕਰਦਿਆਂ ਰਿਸ਼ਤੇ ਦੀ ਡੋਰ ਇੱਕ ਮਿੰਟ ਵਿੱਚ ਤੋੜ ਦਿੱਤੀ। ਮੈਂ ਵੀ ਮਾਂ ਦੀ ਇਸ ਕਸਮ ਤੇ ਰਸਮ ਨੂੰ ਨਿਭਾਇਆ। ਮੈਂ ਆਪਣੀਆਂ ਦੋਵੇਂ ਭੂਆ ਨੂੰ ਜਾਨ ਤੋਂ ਜ਼ਿਆਦਾ ਪਿਆਰ ਕਰਦਾ ਸੀ। ਛੋਟੀ ਭੂਆ ਨਾਲ ਸਾਰੀਆਂ ਗੱਲਾਂ ਸਾਂਝੀਆਂ ਕਰਦਾ ਸੀ ਪਰ ਮੈਂ ਵੀ ਵਾਪਸ ਪਰਤ ਕੇ ਉਨ੍ਹਾਂ ਕੋਲ ਨਹੀਂ ਗਿਆ। ਮਾਂ ਸਾਨੂੰ ਚਾਰੋਂ ਭਾਈ-ਭੈਣਾਂ ਨਾਲ ਪਿਤਾ ਜੀ ਦੀ ਸਮੇਂ ਤੋਂ ਪਹਿਲਾਂ ਹੋਈ ਮੌਤ ਦਾ ਗਮ ਭੁਲਾ ਕੇ ਜ਼ਿੰਦਗੀ ਦੀ ਗੱਡੀ ਫਿਰ ਤੋਂ ਲੀਹ 'ਤੇ ਲਿਆਉਣ ਵਿੱਚ ਜੁਟ ਗਈ। ਮੈਨੂੰ ਕੀ ਪਤਾ ਸੀ ਕਿ ਪਿਤਾ ਦੇ ਪਿਆਰ ਦੀ ਛਾਂ ਕਿਸ ਤਰ੍ਹਾਂ ਦੀ ਹੁੰਦੀ ਹੈ। ਪਿਤਾ ਜੀ ਦੀ ਮੌਤ ਤੋਂ ਬਾਅਦ ਪਗੜੀ ਦਾ ਬੋਝ ਮੇਰੇ ਸਿਰ 'ਤੇ ਹੀ ਆਇਆ ਸੀ ਤੇ ਇਸ ਤਰ੍ਹਾਂ ਪਰਿਵਾਰ ਦੇ ਮੁਖੀ ਦੀ ਭੂਮਿਕਾ ਮੈਨੂੰ ਦੇ ਦਿੱਤੀ ਗਈ ਸੀ। ਸਾਡੀ ਮਾਸੀ ਤੇ ਮਾਮਿਆਂ ਨੂੰ ਲੱਗਿਆ ਕਿ ਉਨ੍ਹਾਂ ਦੀ ਭੈਣ ਨਿਰਮਲਾ ਕੁੱਝ ਬੱਚਿਆਂ ਸਹਾਰੇ ਤੇ ਕੁੱਝ ਉਮੀਦਾਂ ਸਹਾਰੇ ਜੀਵਨ ਦੀ ਕਿਸ਼ਤੀ ਕਿਨਾਰੇ ਲੈ ਜਾਵੇਗੀ। ਉਸ ਤਰ੍ਹਾਂ ਹੋਇਆ ਵੀ ਪਰ ਮਾਂ ਨੇ ਸੋਚਿਆ ਜਿਸ ਤਰ੍ਹਾਂ ਜ਼ਮੀਨ ਨੂੰ ਲੈ ਕੇ ਉਨ੍ਹਾਂ ਨਾਲ ਧੋਖਾ ਹੋ ਰਿਹਾ ਸੀ, ਉਸ ਤਰ੍ਹਾਂ ਉਨ੍ਹਾਂ ਦੇ ਛੋਟੇ ਪੁੱਤਰਾਂ ਨਾਲ ਵੀ ਨਾ ਹੋ ਜਾਵੇ। ਇਸ ਲਈ ਵੱਡਾ ਪੁੱਤਰ ਹੋਣ ਨਾਤੇ ਉਨ੍ਹਾਂ ਨੇ ਮੇਰੇ 'ਤੇ ਵੀ ਵਿਸ਼ਵਾਸ ਨਹੀਂ ਕੀਤਾ। ਉਹ ਇਹੋ ਰੱਟ ਲਾਈ ਰੱਖਦੀ ਮੇਰੇ ਬੱਚਿਆਂ ਦਾ ਹਿੱਸਾ ਦੇ ਦੇਵੋ। ਇਹ ਸਮਝਾਉਣ ਤੋਂ ਬਾਅਦ ਵੀ ਕਿ ਮੈਂ ਵੀ ਤੁਹਾਡਾ ਪੁੱਤਰ ਹਾਂ। ਮੈਂ ਇੰਨਾ ਜ਼ਰੂਰ ਕਿਹਾ, ਇਨ੍ਹਾਂ ਦੇ ਪੜ੍ਹਨ-ਲਿਖਣ ਦੇ ਦਿਨ ਹਨ ਤੇ ਮੈਨੂੰ ਵੀ ਆਪਣੇ ਪੈਰਾਂ 'ਤੇ ਖੜ੍ਹੇ ਹੋ ਲੈਣ ਦਿਓ। ਜਦੋਂ ਮੇਰਾ ਹਿੱਸਾ ਕੋਈ ਨਹੀਂ ਲੈ ਸਕਦਾ ਤਾਂ ਮੈਂ ਇਨ੍ਹਾਂ ਦਾ ਹਿੱਸਾ ਕਿਵੇਂ ਲੈ ਸਕਦਾ ਹਾਂ? ਫਿਰ ਵੱਡਾ ਭਰਾ ਹਾਂ, ਕੀ ਮੈਂ ਨਹੀਂ ਚਾਹਾਂਗਾ ਕਿ ਮੇਰੇ ਭਰਾ ਵੀ ਤਰੱਕੀ ਕਰਨ? ਪੜ੍ਹਾਈ-ਲਿਖਾਈ ਅਤੇ ਭੈਣ ਦੇ ਵਿਆਹ ਤੱਕ ਮੈਂ ਮਾਂ ਨੂੰ ਰੋਕ ਕੇ ਰੱਖਿਆ। ਫਿਰ ਵੀ ਉਹ ਇਸ ਵੰਡ ਦੇ ਬੀਜ ਨੂੰ ਹਰ ਰੋਜ਼ ਸਿੰਜਦੀ ਰਹੀ। ਭੈਣ ਛੋਟੀ ਸੀ ਪਰ ਪਹਿਲਾਂ ਉਸ ਦਾ ਵਿਆਹ ਕੀਤਾ ਗਿਆ। ਫ਼ੌਜ ਵਿੱਚ ਕੰਮ ਕਰਦਾ ਸੀ ਮੁੰਡਾ। ਰਿਸ਼ਤੇਦਾਰੀ 'ਚ ਦੂਰ ਦੀ ਚਾਚੀ ਇਹ ਰਿਸ਼ਤਾ ਲੈ ਕੇ ਆਈ ਸੀ। ਬਿਨਾਂ ਮੁੰਡਾ ਦੇਖੇ ਮਾਂ ਨੇ ਮੇਰੇ ਕੋਲੋਂ ਸ਼ਗਨ ਕਰਵਾ ਦਿੱਤਾ। ਬਾਅਦ 'ਚ ਮੁੰਡਾ ਜਦੋਂ ਛੁੱਟੀ ਆਇਆ ਤਾਂ ਉਸ ਸਮੇਂ ਮੈਨੂੰ ਦੇਖਣ ਲਈ ਉਸ ਦੇ ਪਿੰਡ ਭੇਜ ਦਿੱਤਾ। ਮੈਂ ਮਾਂ ਨੂੰ ਇੰਨਾ ਹੀ ਪੁੱਛਿਆ ਸੀ,ਦੱਸੋ ਜਦੋਂ ਸ਼ਗਨ ਕਰ ਚੁੱਕੀ ਹੈਂ ਤਾਂ ਹੁਣ ਦੇਖਣ ਦਾ ਕੀ ਫ਼ਾਇਦਾ? ਦੇਖ ਕੇ ਜੇ ਮੈਂ ਕਹਾਂ ਮੈਨੂੰ ਪਸੰਦ ਨਹੀਂ ਤਾਂ ਰਿਸ਼ਤਾ ਤੋੜ ਦੇਵੇਂਗੀ? ਤਾਂ ਵੀ 'ਕੱਲੀ ਔਰਤ ਦਾ ਸੰਘਰਸ਼ ਤੇ ਮਜਬੂਰੀ ਹੀ ਸਾਹਮਣੇ ਆਈ ਸੀ। ਸਮਾਜ ਵਿੱਚ ਕੁੜੀ ਦੀ ਹਾਲਤ ਤੇ ਵਿਆਹ ਨੂੰ ਸਮਾਜਿਕ ਸੁਰੱਖਿਆ ਦੇ ਤੌਰ 'ਤੇ ਕਿਉਂ ਰੱਖਿਆ ਜਾਂਦਾ ਹੈ। ਇਹ ਸਭ ਪੂਰੀ ਤਰ੍ਹਾਂ ਸਮਝ ਆ ਗਿਆ ਸੀ। ਕਦੀ ਬਾਲ ਵਿਆਹ ਹੁੰਦੇ ਰਹੇ ਤੇ ਹੁਣ ਵੀ ਪੜ੍ਹੀ-ਲਿਖੀ ਹੋਣ ਦੇ ਬਾਵਜੂਦ ਵਿਆਹ ਕਰਨਾ ਇੱਕ ਜ਼ਰੂਰਤ ਹੈ। ਮਾਂ ਫਫਕ ਉੱਠੀ, ਪੁੱਤ, ਮੈਂ ਕੀ ਕਰਦੀ ਰਿਸ਼ਤਾ ਮਨਜ਼ੂਰ ਕਰਨ ਤੋਂ ਇਲਾਵਾ? ਫ਼ੌਜ ਵਿੱਚ ਹੈ ਪਰ ਚੰਗਾ ਹੈ। ਦੇਖਣ ਯੋਗ ਮੁੰਡਾ ਤਾਂ ਹੋਵੇਗਾ ਹੀ। ਫਿਰ ਤੁਹਾਡੇ ਵਿਆਹ ਸੋਚ ਸਮਝ ਕੇ ਕਰ ਲਵਾਂਗੀ। ਇਹ ਬੇਵਕੂਫ਼ੀ ਮੈਨੂੰ ਕਰ ਲੈਣ ਦੇ। ਇਸ ਤੋਂ ਬਾਅਦ ਉਸ ਮੁੰਡੇ ਦੇ ਘਰ ਜਾ ਕੇ ਦੇਖਣ ਦੀ ਰਸਮ ਮੈਨੂੰ ਨਿਭਾਉਣੀ ਪਈ ਸੀ ਪਰ ਇਹ ਵਿਆਹ ਬੇਵਕੂਫ਼ੀ ਹੀ ਸਾਬਿਤ ਹੋਇਆ ਸੀ। ਸੱਸ ਤੇ ਤਿੰਨ ਕੁਆਰੀਆਂ ਨਨਾਣਾਂ ਇੰਨਾ ਕੰਮ ਕਰਨ ਦੇ ਬਾਵਜੂਦ ਨਘੋਚਾਂ ਕੱਢਦੀਆਂ ਰਹਿੰਦੀਆਂ ਸਨ। ਸਹੁਰਾ ਸਾਰਾ ਦਿਨ ਦੇਸੀ ਹਕੀਮ ਦਾ ਕੰਮ ਕਰਨ ਤੋਂ ਬਾਅਦ ਸਾਡੇ ਪਿਓ ਵਾਂਗ ਹੀ ਨਸ਼ੇ 'ਚ ਧੁੱਤ ਰਹਿੰਦਾ ਸੀ। ਇੱਕ ਦਿਉਰ ਸੀ ਕਾਲਜ ਤੋਂ ਬਾਅਦ ਜੋਤਿਸ਼ ਦੀਆਂ ਪੋਥੀਆਂ 'ਚ ਡੁੱਬਿਆ ਰਹਿੰਦਾ ਸੀ। ਪਤੀ ਜਦੋਂ ਫ਼ੌਜ ਤੋਂ ਛੁੱਟੀ ਆਉਂਦਾ ਮਾਂ ਉਸ ਦੇ ਕੰਨ ਭਰ ਦਿੰਦੀ। ਫਿਰ ਕੀ ਸੀ ਪਤੀ ਨੇ ਜਿਹੜੇ ਹੱਥ ਕਦੇ ਮੋਰਚੇ 'ਤੇ ਨਹੀਂ ਅਜ਼ਮਾਏ ਸੀ ਉਹ ਪਤਨੀ ਨੂੰ ਮਾਰ ਕੇ ਬਹਾਦਰੀ ਦਿਖਾਉਂਦਾ ਸੀ। ਉਸ ਦੇ ਜਾਣ ਤੋਂ ਬਾਅਦ ਭੈਣ ਮਨ ਤੇ ਸਰੀਰ ਦੇ ਜ਼ਖ਼ਮ ਲੈ ਕੇ ਸਾਡੇ ਕੋਲ ਆ ਜਾਂਦੀ। ਭੂਤਕਾਲ ਦੇ ਦ੍ਰਿਸ਼ ਅੱਖਾਂ ਸਾਹਮਣੇ ਕਿਸੇ ਐਲਬਮ ਵਾਂਗ ਖੁੱਲ੍ਹਣ ਲੱਗ ਪੈਂਦੇ। ਕੀ ਕਰੇ ਇੱਕ ਇਕੱਲੀ ਔਰਤ? ਬਹੁਤ ਹੀ ਅਜੀਬ ਫ਼ੈਸਲਾ ਕੀਤਾ ਮਾਂ ਨੇ। ਮੇਰਾ ਵੀ ਵਿਆਹ ਹੋ ਚੁੱਕਾ ਸੀ। ਮੇਰੀ ਪਤਨੀ ਜਿੰਨਾ ਹੋ ਸਕਦਾ ਨਣਾਨ ਦਾ ਦੁੱਖ ਵੰਡਾਉਂਦੀ। ਜਿੰਨਾ ਦੇ ਸਕਦੀ ਉਸ ਨੂੰ ਦੇ ਕੇ ਸਹੁਰੇ ਭੇਜਦੀ ਪਰ ਸਹੁਰਿਆਂ ਦਾ ਮੂੰਹ ਫਿਰ ਵੀ ਖੁੱਲ੍ਹੇ ਦਾ ਖੁੱਲ੍ਹਾ ਰਹਿੰਦਾ। ਮਾਂ ਨੇ ਆਪਣੀ ਧੀ ਦੇ ਦੁੱਖ ਦੇਖਦਿਆਂ ਪੁੱਤਰਾਂ ਨੂੰ ਪਿੱਛੇ ਧੱਕਾ ਮਾਰਦੇ ਹੋਏ ਜ਼ਿੱਦ ਸ਼ੁਰੂ ਕਰ ਦਿੱਤੀ ਕਿ ਉਸ ਦੇ ਹਿੱਸੇ ਦੀ ਜ਼ਮੀਨ ਦਾ ਠੇਕਾ ਉਸ ਨੂੰ ਦਿੱਤਾ ਜਾਵੇ ਤੇ ਬਾਅਦ ਵਿੱਚ ਸਿੱਧੀ ਜ਼ਮੀਨ ਦੇਣ ਦੀ ਰੱਟ ਲਗਾ ਦਿੱਤੀ। ਮਾਂ ਆਪਣੀ ਧੀ ਦਾ ਦੁੱਖ ਘੱਟ ਕਰਨਾ ਚਾਹੁੰਦੀ। ਇੱਕ ਔਰਤ ਦੂਜੀ ਔਰਤ ਦਾ ਦੁੱਖ ਵੰਡਾਉਣਾ ਚਾਹੁੰਦੀ ਸੀ। ਅਸੀਂ ਮੁੰਡੇ ਹੋਣ ਦੇ ਬਾਵਜੂਦ ਪੁਰਸ਼ ਪ੍ਰਧਾਨ ਸਮਾਜ ਦੀ ਤਰਫ਼ਦਾਰੀ ਕਰ ਰਹੇ ਸੀ। ਕੀ ਇਹ ਸੰਭਵ ਸੀ? ਕੀ ਅਸੀਂ ਭੈਣ ਦੇ ਕੁੱਝ ਨਹੀਂ ਲੱਗਦੇ ਸੀ? ਕੀ ਅਸੀਂ ਉਸ ਨੂੰ ਤੋਹਫ਼ੇ ਨਹੀਂ ਦਿੰਦੇ ਸੀ। ਕੀ ਅਸੀਂ ਨਹੀਂ ਚਾਹੁੰਦੇ ਸੀ ਕਿ ਸਾਡੀ ਭੈਣ ਸੁਖੀ ਤੇ ਚੰਗਾ ਜੀਵਨ ਬਿਤਾਵੇ। ਮਾਂ ਇੱਕ ਔਰਤ ਹੋਣ ਨਾਤੇ ਸਾਡੀ ਭੈਣ ਤੇ ਆਪਣੀ ਧੀ ਪ੍ਰਤੀ ਜਿੰਨੀ ਠੀਕ ਸੀ ਪਰ ਰਵਾਇਤ ਦੇ ਤੌਰ 'ਤੇ ਉਨੀ ਗ਼ਲਤ ਵੀ ਸੀ। ਬੇਸ਼ੱਕ ਕੁੜੀਆਂ ਨੂੰ ਜਾਇਦਾਦ ਵਿੱਚ ਬਰਾਬਰ ਦਾ ਹੱਕਦਾਰ ਬਣਾ ਦਿੱਤਾ ਗਿਆ ਹੈ ਪਰ ਸਮਾਜ ਨੇ ਇਸ ਨੂੰ ਕਦੋਂ ਸਵੀਕਾਰਿਆ ਹੈ? ਭੈਣ ਕਚਹਿਰੀ ਵਿੱਚ ਜਾਂਦੀ ਹੈ ਤੇ ਆਪਣਾ ਹਿੱਸਾ ਆਪਣੇ ਭਰਾਵਾਂ ਦੇ ਨਾਂ ਕਰਨ ਦੇ ਐਲਾਨਨਾਮੇ 'ਤੇ ਹਸਤਾਖਰ ਕਰ ਦਿੰਦੀ ਹੈ। ਇਹ ਚਲਨ ਹੈ। ਇਹ ਹੀ ਸੱਚ ਹੈ ਪਰ ਸਾਡੀ ਮਾਂ ਜਿਸ ਗੱਲ ਲਈ ਆਪਣੀਆਂ ਨਨਾਣਾਂ ਨਾਲ ਪੂਰੀ ਜ਼ਿੰਦਗੀ ਨਹੀਂ ਬੋਲੀ, ਉਸ ਗੱਲ ਨੂੰ ਹੁਣ ਕਿਵੇਂ ਸਹੀ ਮੰਨਣ ਲੱਗੀ? ਕੀ ਕਿਸੇ ਕੁੜੀ ਨੂੰ ਰੁਪਏ-ਪੈਸੇ ਤੇ ਜ਼ਮੀਨ-ਜਾਇਦਾਦ ਦਾ ਲਾਲਚ ਦੇ ਕੇ ਵਸਾਇਆ ਜਾ ਸਕਦਾ ਹੈ। ਉਸ ਦੇ ਸੁਖੀ ਗ੍ਰਹਿਸਥ ਜੀਵਨ ਦੀ ਕਲਪਨਾ ਕੀਤੀ ਜਾ ਸਕਦੀ ਹੈ। ਨਹੀਂ, ਕਦੇ ਨਹੀਂ। ਇਹ ਗੱਲ ਮੈਂ ਆਪਣੇ ਅਨੁਭਵਾਂ ਨਾਲ ਕਹਿ ਰਿਹਾ ਹਾਂ। ਭੈਣ ਨੇ ਵੀ ਮਾਂ ਦੀ ਸ਼ਹਿ 'ਤੇ ਐਲਾਨ ਕਰ ਦਿੱਤਾ ਕਿ ਉਹ ਆਪਣੇ ਹਿੱਸੇ ਦੀ ਜ਼ਮੀਨ ਲਵੇਗੀ ਕਿ ਇਹ ਮਾਂ ਦੇ ਬੀਜੇ ਜ਼ਹਿਰੀਲੇ ਦਰੱਖ਼ਤ ਦੀ ਪਹਿਲੀ ਕਰੂੰਬਲ ਨਹੀਂ ਸੀ? ਮੈਂ ਭੈਣ ਨੂੰ ਮਨਾਉਣ ਤੇ ਸਮਝਾਉਣ ਦੀ ਕੋਸ਼ਿਸ਼ ਨਹੀਂ ਕੀਤੀ ਪਰ ਬੜੀ ਸ਼ਾਂਤੀ ਨਾਲ ਮੈਂ ਆਪਣਾ ਰਿਸ਼ਤਾ ਸਮੇਟ ਲਿਆ। ਮੈਨੂੰ ਯਾਦ ਆਉਂਦਾ ਹੈ ਕਿ ਮੈਂ ਵੱਡੇ ਭਰਾ ਦਾ ਫ਼ਰਜ਼ ਨਿਭਾਉਣ ਉਸ ਦੇ ਘਰ ਉਸ ਦੇ ਸਹੁਰੇ ਦੀ ਮੌਤ 'ਤੇ ਗਿਆ ਸੀ। ਉਹ ਮੇਰੀ ਤੇ ਭੈਣ ਦੇ ਰਿਸ਼ਤੇ ਦੀ ਅੰਤਿਮ ਵਿਦਾਈ ਸੀ। ਮੈਂ ਬਿਨਾਂ ਕੁੱਝ ਆਖੇ ਪਰਤ ਆਇਆ ਸੀ। ਉਸ ਰਿਸ਼ਤੇ ਦੇ ਟੁੱਟਣ ਕਾਰਨ ਹਰ ਰੱਖੜੀ 'ਤੇ ਮੇਰੀ ਸੁੰਨੀ ਬਾਂਹ ਉਸ ਨੂੰ ਤਰਸਦੀ ਰਹੀ। ਭਰਾ-ਭੈਣ ਦੇ ਰਿਸ਼ਤੇ ਦੀ ਡੋਰ ਟੁੱਟਣ ਕਾਰਨ ਮੈਂ ਮਾਂ ਨੂੰ ਮੁਆਫ਼ ਨਹੀਂ ਕਰ ਸਕਿਆ। ਮਾਂ ਨੇ ਇੱਥੇ ਬਸ ਨਹੀਂ ਕੀਤੀ। ਉਸ ਨੇ ਛੋਟੇ ਭਰਾ ਨੂੰ ਰਸੋਈ ਅਲੱਗ ਕਰਨ ਲਈ ਮਨਾ ਲਿਆ। ਇੱਕ ਦਿਨ ਸ਼ਾਮ ਨੂੰ ਜਦੋਂ ਮੈਂ ਘਰ ਆਇਆ ਤੇ ਵਿਹੜੇ ਵਿੱਚ ਰਸੋਈ ਦੇ ਸਮਾਨ, ਦਾਲਾਂ ਦੇ ਡੱਬੇ ਤੇ ਆਟੇ ਦੇ ਡਰੰਮ ਕੋਲ ਬੈਠੀ ਪਤਨੀ ਨੂੰ ਰੋਂਦੇ ਦੇਖਿਆ ਤੇ ਪੁੱਛਿਆ, ਕੀ ਹੋਇਆ? ਗੁੱਸੇ 'ਚ ਮੇਰੀ ਆਵਾਜ਼ ਘਰ ਦੇ ਹਰ ਕਮਰੇ ਵਿੱਚ ਗੂੰਜੀ ਸੀ। ਮਾਂ ਆਪਣੇ ਕਮਰੇ 'ਚੋਂ ਬਾਹਰ ਆਈ। ਉਸ ਨੇ ਆਪਣੇ ਫ਼ੈਸਲੇ 'ਤੇ ਮੋਹਰ ਲਗਾ ਦਿੱਤੀ ਸੀ।ਮਾਂ ਮੈਂ ਗ਼ਲਤ ਨਹੀਂ ਹਾਂ ਤੇ ਨਾ ਹੀ ਕਿਸੇ ਤਰ੍ਹਾਂ ਭੈਣ ਦਾ ਹਿੱਸਾ ਲਵਾਂਗਾ। ਮੈਨੂੰ ਮੇਰੇ ਭੈਣ-ਭਰਾਵਾਂ ਤੋਂ ਇੱਕ-ਇੱਕ ਕਰਕੇ ਅਲੱਗ ਨਾ ਕਰੋ। ਮੈਂ ਇਨ੍ਹਾਂ ਨੂੰ ਤੁਹਾਡੇ ਨਾਲ ਪਾਲਿਆ ਹੈ। ਪੜ੍ਹਾਇਆ-ਲਿਖਾਇਆ ਹੈ ਤੇ ਨੌਕਰੀਆਂ ਲਗਵਾਈਆਂ ਹਨ। ਕੀ ਮੈਂ ਪਿਤਾ ਦੀ ਭੂਮਿਕਾ ਨਿਭਾਉਣ ਤੋਂ ਬਾਅਦ ਇਨ੍ਹਾਂ ਦਾ ਹਿੱਸਾ ਖਾ ਜਾਵਾਂਗਾ? ਮੈਂ ਕਿਹਾ। ਮੈਨੂੰ ਕੁੱਝ ਪਤਾ ਨਹੀਂ।ਮਾਂ ਇਕਦਮ ਕਠੋਰ ਦਿਲ ਦੀ ਹੋ ਗਈ ਸੀ। ਮਾਂ, ਅੱਜ-ਕੱਲ੍ਹ ਮੁੰਡੇ ਤੇ ਨੂੰਹਾਂ ਅਲੱਗ ਹੋਣ ਦੀ ਗੱਲ ਕਰਦੇ ਹਨ ਨਾ ਕਿ ਮਾਵਾਂ ਅਲੱਗ ਕਰਦੀਆਂ ਹਨ। ਮੈਂ ਜਾਣਦਾ ਹਾਂ ਕਿ ਅਸੀਂ ਭੈਣ-ਭਰਾਵਾਂ ਨੂੰ ਪਾਲਣ 'ਚ ਬਹੁਤ ਮੁਸੀਬਤਾਂ ਕੱਟ ਚੁੱਕੇ ਹਾਂ। ਮੈਂ ਚਾਹੁੰਦਾ ਹਾਂ ਕਿ ਮੈਂ ਤੁਹਾਡੀ ਸੇਵਾ ਕਰ ਸਕਾਂ। ਨਹੀਂ ਮੇਰੇ ਹੱਥ ਪੈਰ ਚੱਲਦੇ ਹਨ। ਮੈਨੂੰ ਕਿਸੇ ਸੇਵਾ ਦੀ ਜ਼ਰੂਰਤ ਨਹੀਂ। ਮੈਂ ਆਪਣਾ ਰੋਟੀ-ਪਾਣੀ ਕਰ ਸਕਦੀ ਹਾਂ। ਇਸ ਤੋਂ ਬਾਅਦ ਕਹਿਣ ਨੂੰ ਕੁੱਝ ਬਚਿਆ ਹੀ ਨਹੀਂ ਸੀ। ਅਸੀਂ ਪਤੀ-ਪਤਨੀ ਬਰਤਨ ਲੈ ਕੇ ਉੱਪਰ ਵਾਲੀ ਮੰਜ਼ਿਲ 'ਤੇ ਚਲੇ ਗਏ। ਅਲੱਗ ਰਸੋਈ ਕਰ ਲਈ। ਭੈਣ-ਭਰਾ ਨੇ ਆਪਣੇ-ਆਪਣੇ ਹਿੱਸੇ ਦੀ ਜ਼ਮੀਨ ਕਦੋਂ ਤੇ ਕਿਸ ਨੂੰ ਵੇਚੀ ਇਹ ਮੈਂ ਇੱਕ ਵਾਰ ਵੀ ਨਾ ਪੁੱਛਿਆ। ਆਖਰ ਮੇਰੀ ਨੌਕਰੀ ਬਾਹਰ ਲੱਗ ਗਈ। ਮੈਂ ਆਪਣਾ ਸਮਾਨ ਤੇ ਛੋਟੇ ਜਿਹੇ ਪਰਿਵਾਰ ਨੂੰ ਸਮੇਟ ਕੇ ਉਸ ਸ਼ਹਿਰ ਤੇ ਘਰੋਂ ਚੱਲਣ ਲੱਗਿਆਂ ਮਾਂ ਨੂੰ ਕਿਹਾ, "ਮਾਂ, ਮੈਂ ਤੇਰੇ ਇਨ੍ਹਾਂ ਪੁੱਤਰਾਂ ਤੋਂ ਤੇਰੀ ਇੱਜ਼ਤ ਕਰਦਾ ਹਾਂ ਪਰ ਇੰਨਾ ਕਹਿ ਰਿਹਾ ਹਾਂ ਕਿ ਇਹ ਸੁੰਨੇ ਚੁਬਾਰੇ ਤੈਨੂੰ ਬਹੁਤ ਦੁੱਖ ਦੇਣਗੇ। ਮੈਨੂੰ ਜਦੋਂ ਵੀ ਯਾਦ ਕਰੇਂਗੀ ਉਸ ਵੇਲੇ ਹਾਜ਼ਰ ਹੋ ਜਾਵਾਂਗਾ।" ਅੱਜ ਜਦੋਂ ਗੰਗਾ ਕਿਨਾਰੇ ਖੜ੍ਹਾ ਇਸ ਦੀਆਂ ਲਹਿਰਾਂ ਨਾਲ ਜੀਵਨ ਦੇ ਉਤਾਰ-ਚੜ੍ਹਾਅ ਦੇਖ ਰਿਹਾ ਹਾਂ ਤਾਂ ਮਨ ਵਿੱਚ ਸਵਾਲ ਉੱਠਦਾ ਹੈ ਕਿ ਆਖਰ ਇੱਕ ਮਾਂ ਆਪਣੇ ਪੁੱਤਰ ਪ੍ਰਤੀ ਇੰਨੀ ਬੇਰਹਿਮ ਕਿਵੇਂ ਹੋ ਸਕਦੀ ਹੈ? ਆਖਰ ਆਪਣੀ ਜ਼ਿੰਮੇਵਾਰੀ ਨਿਭਾਉਣ ਦੇ ਬਾਵਜੂਦ ਮਾਂ ਤੋਂ ਇੰਨੀ ਦੂਰੀ ਕਿਉਂ? ਇੱਕ ਹੀ ਘਰ, ਇੱਕ ਹੀ ਛੱਤ ਹੇਠਾਂ ਰਹਿੰਦੇ ਹੋਏ ਭੈਣ-ਭਰਾਵਾਂ ਨਾਲ ਇੰਨੀ ਦੂਰੀ ਕਿਵੇਂ ਪੈਂਦੀ ਗਈ? ਬਚਪਨ ਦੀਆਂ ਵਾਦੀਆਂ ਵਿੱਚ ਉੱਤਰਨ ਤੋਂ ਬਾਅਦ ਕੁੱਝ-ਕੁੱਝ ਇਹ ਗੱਲ ਸਾਫ਼ ਹੋਣ ਲੱਗਦੀ ਹੈ। ਮਾਂ ਨੂੰ ਬਾਬੂ ਦੀ ਧੀ ਮੰਨ ਕੇ ਦਾਦੀ ਨੇ ਅਪਣਾਇਆ ਨਹੀਂ ਸੀ, ਬੱਸ ਨੂੰਹ ਮੰਨਿਆ ਸੀ ਅਜਿਹੀ ਨੂੰਹ ਜੋ ਘਰ ਵਿੱਚ ਕਿਤੇ ਵੀ ਪਈ ਰਹੇ। ਪਿਤਾ ਜੀ ਇਕਲੌਤੇ ਹੋਣ ਦੇ ਬਾਵਜੂਦ ਸ਼ਰਾਬ ਦੀ ਆਦਤ ਕਾਰਨ ਮਾਂ-ਪਿਉ ਨੇ ਉਨ੍ਹਾਂ ਨੂੰ ਵਿਸਾਰ ਦਿੱਤਾ ਸੀ। ਦਾਦੀ ਚਾਹੁੰਦੀ ਸੀ ਜਦੋਂ ਸ਼ਾਮ ਨੂੰ ਉਨ੍ਹਾਂ ਦਾ ਪੁੱਤਰ ਘਰ ਆਵੇ ਇੱਕ ਚੰਗੇ ਬੰਦੇ ਵਾਂਗ ਆਪਣੀ ਗ੍ਰਹਿਸਥੀ ਚਲਾਵੇ ਤੇ ਬੱਚਿਆਂ ਨਾਲ ਹੱਸੇ-ਖੇਡੇ। ਇਸ ਤਰ੍ਹਾਂ ਨਹੀਂ ਹੋਇਆ। ਨਾ ਮਾਂ ਬਾਬੂ ਦੀ ਧੀ ਹੋਣ ਦਾ ਭੈਅ ਤੋੜ ਸਕੀ ਤੇ ਨਾ ਹੀ ਪਿਤਾ ਜੀ ਸ਼ਰਾਬ ਛੱਡ ਸਕੇ। ਦਾਦੀ ਦੇ ਇੰਨਾ ਜ਼ਰੂਰ ਕੀਤਾ ਕਿ ਮੇਰੇ ਜਨਮ ਤੋਂ ਬਾਅਦ ਮੈਨੂੰ ਘਰ ਦੀ ਇੱਕ ਛੱਤ ਹੋਣ ਦੇ ਬਾਵਜੂਦ ਵੱਖ ਪਾਲਣ ਲੱਗੀ ਤਾਂ ਕਿ ਮੇਰੇ ਮਾਪਿਆਂ ਦੇ ਸੰਸਕਾਰਾਂ ਦਾ ਪਰਛਾਵਾਂ ਮੇਰੇ 'ਤੇ ਨਾ ਪਵੇ। ਇੱਥੋਂ ਤੱਕ ਕਿ ਮੈਨੂੰ ਮਾਂ ਦੇ ਹੱਥ ਲੱਗਿਆ ਪਾਣੀ ਵੀ ਨਹੀਂ ਪੀਣ ਦਿੰਦੀ ਸੀ ਤੇ ਨਾ ਹੀ ਪਿਤਾ ਜੀ ਨਾਲ ਜਾਣ ਦਿੰਦੀ ਸੀ। ਜੇ ਕਿਤੇ ਜਾਣਾ ਵੀ ਪੈਂਦਾ ਤਾਂ ਇਸ ਸ਼ਰਤ 'ਤੇ ਜਾਣ ਦਿੰਦੀ ਕਿ ਉਹ ਸ਼ਰਾਬ ਨੂੰ ਹੱਥ ਨਹੀਂ ਲਾਉਣਗੇ। ਇਹ ਦੂਰੀ ਇੰਨੀ ਵੱਡੀ ਬਣ ਜਾਵੇਗੀ ਅਸੀਂ ਮਾਂ-ਪੁੱਤ ਇੱਕ ਨਦੀ ਦੇ ਦੋ ਕਿਨਾਰੇ ਬਣ ਕੇ ਰਹਿ ਜਾਵਾਂਗੇ। ਇਹ ਮੈਨੂੰ ਹੁਣ ਸਮਝ ਆ ਰਿਹਾ ਹੈ। ਦਾਦੀ ਆਪਣੇ ਸੰਸਕਾਰ ਦੇਣ ਤੇ ਮੈਨੂੰ ਸਫ਼ਲ ਮਨੁੱਖ ਬਣਾਉਣ ਵਿੱਚ ਕਿੰਨੀ ਸਫ਼ਲ ਰਹੀ ਇਹ ਤਾਂ ਦਾਦੀ ਹੀ ਜਾਣਦੀ ਹੋਵੇਗੀ ਪਰ ਮੈਂ ਇੰਨਾ ਜਾਣਦਾ ਹਾਂ ਕਿ ਮੈਂ ਆਪਣੀ ਮਾਂ ਦਾ ਮਤਰੇਆ ਪੁੱਤ ਤੇ ਭੈਣ-ਭਰਾਵਾਂ ਦਾ ਮਤਰੇਆ ਭਰਾ ਬਣ ਕੇ ਪਲਿਆ ਹਾਂ। ਕਦੇ ਪਿਤਾ ਜੀ ਨੇ ਮੇਰੇ 'ਤੇ ਹੱਥ ਚੁੱਕਿਆ ਤਾਂ ਦਾਦੀ ਨੇ ਇਹ ਕਿਹਾ, ਇਸ ਨੂੰ ਕੁੱਝ ਨਹੀਂ ਕਹਿਣਾ ਇਹ ਮੇਰਾ ਪੁੱਤਰ ਹੈ।ਕਦੀ ਮਾਂ ਨੇ ਪਾਣੀ ਨੂੰ ਹੱਥ ਨਾ ਲਾਉਣ ਦੀ ਗੱਲ ਕੀਤੀ ਤਾਂ ਦਾਦੀ ਨੇ ਕਿਹਾ, ਮੈਂ ਨਹੀਂ ਚਾਹੁੰਦੀ ਤੇਰਾ ਪਰਛਾਵਾਂ ਵੀ ਇਸ 'ਤੇ ਪਵੇ। ਦਾਦੀ ਤੋਂ ਪਹਿਲਾਂ ਪਿਤਾ ਜੀ ਦੀ ਮੌਤ ਹੋਈ। ਮੈਂ ਇਕੱਲਾ ਨਹੀਂ ਰਿਹਾ ਪਰ ਜਦੋਂ ਪਿਤਾ ਜੀ ਦੇ ਗ਼ਮ ਵਿੱਚ ਦੋ ਸਾਲ ਬਾਅਦ ਦਾਦਾ-ਦਾਦੀ ਦੀ ਮੌਤ ਹੋ ਗਈ ਤਾਂ ਮੈਂ ਆਪਣੇ ਘਰ ਵਿੱਚ ਮਾਂ ਤੇ ਭੈਣ-ਭਰਾਵਾਂ ਦੇ ਹੁੰਦਿਆਂ ਵੀ ਇਕੱਲਾ ਹੋ ਗਿਆ ਕਿਉਂਕਿ ਮੈਂ ਮਾਂ ਤੇ ਭੈਣ-ਭਰਾਵਾਂ ਲਈ ਮਤਰੇਆ ਸੀ। ਸ਼ਾਇਦ ਇਸੇ ਕਾਰਨ ਮੇਰੇ ਵੱਲੋਂ ਜ਼ਿੰਮੇਵਾਰੀ ਨਿਭਾਉਣ ਦੇ ਬਾਵਜੂਦ ਉਨ੍ਹਾਂ ਨੂੰ ਮੇਰੇ 'ਤੇ ਵਿਸ਼ਵਾਸ ਨਹੀਂ ਹੋ ਹੋਇਆ ਕਿ ਮੈਂ ਉਨ੍ਹਾਂ ਦਾ ਹੀ ਹਾਂ। ਜਦੋਂਕਿ ਦਾਦੀ ਦੀ ਮੌਤ ਤੋਂ ਬਾਅਦ ਮੈਂ ਮਾਂ ਨੂੰ ਸੱਚੇ ਦਿਲੋਂ ਪਿਆਰ ਕੀਤਾ ਕਿਉਂਕਿ ਮੇਰਾ ਦੁਨੀਆਂ ਵਿੱਚ ਮਾਂ ਤੋਂ ਇਲਾਵਾ ਹੋਰ ਕੌਣ ਸੀ? ਉਸ ਮਾਂ ਨੇ ਮੈਨੂੰ ਇੰਨਾ ਮਜਬੂਰ ਕਰ ਦਿੱਤਾ ਕਿ ਮੈਂ ਵਸਦੇ-ਰਸਦੇ ਘਰ ਵਿੱਚ ਰਹਿ ਨਾ ਸਕਿਆ। ਅੰਤ ਮੇਰੀ ਨੌਕਰੀ ਬਾਹਰ ਲੱਗ ਗਈ ਤੇ ਮੈਂ ਘਰ ਛੱਡ ਕੇ ਆਪਣੇ ਪਰਿਵਾਰ ਨੂੰ ਲੈ ਕੇ ਦੂਰ ਸ਼ਹਿਰ ਚਲਾ ਗਿਆ। ਮੇਰੇ ਤੋਂ ਛੋਟਾ ਭਰਾ ਪਹਿਲਾਂ ਹੀ ਕਿਸੇ ਦੂਰ ਦੇ ਸ਼ਹਿਰ ਜਾ ਕੇ ਵੱਸ ਚੁੱਕਿਆ ਸੀ। ਇਸ ਤਰ੍ਹਾਂ ਮਾਂ ਮੇਰੇ ਛੋਟੇ ਭਰਾ ਨਾਲ ਸਾਡੇ ਪੁਸ਼ਤੈਨੀ ਘਰ ਵਿੱਚ ਪੁਸ਼ਤੈਨੀ ਸਾਮਾਨ ਵਾਂਗ ਰਹਿ ਗਈ। ਉਹ ਗਲੀਆਂ, ਉਹ ਸਾਥੀ ਜਿਨ੍ਹਾਂ ਨਾਲ ਮੈਂ ਬਚਪਨ 'ਚ ਖੇਡਿਆ ਤੇ ਪਲਿਆ ਸੀ ਉਹ ਸਭ ਕੁੱਝ ਛੱਡਣਾ ਇੰਨਾ ਸੌਖਾ ਨਹੀਂ ਸੀ। ਪਰ ਸੁੱਖ, ਸ਼ਾਂਤੀ ਤੇ ਸਫ਼ਲਤਾ ਲਈ ਮੈਂ ਇਕੱਲਾ ਬੰਦਾ ਨਹੀਂ ਹਾਂ ਜਿਸ ਨੂੰ ਘਰ-ਬਾਰ ਛੱਡ ਕੇ ਕਿਤੇ ਦੂਰ ਜਾਣਾ ਪਿਆ ਹੋਵੇ। ਸਮੁੰਦਰ ਦੀਆਂ ਅਣਗਿਣਤ ਬੂੰਦਾਂ ਵਾਂਗ ਮੇਰੇ ਜਿਹੇ ਹਜ਼ਾਰਾਂ ਬੰਦੇ ਕਿੱਥੋਂ, ਕਿੱਥੇ ਪਹੁੰਚ ਜਾਂਦੇ ਹਨ। ਕਦੇ-ਕਦੇ ਮੈਂ ਆਪਣੇ ਸ਼ਹਿਰ ਜਾਂਦਾ ਰਹਿੰਦਾ। ਮਾਂ ਦਾ ਲਾਡ-ਪਿਆਰ ਪਾਉਣ ਦਾ ਲਾਲਚ ਮੈਨੂੰ ਘਰ ਤੱਕ ਖਿੱਚ ਹੀ ਲਿਆਉਂਦਾ। ਉੱਪਰਲੀ ਮੰਜ਼ਿਲ 'ਤੇ ਮੇਰਾ ਕਾਫ਼ੀ ਸਾਮਾਨ ਤੇ ਬਹੁਤ ਸਾਰੀਆਂ ਯਾਦਾਂ ਮੇਰੀਆਂ ਅੱਖਾਂ 'ਚੋਂ ਨੀਰ ਵਹਾ ਦਿੰਦੀਆਂ ਪਰ ਘਰ ਤੋਂ ਨਿੱਕਲਿਆ ਕਦਮ ਉਸ ਪਹਾੜੀ ਨਦੀ ਵਾਂਗ ਕਦੇ ਵਾਪਸ ਨਾ ਪਰਤਣ ਦਿੰਦਾ ਜੋ ਅੱਗੇ ਹੀ ਅੱਗੇ ਵੱਧਦੀ ਜਾਂਦੀ ਹੈ। ਇਸ ਤਰ੍ਹਾਂ ਮੇਰਾ ਵੀ ਘਰ ਪਹੁੰਚਣ ਦਾ ਸੁਪਨਾ ਕਦੇ ਪੂਰਾ ਨਾ ਹੋਇਆ ਸਗੋਂ ਅੱਗੇ-ਅੱਗੇ ਹੀ ਵਧਦਾ ਗਿਆ। ਦੂਰ ਬਦਲੀ ਹੋਣ ਕਾਰਨ ਸਿਰਫ਼ ਫੋਨ 'ਤੇ ਹੀ ਮਾਂ ਦਾ ਹਾਲ-ਚਾਲ ਪੁੱਛ ਕੇ ਸ਼ਾਂਤ ਹੋ ਜਾਂਦਾ। ਇਨ੍ਹੀਂ ਦਿਨੀਂ ਗ਼ਜ਼ਲ ਦੀਆਂ ਇਹ ਲਾਈਨਾਂ- ਬੜੇ ਦਿਨੋਂ ਕੇ ਬਾਅਦ, ਹਮ ਬੇਵਤਨੋਂ ਕੋ ਯਾਦ, ਵਤਨ ਕੀ ਮਿੱਟੀ ਆਈ ਹੈ, ਚਿੱਠੀ ਆਈ ਹੈ ਵਤਨ ਸੇ ਚਿੱਠੀ ਆਈ ਹੈ, ਜਦੋਂ ਕਦੇ ਕੰਨਾਂ ਵਿੱਚ ਪੈ ਜਾਂਦੀਆਂ ਤਾਂ ਇਹ ਬਹੁਤ ਹੀ ਰਵਾ ਦਿੰਦੀ। ਹਾਰ ਕੇ ਇਹ ਗ਼ਜ਼ਲ ਸੁਣਨੀ ਹੀ ਬੰਦ ਕਰ ਦਿੱਤੀ। ਇੱਕ ਦਿਨ ਭਰਾ ਦਾ ਹਾਲ-ਚਾਲ ਪੁੱਛਣ ਲਈ ਦੂਰ ਘਰ ਫੋਨ ਕੀਤਾ ਤਾਂ ਫੋਨ ਮਾਂ ਨੇ ਚੁੱਕਿਆ ਤੇ ਇੰਨਾ ਹੀ ਕਿਹਾ, "ਪੁੱਤ ਤੂੰ ਤਾਂ ਬਹੁਤ ਦੂਰ ਚਲਾ ਗਿਆ ਹੈਂ।" ਇਸ ਤੋਂ ਬਾਅਦ ਫੋਨ 'ਤੇ ਸਿਰਫ਼ ਰੋਣ ਤੋਂ ਇਲਾਵਾ ਹੋਰ ਕੋਈ ਆਵਾਜ਼ ਨਹੀਂ ਆਈ। ਮੈਂ ਫ਼ੋਨ ਰੱਖ ਦਿੱਤਾ ਤੇ ਰੋਣ ਦੀਆਂ ਆਵਾਜ਼ ਮੇਰੇ ਕੰਨਾਂ ਤੇ ਦਿਲ ਵਿੱਚ ਕਈ ਦਿਨਾਂ ਤੱਕ ਗੂੰਜਦੀ ਰਹੀ। ਕੀ ਮਾਂ ਨੂੰ ਆਪਣੀ ਗ਼ਲ਼ਤੀ ਦਾ ਪਛਤਾਵਾ ਹੋ ਰਿਹਾ ਸੀ? ਕੀ ਮਾਂ ਦੇ ਦਿਲ ਵਿੱਚ ਮੇਰੇ ਲਈ ਵੀ ਮਮਤਾ ਦੀ ਲਹਿਰ ਉੱਠਦੀ ਸੀ? ਕੀ ਮੇਰੇ ਖਾਲੀ ਪਏ ਕਮਰੇ ਮਾਂ ਦੇ ਦਿਲ ਨੂੰ ਦੁੱਖ ਦਿੰਦੇ ਸਨ? ਕੀ ਵਿਚਲੇ ਭਰਾ ਦੇ ਮੂੰਹ ਮੋੜ ਲੈਣ ਤੇ ਭੈਣ ਦੇ ਦੁਨੀਆਂ ਤੋਂ ਚਲੇ ਜਾਣ ਤੋਂ ਬਾਅਦ ਮਾਂ ਇਕੱਲੀ ਹੋ ਗਈ ਸੀ? ਕੀ ਛੋਟਾ ਭਰਾ ਵੀ ਆਪਣੇ ਗ੍ਰਹਿਸਤ ਜੀਵਨ ਵਿੱਚ ਇੰਨਾ ਰਚ-ਮਿਚ ਗਿਆ ਸੀ ਤੇ ਮਾਂ ਇਕੱਲੇਪਣ ਤੋਂ ਘਬਰਾ ਗਈ ਸੀ? ਫੋਨ 'ਤੇ ਸੁਣੀਆਂ ਰੋਣ ਦੀਆਂ ਆਵਾਜ਼ਾਂ ਬਹੁਤ ਕੁੱਝ ਬਿਆਨ ਕਰ ਰਹੀਆਂ ਸਨ। ਉਸ ਤੋਂ ਬਾਅਦ ਮੈਂ ਭਰਾ ਦੇ ਘਰ ਫ਼ੋਨ ਕਰਨ ਦੀ ਹਿੰਮਤ ਨਹੀਂ ਕੀਤੀ। ਇਸ ਫੋਨ 'ਤੇ ਇੱਕ ਹੀ ਸ਼ਬਦ ਮੇਰੇ ਕੰਨਾਂ ਵਿੱਚ ਕਈ ਦਿਨਾਂ ਤੱਕ ਗੂੰਜ ਰਿਹਾ ਸੀ ਤੇ ਮਨ ਬਹੁਤ ਪ੍ਰੇਸ਼ਾਨ ਰਿਹਾ। ਆਖਰ ਇੱਕ ਦਿਨ ਬੱਚਿਆਂ ਨੂੰ ਲੈ ਕੇ ਮਾਂ ਨੂੰ ਮਿਲਣ ਜਾ ਪਹੁੰਚਿਆ ਘਰ। ਹਰ ਵਾਰ ਦੀ ਤਰ੍ਹਾਂ ਮਾਂ ਆਵਾਜ਼ ਸੁਣ ਕੇ ਦੌੜੀ ਆਈ ਤੇ ਦਰਵਾਜ਼ਾ ਖੋਲ੍ਹਿਆ। ਕਿਵੇਂ ਹਰ ਮਾਂ ਆਪਣੇ ਪੁੱਤਰ ਦੀ ਪੈੜ-ਚਾਲ ਪਛਾਣ ਲੈਂਦੀ ਹੈ! ਜਦੋਂ ਤੋਂ ਮੈਂ ਸ਼ਹਿਰ ਗਿਆ ਸੀ ਉਦੋਂ ਤੋਂ ਮਾਂ ਦਰਵਾਜ਼ਾ ਖੋਲ੍ਹਦੀ ਤੇ ਭੁੱਲ-ਭੁਲੇਖੇ ਮੇਰੇ ਨਾਂ ਆਈ ਚਿੱਠੀ ਨੂੰ ਸੰਭਾਲ ਕੇ ਰੱਖਦੀ ਸੀ। ਉਹ ਇਨ੍ਹਾਂ ਨੂੰ ਬੜੇ ਤਰੀਕੇ ਨਾਲ ਆਪਣੇ ਸੰਦੂਕ ਵਿੱਚ ਸੰਭਾਲੀ ਰੱਖਦੀ। ਮੇਰੇ ਆਉਂਦੇ ਹੀ ਸਾਰੀਆਂ ਚਿੱਠੀਆਂ ਕਿਸੇ ਅਮਾਨਤ ਵਾਂਗ ਮੈਨੂੰ ਸੌਂਪ ਦਿੰਦੀ ਸੀ। ਮੈਂ ਘਰ ਦਾ ਦ੍ਰਿਸ਼ ਦੇਖ ਕੇ ਹੈਰਾਨ ਰਹਿ ਗਿਆ। ਵਿਚਲੇ ਭਰਾ ਨੇ ਆਪਣਾ ਹਿੱਸਾ ਛੋਟੇ ਭਰਾ ਨੂੰ ਵੇਚ ਦਿੱਤਾ ਸੀ ਤੇ ਉਸ ਨੇ ਆਪਣੇ ਤੇ ਖਰੀਦੇ ਹੋਏ ਹਿੱਸੇ ਨੂੰ ਢਾਹ ਕੇ ਉਸ ਦੀ ਥਾਂ ਨਵਾਂ ਮਕਾਨ ਬਣਾ ਲਿਆ ਸੀ। ਚਮਕਦਾ ਸੰਗਮਰਮਰ ਲਗਾਇਆ ਸੀ। ਮੇਰੇ ਹਿੱਸੇ ਦੇ ਪੁਰਾਣੇ ਕਮਰੇ ਯਾਦਗਾਰ ਵਾਂਗ ਖੜ੍ਹੇ ਸਨ। ਉਨ੍ਹਾਂ ਵਿੱਚ ਮਾਂ ਰਹਿੰਦੀ ਸੀ। ਮੈਂ ਇਹ ਗੱਲ ਸੁਣ ਕੇ ਘਬਰਾ ਗਿਆ ਕਿ ਮਾਂ ਇਕੱਲੀ ਰਹਿ ਰਹੀ ਸੀ। ਇੱਥੋਂ ਤੱਕ ਕਿ ਰਸੋਈ ਵੀ ਅਲੱਗ ਕਰ ਲਈ ਸੀ। ਇਹ ਕੀ ਹੋਇਆ? ਕੀ ਮਾਂ ਆਪਣੇ ਹੀ ਬੀਜੇ ਜ਼ਹਿਰੀਲੇ ਦਰੱਖਤਾਂ ਦੇ ਫਲ ਖਾ ਰਹੀ ਸੀ? ਛੋਟੇ ਭਰਾ ਦੇ ਨਵੇਂ ਮਕਾਨ ਵਿੱਚ ਮਾਂ ਦਾ ਜਾਣਾ ਬਿਲਕੁਲ ਹੀ ਬੰਦ ਸੀ। ਮਾਂ ਨੇ ਰੱਟ ਲਾ ਰੱਖੀ ਸੀ ਕਿ ਆਪਣੇ ਹਿੱਸੇ ਦੀ ਜ਼ਮੀਨ ਨੂੰ ਅਲੱਗ ਕਰਨ ਲਈ ਵਿਚਕਾਰ ਕੰਧ ਖਿੱਚ ਜਾਵਾਂ। ਮੈਨੂੰ ਬਹੁਤ ਦੁੱਖ ਹੋਇਆ। ਜਿਸ ਵਿਹੜੇ ਵਿੱਚ ਅਸੀਂ ਭੈਣ-ਭਰਾ ਇਕੱਠੇ ਖੇਡੇ ਸੀ, ਉਸ ਵਿਹੜੇ ਨੂੰ ਵੰਡ ਕੇ ਕੰਧ ਕਰਨਾ ਮੈਨੂੰ ਬਿਲਕੁਲ ਚੰਗਾ ਨਹੀਂ ਲੱਗਿਆ। ਮੈਂ ਮਾਂ ਨੂੰ ਇੰਨਾ ਉਲਾਂਭਾ ਜ਼ਰੂਰ ਦਿੱਤਾ ਕਿ ਉਹ ਮੇਰੇ ਨਾਲ ਚੱਲ ਪਵੇ। ਸ਼ਾਇਦ ਦੁਨੀਆਂ ਜਾਂ ਹਿੰਦੁਸਤਾਨੀ ਮਾਂ ਆਪਣੇ ਪੁਰਾਣੇ ਘਰ ਨੂੰ ਇੰਨੀ ਆਸਾਨੀ ਨਾਲ ਨਹੀਂ ਛੱਡਦੀ। ਉਹ ਵੀ ਜਾਣ ਨੂੰ ਤਿਆਰ ਨਹੀਂ ਹੋਈ। ਮੈਂ ਉਹ ਕਮਰਾ ਵੇਖਿਆ ਜਿੱਥੇ ਮਾਂ ਰਹਿੰਦੀ ਸੀ। ਇਸ ਕਮਰੇ ਵਿੱਚ ਮੈਂ ਬਹੁਤ ਘੱਟ ਬੈਠ ਸਕਦਾ ਕਿਉਂਕਿ ਇੱਥੇ ਪਿਤਾ ਜੀ ਨੇ ਆਖਰੀ ਸਾਹ ਲਏ ਸਨ। ਵਰ੍ਹੇ ਬੀਤ ਗਏ ਪਰ ਬਚਪਨ ਦੇ ਇਹ ਦ੍ਰਿਸ਼ ਹਾਲੇ ਤੱਕ ਭੁੱਲ ਨਹੀਂ ਸਕਿਆ ਸੀ। ਮਾਂ ਵੀ ਸ਼ਾਇਦ ਭੁੱਲੀ ਨਹੀਂ ਸੀ ਪਰ ਜੀਵਨ ਦੇ ਆਖਰੀ ਪਲ ਜਿਉਣ ਲਈ ਪਤੀ ਦੀਆਂ ਯਾਦਾਂ ਵਾਲਾ ਕਮਰਾ ਜਾਣ ਕੇ ਚੁਣਿਆ ਹੋਵੇਗਾ। ਪੀਲੀ ਜਿਹੀ ਮੱਧਮ ਰੋਸ਼ਨੀ ਵਿੱਚ ਮਾਂ ਨੇ ਦੱਸਿਆ ਕਿ ਛੋਟੇ ਭਰਾ ਦੇ ਬੱਚੇ ਵੀ ਮਾਂ ਨੂੰ ਨਹੀਂ ਬੁਲਾਉਂਦੇ। ਬੱਚਿਆਂ ਦੀ ਮਾਂ ਦੇ ਬੋਲਣ ਦੀ ਗੱਲ ਤਾਂ ਦੂਰ ਸੀ। ਉਸ ਕਮਰੇ ਵਿੱਚ ਗੀਤਾ ਸਾਰ ਲੱਗਿਆ ਹੋਇਆ ਸੀ ਪਰ ਮੇਰੀ ਮਾਂ ਲਈ ਉਹ ਮਾਅਨੇ ਨਹੀਂ ਰੱਖਦਾ ਸੀ। ਕੰਧਾਂ ਦਾ ਪਲੱਸਤਰ ਉੱਤਰ ਰਿਹਾ ਸੀ ਤੇ ਸ਼ਾਇਦ ਮੇਰੀ ਮਾਂ ਦਾ ਜੀਵਨ ਵੀ ਪੱਟੜੀ ਤੋਂ ਉੱਤਰ ਰਿਹਾ ਸੀ। ਇਹ ਸ਼ਾਇਦ ਆਖਰੀ ਦ੍ਰਿਸ਼ ਸੀ, ਜਿਸ ਵਿੱਚ ਮਾਂ ਦੀ ਭੂਮਿਕਾ ਸੀ। ਤਿੰਨ ਪੁੱਤਰਾਂ ਦੀ ਮਾਂ ਇਕੱਲਤਾ ਤੇ ਬੇਬਸੀ ਵਾਲਾ ਜੀਵਨ ਜਿਉਣ ਲਈ ਮਜਬੂਰ ਸੀ। ਉਸ ਨੇ ਆਪਣੀ ਜ਼ਮੀਨ ਦਾ ਥੋੜ੍ਹਾ ਹਿੱਸਾ ਵੇਚਿਆ ਤਾਂ ਛੋਟੇ ਭਰਾ ਨੇ ਇਹ ਕਹਿ ਕੇ ਪੈਸੇ ਲੈ ਲਏ ਕਿ ਜਦੋਂ ਜਿੰਨੇ ਪੈਸਿਆਂ ਦੀ ਜ਼ਰੂਰਤ ਹੋਵੇ ਲੈ ਲੈਣਾ ਪਰ ਇਸ ਤਰ੍ਹਾਂ ਨਹੀਂ ਹੋਇਆ। ਸਾਨੂੰ ਜੀਵਨ 'ਚ ਇਹ ਆਖਰੀ ਦੁੱਖ ਲੱਗਿਆ। 40 ਸਾਲਾਂ ਦੀ ਲੜਾਈ ਵਿੱਚ ਮੇਰੀ ਮਾਂ ਆਪਣੇ ਪਤੀ ਤੇ ਪੁੱਤਰਾਂ ਤੋਂ ਹਾਰ ਗਈ। ਨਾ ਪਤੀ ਨੇ ਸੁਣੀ ਤੇ ਨਾ ਪੁੱਤਰਾਂ ਨੇ। ਮਾਂ ਦੀ ਮੌਤ ਦੀ ਖ਼ਬਰ ਦੇਣ ਵੇਲੇ ਛੋਟੇ ਭਰਾ ਨੇ ਇਹ ਵੀ ਦੱਸਿਆ ਕਿ ਮਾਂ ਇੱਕ ਦਿਨ ਵਿਚਕਾਰਲੇ ਭਰਾ ਦੇ ਘਰ ਮਿਲਣ ਉਸ ਦੇ ਸ਼ਹਿਰ ਗਈ ਸੀ ਪਰ ਉਸ ਦੀ ਪਤਨੀ ਨੇ ਪਾਰਟੀ 'ਤੇ ਜਾਣ ਦੀ ਗੱਲ ਕਹਿ ਦਿੱਤੀ ਸੀ। ਇਹ ਸੁਣਦੇ ਹੀ ਮਾਂ ਆਪਣਾ ਅਟੈਚੀ ਲੈ ਕੇ ਉਨ੍ਹੀਂ ਪੈਰੀਂ ਘਰ ਪਰਤ ਆਈ ਸੀ। ਕਾਸ਼, ਮਾਂ ਨੇ ਉਸ ਤੋਂ ਬਾਅਦ ਮੈਨੂੰ ਯਾਦ ਕੀਤਾ ਹੁੰਦਾ। ਜਦੋਂ ਦੋ ਪੁੱਤਰਾਂ ਨੂੰ ਅਜ਼ਮਾ ਕੇ ਵੇਖ ਲਿਆ ਸੀ ਤਾਂ ਤੀਜੇ ਪੁੱਤਰ ਨੂੰ ਵੀ ਮੌਕਾ ਦੇ ਦਿੰਦੀ। ਤੂੰ ਆਖਰੀ ਵੇਲੇ ਵੀ ਇਹ ਕਿਵੇਂ ਸੋਚ ਲਿਆ ਕਿ ਮੈਂ ਵੀ...? ਨਹੀਂ-ਨਹੀਂ ਮੈਂ ਕਦੀ ਆਪਣੇ ਆਪ ਨੂੰ ਮੁਆਫ਼ ਨਹੀਂ ਕਰ ਸਕਾਂਗਾ। ਅਸੀਂ ਤਿੰਨੋ ਪੁੱਤਰ ਹੀ ਇਸ ਕਾਬਲ ਨਹੀਂ ਕਿ ਸਾਨੂੰ ਮੁਆਫ਼ ਕੀਤਾ ਜਾਵੇ। ਅਸੀਂ ਸਮਾਜ ਦੇ ਗੁਨਾਹਗਾਰ ਹਾਂ। ਕੀ ਪੁੱਤਰ ਨੂੰ ਸਿਰਫ਼ ਆਪਣੇ ਫੁੱਲ ਪਾਉਣ ਲਈ ਪੈਦਾ ਕੀਤਾ ਜਾਂਦਾ ਹੈ, ਜੀਵਨ ਜਿਉਣ ਲਈ ਮਾਵਾਂ ਜਨਮ ਨਹੀਂ ਦਿੰਦੀਆਂ? ਮੈਂ ਗੰਗਾ ਨੂੰ ਨਮਸਕਾਰ ਕਰਕੇ ਚੱਲਣ ਲੱਗਿਆ ਹਾਂ। ਇਸ ਵਾਰ ਘਰ ਪਰਤਾਂਗਾ ਤਾਂ ਮਾਂ ਨਹੀਂ ਹੋਵੇਗੀ। ਦੌੜਦੇ-ਭੱਜਦੇ ਮੇਰਾ ਨਾਂ ਲੈਂਦੇ ਘਰ ਦਾ ਦਰਵਾਜ਼ਾ ਕੌਣ ਖੋਲ੍ਹੇਗਾ? ਮਾਂ ਪੁੱਤਰਾਂ ਲਈ ਹਮੇਸ਼ਾਂ ਦਰਵਾਜ਼ੇ ਖੁੱਲ੍ਹੇ ਰੱਖਦੀ ਹੈ, ਫਿਰ ਪੁੱਤਰ ਉਸ ਦੇ ਜੀਵਨ ਦੇ ਦਰਵਾਜ਼ੇ ਕਿਵੇਂ ਬੰਦ ਕਰ ਦਿੰਦੇ ਹਨ?

# ਦਿਲ ਲਈ ਲਾਹੇਵੰਦ ਬਲੈਕ ਕੌਫ਼ੀ

ਸਾਡੇ ਚੋਂ ਕਈ ਲੋਕਾਂ ਦੇ ਦਿਨ ਦੀ ਸ਼ੁਰੂਆਤ ਚਾਹ ਅਤੇ ਕੌਫੀ ਨਾਲ ਹੁੰਦੀ ਹੈ ਅਤੇ ਬਹੁਤ ਸਾਰੇ ਲੋਕਾਂ ਦੀ ਬਲੈਕ ਕੌਫੀ ਨਾਲ। ਸਭ ਦਾ ਆਪਣਾ-ਆਪਣਾ ਸਵਾਦ ਹੈ ਪਰ ਇੱਥੇ ਇੱਕ ਗੱਲ ਹੋਰ ਵੀ ਧਿਆਨ ਦੇਣ ਯੋਗ ਹੈ ਉਹ ਹੈ ਸਿਹਤ ਜੇਕਰ ਸਿਹਤ ਦੇ ਲਿਹਾਜ਼ ਨਾਲ ਦੇਖਿਆ ਜਾਵੇ ਤਾਂ ਬਲੈਕ ਕੌਫੀ ਦਾ ਇਕ ਘੁੱਟ ਸਾਨੂੰ ਤਰੋਤਾਜ਼ਾ ਤਾਂ ਕਰ ਹੀ ਦਿੰਦਾ ਹੈ ਨਾਲ ਹੀ ਬਲੈਕ ਕੌਫੀ 'ਚ ਕੈਫੀਨ ਤੋਂ ਇਲਾਵਾ ਕਈ ਐਂਟੀ-ਆਕਸੀਡੈਂਟ ਵੀ ਪਾਏ ਜਾਂਦੇ ਹਨ, ਜੋ ਕਈ ਬੀਮਾਰੀਆਂ ਨੂੰ ਦੂਰ ਰੱਖਣ 'ਚ ਮਦਦ ਕਰਦੇ ਹਨ।ਕੌਫੀ ਤੁਹਾਡੇ ਦਿਮਾਗ ਨੂੰ ਬਿਹਤਰ ਢੰਗ ਨਾਲ ਕੰਮ ਕਰਨ 'ਚ ਮਦਦ ਕਰਦੀ ਹੈ ਅਤੇ ਤੁਹਾਨੂੰ ਊਰਜਾ ਦਿੰਦੀ ਹੈ। ਹੈਲਥਲਾਈਨ ਦੇ ਅਨੁਸਾਰ ਬਲੈਕ ਕੌਫੀ 'ਚ ਮੌਜੂਦ ਕੈਫੀਨ ਤੁਹਾਡੇ ਮੈਟਾਬੋਲੀਜ਼ਮ ਨੂੰ ਵਧਾਉਂਦਾ ਹੈ ਅਤੇ ਸਰੀਰਕ ਗਤੀਵਿਧੀ ਨੂੰ ਵਧਾਉਂਦਾ ਹੈ। ਇਸ ਤੋਂ ਇਲਾਵਾ ਇਸ 'ਚ ਮੈਗਨੀਸ਼ੀਅਮ, ਵਿਟਾਮਿਨ ਬੀ3, ਮੈਂਗਨੀਜ਼, ਪੋਟਾਸ਼ੀਅਮ, ਵਿਟਾਮਿਨ ਬੀ5, ਵਿਟਾਮਿਨ ਬੀ2 ਹੁੰਦਾ ਹੈ, ਜੋ ਸਿਹਤ ਲਈ ਕਈ ਤਰ੍ਹਾਂ ਨਾਲ ਫਾਇਦੇਮੰਦ ਹੁੰਦਾ ਹੈ।

**ਬਲੈਕ ਕੌਫੀ ਕਿਵੇਂ ਬਣਾਈਏ :** ਇਸ ਨੂੰ ਬਣਾਉਣ ਦਾ ਤਰੀਕਾ ਬਹੁਤ ਆਸਾਨ ਹੁੰਦਾ ਹੈ। ਸਭ ਤੋਂ ਪਹਿਲਾਂ, ਤੁਸੀਂ ਪਾਣੀ ਨੂੰ ਉਬਾਲੋ ਤੇ ਇਸ 'ਚ ਇਕ ਚਮਚਾ ਬਲੈਕ ਕੌਫੀ ਮਿਲਾਓ। ਹੁਣ ਇਸ ਨੂੰ ਕੱਪ 'ਚ ਪਾ ਕੇ ਪੀਓ। ਬਲੈਕ ਕੌਫੀ ਨੂੰ ਖਾਲੀ ਢਿੱਡ ਨਹੀਂ ਪੀਣਾ ਚਾਹੀਦਾ। ਤੁਸੀਂ ਇਸ ਨੂੰ ਨਾਸ਼ਤਾ ਕਰਨ ਤੋਂ ਬਾਅਦ ਪੀ ਸਕਦੇ ਹੋ।

**ਸ਼ੂਗਰ ਨੂੰ ਕੰਟਰੋਲ ਕਰਦੀ ਹੈ;** ਬਲੈਕ ਕੌਫੀ ਸ਼ੂਗਰ ਦੇ ਖਤਰੇ ਨੂੰ ਘੱਟ ਕਰਨ 'ਚ ਮਦਦ ਕਰਦੀ ਹੈ। ਬਲੈਕ ਕੌਫੀ ਸਰੀਰ 'ਚ ਇਨਸੁਲਿਨ ਦੇ ਉਤਪਾਦਨ 'ਚ ਮਦਦ ਕਰਦੀ ਹੈ, ਜਿਸ ਨਾਲ ਸ਼ੂਗਰ ਦਾ ਖਤਰਾ ਘੱਟ ਹੁੰਦਾ ਹੈ।

**ਤਣਾਅ ਨੂੰ ਦੂਰ ਕਰਦੀ ਹੈ ਕੌਫੀ;** ਬਲੈਕ ਕੌਫੀ ਦਾ ਸੇਵਨ ਡਿਪਰੈਸ਼ਨ, ਚਿੰਤਾ, ਤਣਾਅ, ਬਹੁਤ ਜ਼ਿਆਦਾ ਨੀਂਦ ਅਤੇ ਸੁਸਤੀ ਆਦਿ ਨੂੰ ਘੱਟ ਕਰਦਾ ਹੈ ਅਤੇ ਦਿਮਾਗ ਨੂੰ ਕਿਰਿਆਸ਼ੀਲ ਰੱਖਦਾ ਹੈ। ਬਲੈਕ ਕੌਫੀ 'ਚ ਕੈਫੀਨ ਪਾਈ ਜਾਂਦੀ ਹੈ, ਜੋ ਦਿਮਾਗ ਅਤੇ ਦਿਮਾਗੀ ਪ੍ਰਣਾਲੀ ਦੋਵਾਂ ਨੂੰ ਤਾਜ਼ਾ ਕਰ ਸਕਦੀ ਹੈ।

**ਬਲੈਕ ਕੌਫੀ ਸਾਨੂੰ ਐਕਟਿਵ ਰੱਖਦੀ ਹੈ;** ਜੇਕਰ ਤੁਸੀਂ ਜਿਮ ਜਾਂ ਕਸਰਤ ਤੋਂ ਬਾਅਦ ਬਲੈਕ ਕੌਫੀ ਦਾ ਸੇਵਨ ਕਰਦੇ ਹੋ ਤਾਂ ਸਟੈਮਿਨਾ ਵਧਾਉਣ ਲਈ ਬਲੈਕ ਕੌਫੀ ਬਹੁਤ ਫਾਇਦੇਮੰਦ ਹੈ।

**ਦਿਲ ਨੂੰ ਸਿਹਤਮੰਦ ਰੱਖਦੀ ਹੈ;** ਬਲੈਕ ਕੌਫੀ ਦਿਲ ਲਈ ਵੀ ਚੰਗੀ ਹੁੰਦੀ ਹੈ। ਰੋਜ਼ਾਨਾ 1 ਜਾਂ 2 ਕੱਪ ਬਲੈਕ ਕੌਫੀ ਪੀਣ ਨਾਲ ਸਟ੍ਰੋਕ ਸਮੇਤ ਕਿਸੇ ਵੀ ਤਰ੍ਹਾਂ ਦੀ ਦਿਲ ਦੀ ਬੀਮਾਰੀ ਦੇ ਖਤਰੇ ਨੂੰ ਘੱਟ ਕੀਤਾ ਜਾ ਸਕਦਾ ਹੈ। ਬਸ਼ਰਤੇ ਕਿ ਇਸ 'ਚ ਚੀਨੀ ਤੇ ਦੁੱਧ ਨਾ ਪਾਇਆ ਜਾਵੇ।

# ਸਰਗੁਣ ਮਹਿਤਾ ਨੇ ਆਪਣੀ ਅਦਾਕਾਰੀ ਦੀ ਸ਼ੁਰੂਆਤ ਆਪਣੇ ਕਾਲਜ ਦੇ ਰੰਗਮੰਚੀ ਪ੍ਰਦਰਸ਼ਨ ਦੁਆਰਾ ਕੀਤੀ

ਸਰਗੁਣ ਮਹਿਤਾ (ਸਰਗੁਣ ਮਹਿਤਾ ਦੁਬੇ ਦੇ ਨਾਮ ਨਾਲ ਜਾਣੀ ਜਾਂਦੀ) ਭਾਰਤੀ ਅਭਿਨੇਤਰੀ, ਮਾਡਲ, ਕਮੇਡੀਅਨ, ਡਾਂਸਰ ਅਤੇ ਪੇਸ਼ਕਰਤਾ ਹੈ। ਉਸਨੇ ਭਾਰਤੀ ਟੈਲੀਵਿਜ਼ਨ ਦੀ ਦੁਨੀਆ ਵਿੱਚ ਆਪਣੀ ਪਛਾਣ ਬਣਾਈ ਹੈ। ਉਸਨੇ ਆਪਣੀ ਅਦਾਕਾਰੀ ਦੀ ਸ਼ੁਰੂਆਤ ਆਪਣੇ ਕਾਲਜ ਦੇ ਰੰਗਮੰਚੀ ਪ੍ਰਦਰਸ਼ਨ ਦੁਆਰਾ ਕੀਤੀ ਅਤੇ ਉਸਨੇ ਆਪਣੇ ਟੈਲੀਵਿਜ਼ਨ ਕੈਰੀਅਰ ਦੀ ਸ਼ੁਰੂਆਤ 2009 ਵਿੱਚ ਜ਼ੀ ਟੀਵੀ ਦੇ ਨਾਟਕ ਕਰੋਲ ਬਾਗ ਰਾਹੀਂ ਕੀਤੀ। ਜਿਸਦੇ ਵਿੱਚ ਉਸਨੂੰ ਵਧੀਆ ਸਹਿਯੋਗੀ ਪਾਤਰ ਲਈ ਨਿਊ ਟੈਲੈਂਟ ਅਵਾਰਡ ਪ੍ਰਾਪਤ ਹੋਇਆ। ਕਲਰਸ ਦੇ ਨਾਟਕ ਫੁਲਵਾ ਦੁਆਰਾ ਉਸਦੀ ਜ਼ਿੰਦਗੀ ਵਿੱਚ ਇੱਕ ਨਵਾਂ ਮੋੜ ਆਇਆ। ਜਿਸਦੇ ਲਈ ਉਸਨੇ ਪ੍ਰਸ਼ੰਸਾ ਹਾਸਿਲ ਕੀਤੀ ਅਤੇ ਉਸਨੂੰ ਇੱਕ ਜਾਂਬਾਜ਼ ਵਿਅਕਤੀਤਵ ਲਈ ਕਲਰਜ਼ ਗੋਲਡਨ ਪੈਟਲ ਅਵਾਰਡ ਵਿੱਚ ਨਾਮਜ਼ਦ ਕੀਤਾ ਗਿਆ। ਮਹਿਤਾ ਨੇ 2009 ਵਿੱਚ ਪ੍ਰਸ਼ੰਸ਼ਾ ਹਾਸਲ ਕੀਤੀ ਪਰ ਅਪਨੋ ਕੇ ਲੀਏ ਗੀਤਾ ਕਾ ਧਰਮ ਯੁਧ ਪ੍ਰਸਿਧੀ ਹਾਸਲ ਕਰਨ ਵਿੱਚ ਸਫ਼ਲ ਨਹੀਂ ਹੋਇਆ। ਮਹਿਤਾ ਨੇ ਬਲਿਕਾ ਵਧੂ ਵਿੱਚ ਗੰਗਾ ਦੇ ਪਾਤਰ ਰਾਹੀਂ ਪ੍ਰਸ਼ੰਸ਼ਾ ਹਾਸਲ ਕੀਤੀ ਅਤੇ ਇੰਡੀਅਨ ਟੈਲੀਵਿਜ਼ਨ ਅਕੇਡਮੀ ਅਵਾਰਡ ਵਿੱਚ ਨਾਮਜ਼ਦ ਹੋਈ। ਚੰਡੀਗੜ੍ਹ ਤੋਂ ਦਿੱਲੀ ਬੀ.ਕਾਮ. ਆਨਰਜ਼ ਕਰਨ ਗਈ ਸਰਗੁਣ ਨੂੰ ਦਿੱਲੀ ਯੂਨੀਵਰਸਿਟੀ ਦੇ ਕਰੋੜੀਮੱਲ ਕਾਲਜ ਦੇ ਮਾਹੌਲ ਨੇ ਰੰਗਮੰਚ ਨਾਲ ਜੋੜ ਦਿੱਤਾ। ਸਰਗੁਣ ਨੇ ਇੱਥੇ ਤਿੰਨ ਸਾਲ ਥੀਏਟਰ ਕੀਤਾ। ਥੀਏਟਰ ਦੇ ਉਸ ਦੇ ਇੱਕ ਸੀਨੀਅਰ ਸੁਧੀਰ ਸ਼ਰਮਾ ਨੇ ਜਦੋਂ ਆਪਣੇ ਸੀਰੀਅਲ 'ਬਾਰਾਂ ਬਟਾ ਚੌਵੀ ਕਰੋਲ ਬਾਗ' ਲਈ ਆਡੀਸ਼ਨ ਲਏ ਤਾਂ ਸਰਗੁਣ ਦੀ ਚੋਣ ਹੋਈ। ਇਸ ਸੀਰੀਅਲ ਤੋਂ ਉਸ ਦੇ ਕਰੀਅਰ ਦੀ ਸ਼ੁਰੂਆਤ ਹੋਈ। ਨਾਮਵਰ ਟੀਵੀ ਚੈਨਲਾਂ ਦੇ ਚਰਚਿਤ ਸੀਰੀਅਲ 'ਗੀਤਾ' ਅਤੇ 'ਫੁਲਵਾ' ਵਿੱਚ ਉਸ ਨੇ ਅਹਿਮ ਕਿਰਦਾਰ ਨਿਭਾਏ। ਰਿਆਲਿਟੀ ਸ਼ੋਅ 'ਨੱਚ ਬੱਲੀਏ' ਅਤੇ 'ਕਾਮੇਡੀ ਨਾਈਟ ਦਾ ਆਜੂਬਾ' ਨੇ ਉਸ ਨੂੰ ਇਸ ਖੇਤਰ ਵਿੱਚ ਪਛਾਣ ਦਿੱਤੀ। 'ਕਾਮੇਡੀ ਨਾਈਟ ਦਾ ਆਜੂਬਾ' ਵਿੱਚ ਉਸ ਨੇ ਕਪਿਲ ਸ਼ਰਮਾ ਨਾਲ ਸੈਲਬ੍ਰਿਟੀ ਪਾਰਟਨਰ ਵਜੋਂ ਕਈ ਐਪੀਸੋਡ ਕੀਤੇ। ਮਹਿਤਾ ਨੇ ਆਪਣੇ 12/24 ਕਰੋਲ ਬਾਗ ਦੇ ਸਹਿ-ਕਲਾਕਾਰ ਰਵੀ ਦੁਬੇ ਨਾਲ 2009 ਵਿੱਚ ਡੇਟਿੰਗ ਸ਼ੁਰੂ ਕੀਤੀ ਅਤੇ ਦਸੰਬਰ 2013 ਵਿੱਚ ਉਸ ਨਾਲ ਵਿਆਹ ਕਰਵਾ ਲਿਆ।[2] 5 ਫਰਵਰੀ 2013 ਨੂੰ, ਇੰਡੀਆਟਾਈਮਜ਼ ਨਾਲ ਇੱਕ ਇੰਟਰਵਿਊ ਵਿੱਚ, ਮਹਿਤਾ ਨੇ ਕਿਹਾ ਕਿ ਉਹ ਅਤੇ ਦੁਬੇ 'ਹਮੇਸ਼ਾ ਇੱਕ ਚੰਗਾ ਰਿਸ਼ਤਾ ਨਿਭਾਉਂਦੇ ਹਨ ਅਤੇ ਸਮਝਦਾਰੀ ਨਾਲ ਚਲਦੇ ਸਨ।[3] ਪਰ ਨੱਚ ਬਲੀਏ ਕਰਨ ਤੋਂ ਬਾਅਦ ਅਸੀਂ ਇੱਕ-ਦੂਜੇ ਨੂੰ ਪੇਸ਼ੇਵਰ ਤੌਰ ਤੇ ਵਧੇਰੇ ਸਮਝਿਆ' ਵਿਆਹ ਤੋਂ ਬਾਅਦ, ਉਸ ਨੇ ਆਪਣਾ ਨਾਮ ਸਰਗੁਣ ਮਹਿਤਾ ਦੁਬੇ ਰੱਖ ਲਿਆ ਮਹਿਤਾ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਥੀਏਟਰ ਸ਼ੋਅ ਨਾਲ ਕੀਤੀ ਸੀ। ਦਿੱਲੀ ਵਿੱਚ ਕਾਲਜ ਵਿੱਚ ਆਪਣੇ ਤਿੰਨ ਸਾਲਾਂ ਦੇ ਦੌਰਾਨ, ਉਸ ਨੇ ਕਈ ਥੀਏਟਰ ਪ੍ਰੋਡਕਸ਼ਨ ਵਿੱਚ ਪ੍ਰਦਰਸ਼ਨ ਕੀਤਾ। ਬਾਅਦ ਵਿੱਚ, ਉਸ ਨੂੰ ਜ਼ੀ ਟੀਵੀ ਦੇ 2009 ਦੇ ਟੈਲੀਵਿਜ਼ਨ ਪ੍ਰੋਗਰਾਮ 12/24 ਕਰੋਲ ਬਾਗ ਵਿੱਚ ਸਹਾਇਕ ਭੂਮਿਕਾ ਲਈ ਚੁਣਿਆ ਗਿਆ। ਇਸ ਵਿੱਚ, ਉਹ ਨੀਤੂ ਸੇਠੀ, ਇੱਕ ਪ੍ਰਭਾਵਸ਼ਾਲੀ ਮੁਟਿਆਰ ਦੀ ਭੂਮਿਕਾ ਵਿੱਚ ਰਵੀ ਦੁਬੇ ਦੇ ਨਾਲ ਦਿਖਾਈ ਦਿੱਤੀ।[5] ਇਹ ਸ਼ੋਅ ਸੇਠੀ ਪਰਿਵਾਰ ਦੇ ਚਾਰ ਬੱਚਿਆਂ, ਸਿਮੀ, ਅਨੁਜ, ਨੀਤੂ ਅਤੇ ਮਿਲੀ ਦੀ ਕਹਾਣੀ ਦਰਸਾਉਂਦਾ ਹੈ, ਜੋ ਦਿੱਲੀ ਦੇ ਕਰੋਲ ਬਾਗ ਦੇ ਮੱਧ ਵਰਗੀ ਇਲਾਕੇ ਵਿੱਚ ਰਹਿੰਦੇ ਹਨ। ਨੀਤੂ ਚਾਰਾਂ ਵਿੱਚੋਂ ਤੀਜੀ ਭੈਣ ਹੈ, ਜਿਸ ਦਾ ਵਿਆਹ ਮਾਨਸਿਕ ਤੌਰ ਤੇ ਅਪਾਹਜ ਓਮੀ (ਰਵੀ ਦੁਬੇ ਦੁਆਰਾ ਨਿਭਾਇਆ ਗਿਆ) ਨਾਲ ਹੁੰਦਾ ਹੈ। 'ਦਿ ਹਿੰਦੂ' ਨਾਲ ਇੱਕ ਇੰਟਰਵਿਊ ਵਿੱਚ, ਮਹਿਤਾ ਨੇ ਕਿਹਾ ਕਿ ਉਸ ਨੇ ਸਬਬੀ ਇਹ ਭੂਮਿਕਾ ਪ੍ਰਾਪਤ ਕੀਤੀ: 'ਮੇਰੇ ਦੋਸਤਾਂ ਅਤੇ ਮੈਨੂੰ ਥੀਏਟਰ ਕਲੱਬ ਦੇ ਸਾਡੇ ਪ੍ਰੋਫੈਸਰਾਂ ਵਿੱਚੋਂ ਇੱਕ ਨੇ ਭੂਮਿਕਾ ਲਈ ਆਡੀਸ਼ਨ ਦੇਣ ਲਈ ਕਿਹਾ ਅਤੇ ਮੈਂ ਨੀਤੂ ਦੇ ਕਿਰਦਾਰ ਲਈ ਚੁਣੀ ਗਈ।' ਪ੍ਰੋਗਰਾਮ ਦੇ ਅੰਤ ਤੋਂ ਬਾਅਦ, ਮਹਿਤਾ ਨੇ ਇੱਕ ਹੋਰ ਜ਼ੀ ਟੀਵੀ ਨਿਰਮਾਣ, ਅਪਨੋ ਕੇ ਲੀਏ ਗੀਤਾ ਕਾ ਧਰਮਯੁਧ ਵਿੱਚ ਮੁੱਖ ਭੂਮਿਕਾ ਨਿਭਾਈ। ਸ਼ੋਅ ਵਿੱਚ, ਜੋ ਪਹਿਲੀ ਵਾਰ ਦਸੰਬਰ 2010 ਵਿੱਚ



ਪ੍ਰਸਾਰਿਤ ਹੋਇਆ ਸੀ, ਉਸ ਨੇ ਗੀਤਾ ਦੀ ਭੂਮਿਕਾ ਨਿਭਾਈ, ਜੋ ਸੱਚ ਦੇ ਲਈ ਖੜ੍ਹੀ ਇੱਕ ਪਾਤਰ ਹੈ ਅਤੇ ਆਪਣੇ ਪਰਿਵਾਰ ਨੂੰ ਧਾਰਾ 498 ਏ ਦੀ ਦੁਰਵਰਤੋਂ ਦੇ ਕਾਰਨ ਬਰਬਾਦ ਹੋਣ ਤੋਂ ਬਚਾਉਂਦੀ ਹੈ ਜਿਸਦਾ ਉਦੇਸ਼ ਔਰਤਾਂ ਨੂੰ ਘਰੇਲੂ ਹਿੰਸਾ ਅਤੇ ਦੁਰਵਿਵਹਾਰ ਤੋਂ ਬਚਾਉਣਾ ਹੈ। ਮਈ 2011 ਨੂੰ, ਸ਼ੋਅ ਪ੍ਰਸਿੱਧੀ ਹਾਸਲ ਕਰਨ ਵਿੱਚ ਅਸਫਲ ਰਹਿਣ ਤੋਂ ਬਾਅਦ ਬੰਦ ਹੋ ਗਿਆ ਜਨਵਰੀ 2011 ਵਿੱਚ, ਮਹਿਤਾ ਨੇ ਕਲਰਸ ਟੀਵੀ ਉੱਤੇ ਸਿਧਾਰਥ ਤਿਵਾੜੀ ਦੀ ਡਰਾਮਾ ਸੀਰੀਜ਼ ਫੁਲਵਾ ਵਿੱਚ ਅਜੈ ਚੌਧਰੀ ਦੇ ਨਾਲ ਮੁੱਖ ਨਾਇਕ ਦੇ ਰੂਪ ਵਿੱਚ ਦਿਖਾਈ ਦਿੱਤੀ, ਜਿਸ ਵਿੱਚ ਉਸ ਨੇ ਮੁੱਖ ਭੂਮਿਕਾ ਨਿਭਾਈ। ਇਹ ਕਹਾਣੀ ਡਾਕੂ ਤੋਂ ਸਿਆਸਤਦਾਨ ਬਣੀ ਫੂਲਨ ਦੇਵੀ ਦੇ ਜੀਵਨ ਤੇ ਅਧਾਰਤ ਹੈ। ਸੀਰੀਜ਼ ਵਿੱਚ, ਆਪਣੇ ਕੰਮ ਦਾ ਹਵਾਲਾ ਦਿੰਦੇ ਹੋਏ, ਉਸ ਨੇ ਕਿਹਾ, ਜਦੋਂ ਮੈਂ ਫੁਲਵਾ ਵਿੱਚ ਕੰਮ ਕੀਤਾ ਤਾਂ ਇਹ ਮੇਰੇ ਕਰੀਅਰ ਦਾ ਮਹੱਤਵਪੂਰਨ ਮੋੜ ਬਣ ਗਿਆ, ਜਿਸ ਨੇ ਮੈਨੂੰ ਮਾਨਤਾ ਅਤੇ ਰਚਨਾਤਮਕ ਸੰਤੁਸ਼ਟੀ ਵੀ ਦਿੱਤੀ।' ਅਗਲੇ ਸਾਲ, ਉਹ ਸੋਨੀ ਟੈਲੀਵਿਜ਼ਨ ਦੀ ਕ੍ਰਾਈਮ ਸੀਰੀਜ਼ ਕ੍ਰਾਈਮ ਪੈਟਰੋਲ ਦੇ ਇੱਕ ਐਪੀਸੋਡ ਵਿੱਚ ਆਰਤੀ ਸ਼ੇਖਰ ਦੇ ਰੂਪ ਵਿੱਚ ਨਜ਼ਰ ਆਈ। 2012 ਵਿੱਚ, ਮਹਿਤਾ ਨੂੰ ਆਤਿਸ਼ਬਾਜ਼ੀ ਪ੍ਰੋਡਕਸ਼ਨ ਦੀ ਸਸਪੈਂਸ/ਥ੍ਰਿਲਰ ਸੀਰੀਜ਼ ਹਮ ਨੇ ਲੀ ਹੈ ... ਸ਼ਪਤ ਵਿੱਚ ਰਾਹੀਲ ਆਜ਼ਮ ਦੇ ਨਾਲ, ਸੋਨੀਆ ਦੀ ਮੁੱਖ ਭੂਮਿਕਾ ਨਿਭਾਉਣ ਲਈ ਚੁਣਿਆ ਗਿਆ ਸੀ। ਕਹਾਣੀ ਰੇਵ ਪਾਰਟੀ ਵਿੱਚ ਹੋਏ ਇੱਕ ਕਤਲ ਦੇ ਦੁਆਲੇ ਘੁੰਮਦੀ ਹੈ। ਮਹਿਤਾ ਨੇ ਅਗਸਤ 2012 ਵਿੱਚ ਸ਼ੋਂਤਾਰਾ ਪ੍ਰੋਡਕਸ਼ਨਜ਼ ਦੀ ਤੇਰੀ ਮੇਰੀ ਲਵ ਸਟੋਰੀਜ਼ ਸਟਾਰ ਪਲੱਸ ਨੈੱਟਵਰਕ ਐਂਥੋਲੋਜੀ ਸੀਰੀਜ਼ ਵਿੱਚ ਕਰਨ ਪਟੇਲ ਦੇ ਨਾਲ ਅਨਿਕਾ ਦੇ ਰੂਪ ਵਿੱਚ ਮਹਿਮਾਨ-ਅਭਿਨੇਤਾ ਵਜੋਂ ਭੂਮਿਕਾ ਨਿਭਾਈ। ਅਕਤੂਬਰ 2012 ਦੇ ਅਖੀਰ ਵਿੱਚ, ਮਹਿਤਾ ਨੂੰ ਸ਼ਸ਼ੀ ਮਿੱਤਲ ਦੇ ਸ਼ੋਅ ਦਿਲ ਕੀ ਨਜ਼ਰ ਸੇ ਖੂਬਸੂਰਤ ਵਿੱਚ ਆਰਾਧਿਆ ਦੀ ਭੂਮਿਕਾ ਲਈ ਸੰਪਰਕ ਕੀਤਾ ਗਿਆ ਸੀ, ਪਰ ਵਿਚਾਰਧਾਰਕ ਤਬਦੀਲੀਆਂ ਦੇ ਕਾਰਨ ਸ਼ੋਅ ਤੋਂ ਹਟਾ ਦਿੱਤਾ ਗਿਆ ਸੀ ਏਕਤਾ ਕਪੂਰ ਦਾ ਸੋਪ ਓਪੇਰਾ ਕਿਆ ਹੁਆ ਤੇਰਾ ਵਾਅਦਾ ਮਹਿਤਾ ਦਾ ਅਗਲਾ ਸ਼ੋਅ ਸੀ। ਇਸ ਵਿੱਚ, ਉਸ ਨੇ ਸ਼ੋਅ ਦੀ ਕਹਾਣੀ ਵਿੱਚ ਦਸ ਸਾਲਾਂ ਦੀ ਛਲਾਂਗ ਦੇ ਬਾਅਦ ਇੱਕ ਸੁਤੰਤਰ ਲੜਕੀ ਦਾ ਕਿਰਦਾਰ ਨਿਭਾਇਆ। ਮੋਹਿਤ ਮਲਹੋਤਰਾ, ਮੋਨਾ ਸਿੰਘ, ਮੌਲੀ ਗਾਂਗੁਲੀ ਅਤੇ ਨੀਲਮ ਸਿਵੀਆ ਦੇ ਨਾਲ ਸਹਿ-ਅਭਿਨੇਤਰੀ ਰਹੀ, ਉਸ ਨੂੰ ਇੱਕ ਪੱਤਰਕਾਰ ਬੁੱਲਬੁਲ ਦੇ ਰੂਪ ਵਿੱਚ ਲਿਆ ਗਿਆ ਸੀ। ਉਸ ਨੇ 5 ਦਸੰਬਰ ਨੂੰ ਸ਼ੂਟਿੰਗ ਸ਼ੁਰੂ ਕੀਤੀ ਅਤੇ ਦਸੰਬਰ 2012 ਦੇ ਅੱਧ ਵਿੱਚ ਟੈਲੀਕਾਸਟ ਕੀਤੀ ਗਈ। ਉਸ ਨੇ ਕਿਹਾ: ਮੇਰੇ ਕਿਰਦਾਰ ਦੇ ਵੱਖੋ-ਵੱਖਰੇ ਸ਼ੇਡ ਹਨ। ਮੈਂ ਇਸ ਤਰ੍ਹਾਂ ਦੀ ਭੂਮਿਕਾ ਪਹਿਲਾਂ ਨਹੀਂ ਨਿਭਾਈ ਸੀ। ਮਈ 2013 ਦਾ ਅੰਤ ਵਿੱਚ ਇਹ ਸੋਪ ਬੰਦ ਹੋ ਗਿਆ ਸੀ। 12/24 ਕਰੋਲ ਬਾਗ (2009), ਫੁਲਵਾ (2011) ਅਤੇ ਕਿਆ ਹੁਆ ਤੇਰਾ ਵਾਅਦਾ (2012) ਵਿੱਚ ਅਦਾਕਾਰੀ ਕਰਨ ਤੋਂ ਬਾਅਦ, ਉਸਨੇ ਕਲਰਜ਼ ਦੀ ਡਰਾਮਾ ਸੀਰੀਜ਼ 'ਬਾਲਿਕਾ ਵਧੂ' ਵਿੱਚ ਗੰਗਾ ਦੇ ਇੱਕ ਨਿਮਰ ਕਿਰਦਾਰ ਦੀ ਭੂਮਿਕਾ ਨਿਭਾਈ। ਹਿੰਦੁਸਤਾਨ ਟਾਈਮਜ਼ ਨੂੰ ਦਿੱਤੀ ਇੰਟਰਵਿਊ ਵਿੱਚ, ਮਹਿਤਾ ਨੇ ਕਿਹਾ ਕਿ ਉਹ ਇਸ ਭੂਮਿਕਾ ਦੀ ਪੇਸ਼ਕਸ਼ ਕਰਕੇ ਹੈਰਾਨ ਸੀ, ਕਿਉਂਕਿ ਇਹ ਉਸ ਦਾ ਆਮ ਕਿਰਦਾਰ ਨਹੀਂ ਸੀ। ਨਵੰਬਰ 2014 ਦੇ ਅੱਧ ਵਿੱਚ, ਉਸ ਨੇ ਰਚਨਾਤਮਕ ਅਸੰਤੁਸ਼ਟੀ ਦੇ ਕਾਰਨ ਸ਼ੋਅ ਛੱਡ ਦਿੱਤਾ। ਕਾਲਪਨਿਕ ਸ਼ੋਅ ਵਲੋਂ ਲੰਬੇ ਬਰੇਕ ਤੋਂ ਬਾਅਦ, ਮਹਿਤਾ ਨੇ ਜ਼ੀ ਟੀਵੀ ਦੀ ਮਿੰਨੀ ਸੀਰੀਜ਼ ਰਿਸ਼ਤੋਂ ਕਾ ਮੇਲਾ ਨਾਲ ਵਾਪਸੀ ਕੀਤੀ, ਉਸ ਨੇ 16 ਅਪ੍ਰੈਲ 2015 ਨੂੰ ਸ਼ੋਅ ਦੀ ਸ਼ੂਟਿੰਗ ਸ਼ੁਰੂ ਕੀਤੀ, ਇਸ ਵਿੱਚ ਉਸ ਨੇ ਕੇਂਦਰੀ ਕਿਰਦਾਰ ਦੀਪਿਕਾ ਦੀ ਭੂਮਿਕਾ ਨਿਭਾਈ, ਜੋ ਕਿ ਅੱਜ ਦੇ ਆਧੁਨਿਕ ਯੁੱਗ ਦੀ ਇੱਕ ਨੌਜਵਾਨ ਸੁੰਦਰ ਕੁੜੀ ਹੈ। ਇਸ ਸ਼ੋਅ ਵਿੱਚ ਦਸ ਐਪੀਸੋਡ ਸਨ, ਜਿਸ ਵਿੱਚ ਉਸ ਨੇ ਏਜਾਜ਼ ਖਾਨ, ਊਸ਼ਾ ਨਾਡਕਰਨੀ, ਰਤਨ ਰਾਜਪੂਤ, ਅਨੁਪਮ ਸ਼ਿਆਮ, ਕਰਨ ਮਹਿਰਾ, ਹਿਤੇਨ ਤੇਜਵਾਨੀ, ਗੌਰੀ ਪ੍ਰਧਾਨ ਤੇਜਵਾਨੀ, ਸਯੰਤਾਨੀ ਘੋਸ਼ ਅਤੇ ਕਰਨ ਗਰੋਵਰ ਦੇ ਨਾਲ ਕੰਮ ਕੀਤਾ ਸੀ। ਇਹ ਸ਼ੋਅ ਦੀਪਿਕਾ, ਇੱਕ ਭਗੌੜੀ ਲਾੜੀ ਦੇ ਸਫ਼ਰ ਤੋਂ ਬਾਅਦ, ਆਪਣੇ ਜ਼ਾਲਮ ਪੁਲਿਸ ਇੰਸਪੈਕਟਰ ਮੰਗੇਤਰ (ਏਜਾਜ਼ ਖਾਨ ਦੁਆਰਾ ਨਿਭਾਈ ਗਈ) ਤੋਂ ਬਚ ਜਾਂਦੀ ਹੈ। ਦੀਪਿਕਾ ਇੱਕ ਮੇਲੇ ਵਿੱਚ ਭੱਜਦੀ ਹੈ ਜਿੱਥੇ ਉਹ ਔਰਤਾਂ ਨੂੰ ਮਿਲਦੀ ਹੈ ਜਿਨ੍ਹਾਂ ਵਿੱਚੋਂ ਹਰ ਇੱਕ ਦੀ ਕਹਾਣੀ ਦੱਸੀ ਜਾਂਦੀ ਹੈ। ਸ਼ੋਅ 8 ਮਈ 2015 ਨੂੰ ਖਤਮ ਹੋ ਗਿਆ। ਸਰਗੁਣ ਮਹਿਤਾ ਹਾਰਡੀ ਸੰਧੂ ਦੇ ਨਾਲ 'ਟਾਈਟਲਿਅਨ' ਲਈ ਮਿਊਜ਼ਿਕ ਵਿਡੀਓ ਵਿੱਚ ਨਜ਼ਰ ਆਈ। ਚੰਡੀਗੜ੍ਹ ਦੀ ਜੰਮਪਲ ਹੋਣ ਦੇ ਬਾਵਜੂਦ ਇਸ ਨੇ ਕਦੇ ਪੰਜਾਬੀ ਫ਼ਿਲਮਾਂ 'ਚ ਕੰਮ ਕਰਨ ਬਾਰੇ ਨਹੀਂ ਸੋਚਿਆ ਸੀ। ਇਹ ਮੁੰਬਈ 'ਚ ਸਰਗਰਮ ਸੀ ਤੇ ਉੱਥੇ ਹੀ ਰਹਿਣਾ ਚਾਹੁੰਦੀ ਸੀ। ਅੰਗਰੇਜ਼ ਦੇ ਲੇਖਕ ਅੰਬਰਦੀਪ ਸਿੰਘ ਨੂੰ ਇਹ ਪਹਿਲਾਂ ਤੋਂ ਜਾਣਦੀ ਸੀ। ਇਸ ਫ਼ਿਲਮ ਵਿੱਚ ਉਸ ਨੇ ਅਮਰਿੰਦਰ ਗਿੱਲ ਦੇ ਨਾਲ ਧੰਨ ਕੌਰ ਦੀ ਭੂਮਿਕਾ ਨਿਭਾਈ।ਉਹ ਦੋਵੇਂ 'ਕਾਮੇਡੀ ਨਾਈਟ ਦੇ ਆਜੂਬੇ' ਦਾ ਹਿੱਸਾ ਰਹੇ ਹਨ। ਅੰਬਰ ਨੇ ਹੀ ਉਸ ਨੂੰ ਇਸ ਫ਼ਿਲਮ ਦੀ ਕਹਾਣੀ ਸੁਣਾਈ ਅਤੇ ਇਸ ਵਿੱਚ ਕੰਮ ਕਰਨ ਲਈ ਕਿਹਾ ਸੀ। ਆਖਰ ਇਸ ਨੇ ਫ਼ਿਲਮ ਲਈ ਹਾਮੀ ਭਰੀ ਤੇ ਜ਼ਿੰਦਗੀ ਦਾ ਇਹ ਫ਼ੈਸਲਾ ਉਸ ਨੂੰ ਨਵੇਂ ਮੁਕਾਮ 'ਤੇ ਲੈ ਗਿਆ। ਇਸ ਫ਼ਿਲਮ ਵਿੱਚ ਅਮਰਿੰਦਰ ਗਿੱਲ ਨਾਲ ਸਰਗੁਣ ਇਕੱਲੀ ਹੀਰੋਇਨ ਨਹੀਂ ਸੀ, ਬਲਕਿ ਬਾਲੀਵੁੱਡ ਅਦਾਕਾਰਾ ਅਦਿਤੀ ਸ਼ਰਮਾ ਵੀ ਇਸ ਦਾ ਅਹਿਮ ਹਿੱਸਾ ਸੀ ਪਰ ਸਗਰੁਣ ਵੱਲੋਂ ਨਿਭਾਇਆ ਧੰਨ ਕੌਰ ਦਾ ਕਿਰਦਾਰ ਇਸ ਕਦਰ ਮਕਬੂਲ ਹੋਇਆ ਕਿ ਇਹ ਫ਼ਿਲਮ ਅਮਰਿੰਦਰ-ਸਰਗੁਣ ਦੀ ਜੋੜੀ ਦੀ ਫ਼ਿਲਮ ਬਣ ਗਈ। ਅੰਗਰੇਜ਼ ਤੋਂ ਬਾਅਦ ਇਸ ਜੋੜੀ ਨੂੰ ਲਵ ਪੰਜਾਬ ਵਿੱਚ ਵੀ ਲਿਆਂਦਾ ਗਿਆ। 2017 ਵਿੱਚ, ਉਹ ਜ਼ਿੰਦੁਆ ਵਿੱਚ ਸੱਗੀ ਦੇ ਰੂਪ ਵਿੱਚ, ਅਤੇ ਲਾਹੌਰੀਏ ਵਿੱਚ ਅਮੀਰਨ ਦੇ ਰੂਪ ਵਿੱਚ ਦਿਖਾਈ ਦਿੱਤੀ, ਜਿਸ ਨੇ ਇਸ ਫ਼ਿਲਮ ਲਈ ਸਰਬੋਤਮ ਅਭਿਨੇਤਰੀ ਦਾ ਦੂਜਾ ਫਿਲਮਫੇਅਰ ਅਵਾਰਡ ਪ੍ਰਾਪਤ ਕੀਤਾ। 2018 ਵਿੱਚ ਉਸ ਨੇ ਕਿਸਮਤ ਵਿੱਚ ਬਾਣੀ ਦਾ ਕਿਰਦਾਰ ਨਿਭਾਇਆ, ਅਤੇ ਸਰਬੋਤਮ ਅਭਿਨੇਤਰੀ ਲਈ ਪੀਟੀਸੀ ਫ਼ਿਲਮ ਪੁਰਸਕਾਰ ਪ੍ਰਾਪਤ ਕੀਤਾ। 2019 ਵਿੱਚ, ਉਸਨੇ ਬੀਨੂੰ ਢਿੱਲੋਂ ਨਾਲ ਵਪਾਰਕ ਹਿੱਟ ਕਾਲਾ ਸ਼ਾਹ ਕਾਲਾ ਦਿੱਤੀ, ਜੋ ਕਿ ਹੁਣ ਤੱਕ 2019 ਦੀ ਸਭ ਤੋਂ ਵੱਧ ਕਮਾਈ ਕਰਨ ਵਾਲੀ ਪੰਜਾਬੀ ਫ਼ਿਲਮ ਹੈ। ਗਿੱਪੀ ਗਰੇਵਾਲ ਦੇ ਨਾਲ ਉਸ ਦੀ ਦੂਜੀ ਰਿਲੀਜ਼ ਚੰਡੀਗੜ੍ਹ ਅੰਮ੍ਰਿਤਸਰ ਚੰਡੀਗੜ੍ਹ ਸੀ।[24] ਸਾਲ ਦੀ ਉਸ ਦੀ ਤੀਜੀ ਰਿਲੀਜ਼ ਗੁਰਨਾਮ ਭੁੱਲਰ ਦੇ ਨਾਲ 'ਸੁਰਖੀ ਬਿੰਦੀ ਸੀ। ਦਿ ਟ੍ਰਿਬਿਨ ਦੇ ਗੁਰਨਾਜ਼ ਨੇ ਮਹਿਤਾ ਦੀ ਕਾਰਗੁਜ਼ਾਰੀ ਦੀ ਪ੍ਰਸ਼ੰਸਾ ਕਰਦਿਆਂ ਕਿਹਾ, 'ਸਰਗੁਣ ਮਹਿਤਾ ਅਤੇ ਗੁਰਨਾਮ ਭੁੱਲਰ ਦੁਆਰਾ ਪ੍ਰਦਰਸ਼ਿਤ ਸ਼ਾਨਦਾਰ ਅਭਿਨੈ, ਉਨ੍ਹਾਂ ਦੀ ਸ਼ਾਨਦਾਰ ਪ੍ਰੇਮ ਕਹਾਣੀ ਅਤੇ ਖੁਸ਼ਹਾਲ ਅੰਤ ਜੋ ਤੁਸੀਂ ਥੀਏਟਰ ਤੋਂ ਬਾਹਰ ਨਿਕਲਦੇ ਹੋਏ ਵੀ ਤੁਹਾਡੇ ਨਾਲ ਰਹਿੰਦੇ ਹਨ, ਲਈ ਜ਼ਰੂਰ ਦੇਖੋ। ਉਸ ਦੀ ਚੌਥੀ ਰਿਲੀਜ਼ ਬਿੰਨੂ ਢਿੱਲੋਂ ਦੇ ਨਾਲ ਵਿਲੱਖਣ ਕਾਮੇਡੀ ਝੱਲੇ ਸੀ, ਜੋ ਕਿ ਖੁਦ ਢਿੱਲੋਂ ਅਤੇ ਮੁਨੀਸ਼ ਵਾਲੀਆ ਦੇ ਵਲੋਂ ਮਿਲ ਕੇ ਬਣਾਈ ਗਈ ਸੀ। ਇਹ 15 ਨਵੰਬਰ ਨੂੰ ਰਿਲੀਜ਼ ਕੀਤੀ ਗਈ ਸੀ। ਮਾਰਚ 2021 ਤੱਕ, ਉਸ ਦੀਆਂ ਦੋ ਫ਼ਿਲਮਾਂ ਨਿਰਮਾਣ ਅਧੀਨ ਹਨ, ਸੋਹਰਿਆਂ ਦਾ ਪੰਡ ਆ ਗਿਆ, ਗੁਰਨਾਮ ਭੁੱਲਰ ਦੇ ਨਾਲ, ਜੋ ਕਿ ਕੋਵਿਡ -19 ਮਹਾਂਮਾਰੀ ਦੇ ਕਾਰਨ ਦੇਰੀ ਨਾਲ ਰਿਲੀਜ਼ ਹੋਈ ਅਤੇ ਕਿਸਮਤ 2, ਉਸ ਦੀ 2018 ਦੀ ਫ਼ਿਲਮ ਕਿਸਮਤ ਦਾ ਸੀਕੁਅਲ ਹੈ, ਜੋ ਕਿ 24 ਸਤੰਬਰ 2021 ਨੂੰ ਰਿਲੀਜ਼ ਕੀਤੀ ਗਈ ਹੈ।

# ਮੈਂ ਹਾਂ ਵਫਾਦਾਰ ਅਤੇ ਪਿਆਰ ਵੰਡਣ ਵਾਲੀ : ਅਥਿਆ

ਸੁਨੀਲ ਸ਼ੈੱਟੀ ਦੀ ਬੇਟੀ ਅਥਿਆ ਸ਼ੈੱਟੀ ਆਪਣੇ ਕਰੀਅਰ ਵਿੱਚ ਲਗਾਤਾਰ ਅੱਗੇ ਵਧ ਰਹੀ ਹੈ। ਫਿਲਮ 'ਹੀਰੋ' ਨਾਲ ਕਰੀਅਰ ਸ਼ੁਰੂ ਕਰਨ ਵਾਲੀ ਅਥਿਆ ਪਿਛਲੇ ਸਾਲ ਨਵਾਜੁਦੀਨ ਸਿੱਦੀਕੀ ਨਾਲ ਫਿਲਮ 'ਮੋਤੀਚੂਰ ਚਕਨਾਚੂਰ' ਵਿੱਚ ਆਈ ਸੀ। ਅੱਜ ਤੱਕ ਉਸ ਦੀਆਂ ਤਿੰਨ-ਚਾਰ ਫਿਲਮਾਂ 'ਚੋਂ ਕੋਈ ਵੀ ਹਿੱਟ ਨਹੀਂ ਹੋ ਸਕੀ, ਪਰ ਆਪਣੇ ਕੰਮ ਨਾਲ ਉਸ ਨੇ ਸਾਰਿਆਂ ਨੂੰ ਪ੍ਰਭਾਵਤ ਜ਼ਰੂਰ ਕੀਤਾ ਹੈ। ਉਸ ਨੂੰ ਅਗਲੀ ਫਿਲਮ ਤੋਂ ਕਾਫੀ ਉਮੀਦਾਂ ਹਨ, ਜੋ ਕਸ਼ਮੀਰੀ ਵਿਦਿਆਰਥੀ ਅਤੇ ਫੁੱਟਬਾਲਰ ਅਫਸ਼ਾਂ ਆਸ਼ਿਕ ਦੀ ਬਾਇਓਪਿਕ ਹੈ। ਪੇਸ਼ ਹਨ ਅਥਿਆ ਨਾਲ ਹੋਈ ਗੱਲਬਾਤ ਦੇ ਕੁਝ ਅੰਸ਼ :



× ਅੱਜ ਤੱਕ ਤੁਸੀਂ ਘੱਟ ਹੀ ਫਿਲਮਾਂ ਕੀਤੀਆਂ ਹਨ, ਪਰ ਇਸ ਦੌਰਾਨ ਅਨੀਸ ਬਜ਼ਮੀ ਵਰਗੇ ਧਾਕੜ ਡਾਇਰੈਕਟਰ ਨਾਲ ਤੁਹਾਨੂੰ ਕੰਮ ਕਰਨ ਦਾ ਮੌਕਾ ਮਿਲ ਚੁੱਕਾ ਹੈ। ਅੱਗੋਂ ਕਿਹੜੇ ਵੱਡੇ ਡਾਇਰੈਕਟਰ ਦੇ ਨਾਲ ਕੰਮ ਕਰਨ ਦੀ ਇੱਛਾ ਹੈ ?

-ਮੈਨੂੰ ਲੱਗਦਾ ਹੈ ਕਿ ਇਸ ਤੋਂ ਪਹਿਲਾਂ ਕਿ ਤੁਸੀਂ ਕੰਮ ਲਈ ਨਿਰਦੇਸ਼ਕਾਂ ਨੂੰ ਫੋਨ ਕਰਨਾ ਸ਼ੁਰੂ ਕਰੋ, ਤੁਹਾਨੂੰ ਆਪਣੀ ਅਭਿਨੈ ਸਮਰੱਥਾ ਬਾਰੇ ਉਨ੍ਹਾਂ 'ਤੇ ਭਰੋਸਾ ਕਰਨਾ ਜ਼ਰੂਰੀ ਹੈ। ਅਜੇ ਤਾਂ ਮੈਂ ਕੁਝ ਹੀ ਫਿਲਮਾਂ ਕੀਤੀਆਂ ਹਨ ਅਤੇ ਕੰਮ ਲਈ ਉਨ੍ਹਾਂ ਨੂੰ ਫੋਨ ਕਰਨ ਦਾ ਵਿਸ਼ੇਸ਼ ਅਧਿਕਾਰ ਲੈਣ ਤੋਂ ਪਹਿਲਾਂ ਮੈਂ ਆਪਣੀ ਅਭਿਨੈ ਸਮਰੱਥਾ ਸਭ ਨੂੰ ਦਿਖਾਉਣਾ ਚਾਹੁੰਦੀ ਹਾਂ। ਮੈਂ ਅਜੇ ਵੀ ਬਹੁਤ ਸ਼ਰਮੀਲੀ ਹਾਂ, ਪਰ ਜਦੋਂ ਕੰਮ ਦੀ ਗੱਲ ਆਉਂਦੀ ਹੈ ਤਾਂ ਸ਼ਰਮ ਕਰਨ ਦੀ ਕਿਹੜੀ ਗੱਲ ਹੈ। ਜੇ ਤੁਸੀਂ ਕਿਸੇ ਨੂੰ ਕੰਮ ਮੰਗਣ ਲਈ ਫੋਨ ਕਰਦੇ ਹੋ ਤਾਂ ਇਹ ਦਰਸਾਉਂਦਾ ਹੈ ਕਿ ਤੁਸੀਂ ਕੰਮ ਪ੍ਰਤੀ ਸਮਰਪਿਤ ਹੋ। ਅੱਗੇ ਮੈਂ ਯਸ਼ਰਾਜ ਫਿਲਮਜ਼ ਜਾਂ ਧਰਮਾ ਪ੍ਰੋਡਕਸ਼ਨ ਦੇ ਨਾਲ ਹੀ ਕੰਮ ਕਰਨ ਦਾ ਮੌਕਾ ਪਾਉਣਾ ਚਾਹੁੰਦੀ ਹਾਂ।

× ਤੁਹਾਡੇ ਪਿਤਾ ਐਕਟਿੰਗ ਤੋਂ ਕਾਫੀ ਸਮੇਂ ਤੋਂ ਦੂਰ ਹਨ। ਕੀ ਤੁਹਾਡੀ ਉਨ੍ਹਾਂ ਨਾਲ ਫਿਲਮ ਕਰਨ ਦੀ ਇੱਛਾ ਨਹੀਂ ਹੈ ?

- ਇੱਛਾ ਜ਼ਰੂਰ ਹੈ ਕਿ ਜੇ ਆਉਣ ਵਾਲੇ ਸਮੇਂ ਵਿੱਚ ਚੰਗੀ ਸਕ੍ਰਿਪਟ ਮਿਲੀ ਤਾਂ ਜ਼ਰੂਰ ਆਪਣੇ ਡੈਡੀ ਨਾਲ ਕੰਮ ਕਰਾਂਗੀ। ਫਿਲਮ ਦੀ ਸਕ੍ਰਿਪਟ ਮਜ਼ੇਦਾਰ ਹੋਣੀ ਚਾਹੀਦੀ ਹੈ ਅਤੇ ਉਸ ਵਿੱਚ ਦੋਵਾਂ ਦਾ ਕਿਰਦਾਰ ਪਿਓ-ਧੀ ਦਾ ਹੋਣਾ ਚਾਹੀਦਾ ਹੈ।

× ਮਾਤਾ-ਪਿਤਾ ਤੋਂ ਤੁਹਾਨੂੰ ਮਿਲੀ ਸਭ ਤੋਂ ਚੰਗੀ ਸਲਾਹ ਕੀ ਹੈ ?

- ਆਪਣੇ ਪ੍ਰਤੀ ਇਮਾਨਦਾਰ ਰਹੋ। ਪਸੰਦ ਕੀਤਾ ਜਾਣਾ ਜ਼ਰੂਰੀ ਨਹੀਂ, ਇਮਾਨਦਾਰੀ ਹੋਣਾ ਜ਼ਰੂਰੀ ਹੈ।

× ਤੁਹਾਡੀ ਆਲੋਚਨਾ ਹੋਣ 'ਤੇ ਕਿਵੇਂ ਰਿਐਕਟ ਕਰਦੇ ਹੋ ?

- ਜੇ ਆਲੋਚਨਾ ਮੇਰੇ ਕੰਮ ਬਾਰੇ ਹੋਵੇ ਤਾਂ ਮੈਂ ਉਸ ਨੂੰ ਸਕਾਰਾਤਮਕ ਰੂਪ ਨਾਲ ਲੈਂਦੀ ਹਾਂ, ਪਰ ਜੇ ਇਹ ਮੇਰੀ ਲੁੱਕ ਬਾਰੇ ਹੋਵੇ ਜਿਵੇਂ ਕਿਸੇ ਨੂੰ ਮੇਰੇ ਵਾਲਾਂ ਦਾ ਰੰਗ ਨਾ ਪਸੰਦ ਹੋਵੇ ਜਾਂ ਮੇਰੇ ਚਿਹਰੇ ਬਾਰੇ ਕੁਝ ਕਹੇ ਤਾਂ ਮੈਂ ਉਸ ਨੂੰ ਗੰਭੀਰਤਾ ਨਾਲ ਨਹੀਂ ਲੈਂਦੀ। ਭਗਵਾਨ ਨੇ ਮੈਨੂੰ ਜੋ ਦਿੱਤਾ ਹੈ, ਉਸ ਨੂੰ ਮੈਂ ਬਦਲ ਨਹੀਂ ਸਕਦੀ।

× ਹਾਲ ਹੀ ਵਿੱਚ ਤੁਸੀਂ ਕਿਹਾ ਸੀ ਕਿ ਸਲਮਾਨ ਤੁਹਾਡੇ ਗੁਰੂ ਹਨ। ਅਜਿਹਾ ਕਿਉਂ ?

- ਅਜਿਹਾ ਇਸ ਲਈ ਕਿ ਅੱਜ ਮੈਨੂੰ ਕੋਈ ਸੁਝਾਅ ਚਾਹੀਦਾ ਹੈ ਤਾਂ ਮੈਂ ਸਭ ਤੋਂ ਪਹਿਲਾਂ ਸਲਮਾਨ ਨੂੰ ਕਾਲ ਕਰਦੀ ਹਾਂ। ਸਲਮਾਨ ਕਾਫੀ ਸਪੋਰਟਿਵ ਹਨ ਅਤੇ ਮੈਨੂੰ ਹਮੇਸ਼ਾ ਪ੍ਰੇਰਿਤ ਕਰਦੇ ਰਹਿੰਦੇ ਹਾਂ।

× ਤੁਹਾਡੀ ਜ਼ਿੰਦਗੀ ਦੇ ਸਭ ਤੋਂ ਖ਼ੂਬਸੂਰਤ ਪਲ ਕੀ ਰਹੇ ਹਨ ?

- ਜਦੋਂ ਮੈਨੂੰ ਫਿਲਮ 'ਹੀਰੋ' ਮਿਲੀ ਸੀ, ਉਸ ਦਿਨ ਮੇਰਾ 21ਵਾਂ ਜਨਮ ਦਿਨ ਸੀ। ਕਹਾਣੀ ਸੁਣਨ ਲਈ ਮੈਂ ਸਲਮਾਨ ਖਾਨ ਦੇ ਘਰ ਗਈ। ਮੇਰਾ ਬਚਪਨ ਦਾ ਸੁਫਨਾ ਪੂਰਾ ਹੋਇਆ ਸੀ ਉਦੋਂ। ਤਿੰਨ ਸਾਲ ਦੀ ਉਮਰ ਤੋਂ ਮੈਂ ਸ਼ੀਸ਼ੇ ਅੱਗੇ ਅਦਾਕਾਰੀ ਕਰਦੀ ਸੀ। ਮੈਂ ਸਕੂਲ ਵਿੱਚ ਆਈ ਬੀ ਐਚ ਆਈ ਥੀਏਟਰ ਕਰਦੀ ਸੀ। ਇਹ ਸੁਫਨਾ ਮੈਂ ਪਾਪਾ ਨਾਲ ਸ਼ੇਅਰ ਨਹੀਂ ਕੀਤਾ ਸੀ। ਉਨ੍ਹਾਂ ਨੂੰ ਦੱਸਣ ਤੋਂ ਡਰ ਲੱਗਦਾ ਸੀ। ਉਂਝ ਮੈਂ ਹਮੇਸ਼ਾ ਤੋਂ ਪਾਪਾ ਦੀ ਲਾਡਲੀ ਰਹੀ ਹਾਂ। ਜਦੋਂ 17 ਸਾਲ ਦੀ ਹੋਈ ਤਾਂ ਪਾਪਾ ਨਾਲ ਇਸ ਬਾਰੇ ਸ਼ੇਅਰ ਕੀਤਾ। ਮੈਂ ਕੰਮ ਦੀਆਂ ਬਰੀਕੀਆਂ ਸਿੱਖਣ ਨਿਊ ਯਾਰਕ ਫਿਲਮ ਇੰਸਟੀਚਿਊਟ ਗਈ। ਉਥੇ ਫਿਲਮ ਨਿਰਮਾਣ ਨਾਲ ਜੁੜੇ ਪਹਿਲੂਆਂ ਨਾਲ ਜਾਣੂ ਹੋਈ। ਉਥੇ ਇਮਰਾਨ ਖਾਨ ਮੇਰੇ ਸੀਨੀਅਰ ਸੀ।

# ਅਨੇਕਾਂ ਰੋਗਾਂ 'ਚ ਸ਼ਹਿਦ ਦੀ ਵਰਤੋਂ

ਸ਼ਹਿਦ ਕੁਦਰਤ ਵਲੋਂ ਬਖ਼ਸ਼ਿਆ ਇਕ ਅਨਮੋਲ ਤੋਹਫ਼ਾ ਹੈ। ਸ਼ਹਿਦ ਚ ਖੰਘ, ਪਿਤ, ਖ਼ੂਨ ਵਿਕਾਰ, ਬਵਾਸੀਰ, ਰੇਸ਼ਾ, ਪਿਸ਼ਾਬ ਰੋਗ, ਬੁਖਾਰ, ਹਿਚਕੀ, ਗੈਸ, ਸਾਹ, ਜ਼ੁਕਾਮ, ਲੱਕ ਦਰਦ, ਅੱਖਾਂ ਦੇ ਰੋਗ ਆਦਿ ਨੂੰ ਨਸ਼ਟ ਕਰਨ ਦੀ ਸ਼ਕਤੀ ਹੁੰਦੀ ਹੈ। ਸ਼ਹਿਦ ਦਾ ਅੰਤੜੀਆਂ, ਦਿਮਾਗ, ਚਮੜੀ ਆਦਿ ਤੇ ਚੰਗਾ ਪ੍ਰਭਾਵ ਪੈਂਦਾ ਹੈ।

**ਅੰਤੜੀਆਂ ਤੇ ਸ਼ਹਿਦ ਦਾ ਅਸਰ** : ਕਈ ਲੋਕਾਂ ਦਾ ਜਿਗਰ ਕਮਜ਼ੋਰ ਹੋ ਜਾਂਦਾ ਹੈ ਉਹ ਕੰਮ ਕਰਨਾ ਘੱਟ ਕਰ ਦਿੰਦਾ ਹੈ। ਨਤੀਜਾ ਦੁੱਧ, ਦਹੀਂ, ਘਿਓ ਖਾਣ ਤੇ ਚੰਗੀ ਤਰ੍ਹਾਂ ਹਜ਼ਮ ਨਹੀਂ ਹੁੰਦਾ। ਜੇਕਰ ਅਜਿਹੇ ਵਿਅਕਤੀ ਸ਼ਹਿਦ ਦੀ ਵਰਤੋਂ ਕਰਨ ਤਾਂ ਹੌਲੀ-ਹੌਲੀ ਜਿਗਰ ਚ ਮਜ਼ਬੂਤੀ ਆਉਣ ਲਗਦੀ ਹੈ ਅਤੇ ਇਹ ਕੰਮ ਕਰਨਾ ਸ਼ੁਰੂ ਹੋ ਜਾਂਦਾ ਹੈ, ਜਿਸ ਨਾਲ ਪਾਚਣ-ਤੰਤਰ ਦਰੁਸਤ ਹੋ ਜਾਂਦਾ।

**ਦਿਮਾਗ ਤੇ ਸ਼ਹਿਦ ਦਾ ਅਸਰ** : ਕਈ ਵਾਰ ਦਿਮਾਗ ਦੇ ਅੰਦਰ ਰੇਸ਼ਾ ਪੈਦਾ ਹੋ ਜਾਂਦਾ ਹੈ ਜਿਸ ਨਾਲ ਦਿਮਾਗ ਦੇ ਕੰਮ ਕਰਨ ਦੀ ਸਮਰੱਥਾ ਘਟ ਜਾਂਦੀ ਹੈ। ਗਿਆਨ ਤੰਤੂਆਂ ਦੀ ਕਾਰਜ-ਪ੍ਰਣਾਲੀ ਵੀ ਕਮਜ਼ੋਰ ਹੋਵੇ ਤਾਂ ਇਨ੍ਹਾਂ ਵਿਕਾਰਾਂ ਨੂੰ ਦੂਰ ਕਰਨ ਲਈ ਸ਼ਹਿਦ ਸਭ ਤੋਂ ਵਧੀਆ ਔਸ਼ਧੀ ਹੈ। ਕੁਝ ਦਿਨਾਂ ਤੱਕ ਸ਼ਹਿਦ ਖਾਣ ਨਾਲ ਰੇਸ਼ਾ ਖ਼ਤਮ ਹੋ ਜਾਂਦਾ ਹੈ। ਇਸ ਦੀ ਵਰਤੋਂ ਨਾਲ ਯਾਦ ਸ਼ਕਤੀ, ਵਿਚਾਰ ਸ਼ਕਤੀ ਅਤੇ ਧਾਰਨਾ ਸ਼ਕਤੀ ਵਿਚ ਵਾਧਾ ਹੁੰਦਾ ਹੈ।

**ਅੱਖਾਂ ਤੇ ਸ਼ਹਿਦ ਦਾ ਅਸਰ** : ਅੱਖਾਂ ਚ ਭਾਰੀਪਨ, ਧੁੰਦ ਅਤੇ ਕਈ ਰੋਗਾਂ ਨੂੰ ਦੂਰ ਕਰਨ ਲਈ ਕਸ਼ਮੀਰ ਚ ਪੈਦਾ ਹੋਣ ਵਾਲੇ ਸ਼ਹਿਦ ਨੂੰ ਅੱਖਾਂ ਚ ਸੁਰਮੇ ਵਾਂਗ ਲਗਾਉਣਾ ਚਾਹੀਦਾ ਹੈ। ਇਸ ਨੂੰ ਲਗਾਉਣ ਨਾਲ ਅੱਖਾਂ ਚੋਂ ਅੱਥਰੂਆਂ ਦੇ ਰੂਪ ਵਿਚ ਖਰਾਬ ਪਾਣੀ ਨਿਕਲ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਜੇਕਰ ਮਨੁੱਖ ਹਰ ਰੋਜ਼ ਸਵੇਰੇ 25 ਗ੍ਰਾਮ ਸ਼ਹਿਦ ਨੂੰ 50 ਗ੍ਰਾਮ ਪਾਣੀ ਚ ਚੰਗੀ ਤਰ੍ਹਾਂ ਮਿਲਾ ਕੇ ਪੀਵੇ ਤਾਂ ਉਸ ਵਿਅਕਤੀ ਨੂੰ ਸਾਰੀ ਉਮਰ ਅੱਖਾਂ ਦਾ ਕੋਈ ਰੋਗ ਨਹੀਂ ਹੁੰਦਾ।

**ਚਮੜੀ ਰੋਗਾਂ ਤੇ ਸ਼ਹਿਦ ਦਾ ਅਸਰ** : ਸ਼ਹਿਦ ਦੀ ਵਰਤੋਂ ਚਮੜੀ ਰੋਗਾਂ ਚ ਵੀ ਕਾਫੀ ਫਾਇਦੇਮੰਦ ਹੁੰਦੀ ਹੈ। ਕੁਝ ਲੋਕਾਂ ਨੂੰ ਫੋੜੇ-ਫਿਨਸੀਆਂ ਦੀ ਕੁਝ ਜ਼ਿਆਦਾ ਹੀ ਸ਼ਿਕਾਇਤ ਰਹਿੰਦੀ ਹੈ। ਅਜਿਹੇ ਲੋਕਾਂ ਨੂੰ ਸ਼ਹਿਦ ਦਾ ਬਾਹਰੀ ਅਤੇ ਅੰਦਰੂਨੀ ਇਸਤੇਮਾਲ ਕਰਨਾ ਫਾਇਦੇਮੰਦ ਰਹਿੰਦਾ ਹੈ। ਜੇਕਰ ਫੋੜਾ ਨਿਕਲ ਚੁੱਕਾ ਹੈ ਤਾਂ ਉਸ ਦਾ ਆਪ੍ਰੇਸ਼ਨ ਕਰਕੇ ਸ਼ਹਿਦ ਚ ਰੂੰਅ ਦਾ ਤੂੰਬਾ ਲਗਾ ਕੇ ਪੱਟੀ ਬੰਨ੍ਹਣ ਨਾਲ ਫੋੜਾ ਛੇਤੀ ਠੀਕ ਹੋ ਜਾਂਦਾ ਹੈ, ਸ਼ਹਿਦ ਦੀ ਵਰਤੋਂ ਕਰਨ ਤੋਂ ਬਾਅਦ ਉਸ ਤੇ ਕੋਈ ਦੂਸਰਾ ਉਪਾਅ ਨਹੀਂ ਕਰਨਾ ਚਾਹੀਦਾ ਹੈ।

# ਗਾਇਕ ਵੀ ਤੇ ਖਲਨਾਇਕ ਵੀ ਗੁਰਚਰਨ ਪੋਹਲੀ

ਪੰਜਾਬੀ ਦੇ ਮਸ਼ਹੂਰ ਗਾਇਕ ਤੇ ਹਿੰਦੀ/ਪੰਜਾਬੀ ਫ਼ਿਲਮਾਂ ਦੇ ਖ਼ਲਨਾਇਕ ਗੁਰਚਰਨ ਸਿੰਘ ਪੋਹਲੀ ਦੀ ਪੈਦਾਇਸ਼ 24 ਜੂਨ 1942 ਨੂੰ ਪਿੰਡ ਚੱਕ ਨੰਬਰ 51/12-ਐੱਲ, ਜ਼ਿਲ੍ਹਾ ਮਿੰਟਗੁਮਰੀ (ਹੁਣ ਜ਼ਿਲ੍ਹਾ ਸਾਹੀਵਾਲ, ਪਾਕਿਸਤਾਨ) ਦੇ ਪੰਜਾਬੀ ਸਿੱਖ ਪਰਿਵਾਰ ਵਿੱਚ ਹੋਈ। ਦੇਸ਼ ਵੰਡ ਵੇਲੇ ਇਹ ਪਰਿਵਾਰ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਪਿੰਡ ਕੋਟ ਕਰੋੜ ਕਲਾਂ ਆਣ ਵੱਸਿਆ। ਪੋਹਲੀ ਨੇ 10ਵੀਂ ਤੱਕ ਤਾਲੀਮ ਹਾਸਲ ਕੀਤੀ। ਸਕੂਲ ਪੜ੍ਹਦਿਆਂ ਹੀ ਉਸ ਨੂੰ ਨੱਚਣ ਤੇ ਗਾਉਣ ਨਾਲ ਬੇਹੱਦ ਲਗਾਓ ਸੀ ਜੋ ਜਵਾਨੀ ਦੀ ਸਰਦਲ 'ਤੇ ਪਹੁੰਚਦਿਆਂ ਗੁਲੂਕਾਰੀ ਤੇ ਅਦਾਕਾਰੀ ਵਿੱਚ ਬਦਲ ਗਿਆ। ਗੁਰਚਰਨ ਪੋਹਲੀ ਨੇ ਆਪਣੇ ਫ਼ਨੀ ਸਫ਼ਰ ਦਾ ਆਗਾਜ਼ ਪੰਜਾਬੀ ਲੋਕ ਗਾਇਕ ਵਜੋਂ ਕੀਤਾ। ਉਸ ਨੇ ਸੰਗੀਤ ਦੀ ਮੁੱਢਲੀ ਤਾਲੀਮ ਉਸਤਾਦ ਜਸਵੰਤ ਭੰਵਰਾ ਕੋਲੋਂ ਹਾਸਲ ਕੀਤੀ। ਫਿਰ ਫ਼ਿਲਮਾਂ ਨਾਲ ਦਿਲਚਸਪੀ ਕਾਰਨ ਬੰਬੇ ਦਾ ਰੁਖ਼ ਕੀਤਾ। ਹਿੰਦੀ ਫ਼ਿਲਮਾਂ ਵਿੱਚ ਉਸ ਨੇ 'ਸ਼ੇਰਾ' ਦੇ ਫ਼ਿਲਮੀ ਨਾਮ ਨਾਲ ਅਦਾਕਾਰੀ ਕੀਤੀ ਅਤੇ ਪੰਜਾਬੀ ਫ਼ਿਲਮਾਂ ਵਿੱਚ ਗੁਰਚਰਨ ਪੋਹਲੀ ਦੇ ਨਾਮ ਨਾਲ ਆਪਣੀ ਪਛਾਣ ਬਣਾਈ।

**ਖ਼ਲਨਾਇਕ ਦੇ ਰੂਪ ਵਿੱਚ ਗੁਰਚਰਨ ਪੋਹਲੀ:** ਮਾਲਵੇ ਦੇ ਮਸ਼ਹੂਰ ਨਾਵਲਨਿਗਾਰ ਬੂਟਾ ਸਿੰਘ ਸ਼ਾਦ ਨੇ ਜਦੋਂ ਆਪਣੇ ਫ਼ਿਲਮਸਾਜ਼ ਅਦਾਰੇ ਬਰਾੜ ਪ੍ਰੋਡਕਸ਼ਨਜ਼, ਬੰਬੇ ਦੇ ਬੈਨਰ ਹੇਠ ਵੇਦ ਮਹਿਰਾ ਦੀ ਹਿਦਾਇਤਕਾਰੀ ਵਿੱਚ ਪੰਜਾਬੀ ਫ਼ਿਲਮ 'ਕੁੱਲੀ ਯਾਰ ਦੀ' (1970) ਬਣਾਈ ਤਾਂ ਉਨ੍ਹਾਂ ਪੰਜਾਬੀ ਲੋਕ ਗਾਇਕ ਗੁਰਚਰਨ ਸਿੰਘ ਪੋਹਲੀ ਨੂੰ ਨਵੇਂ ਚਿਹਰੇ ਵਜੋਂ ਮੁਤਆਰਿਫ਼ ਕਰਵਾਇਆ। ਪੋਹਲੀ ਨੇ ਫ਼ਿਲਮ 'ਚ ਛੋਟੀ ਜਿਹੀ ਭੂਮਿਕਾ ਨਿਭਾਈ। ਮਨੋਹਰ ਦੀ ਮੁਰੱਤਿਬ ਮੌਸੀਕੀ ਵਿੱਚ ਬਾਬੂ ਸਿੰਘ ਮਾਨ ਦਾ ਲਿਖਿਆ ਗੀਤ 'ਜਨਨੀ ਜਣੇ ਤਾਂ ਭਗਤ ਜਨ' (ਮਹਿੰਦਰ ਕਪੂਰ) ਗੁਰਚਰਨ ਪੋਹਲੀ 'ਤੇ ਫ਼ਿਲਮਾਇਆ ਗਿਆ। ਇਹ ਬਲੈਕ ਐਂਡ ਵ੍ਹਾਈਟ ਫ਼ਿਲਮ 27 ਨਵੰਬਰ 1970 ਨੂੰ ਨੰਦਨ ਸਿਨਮਾ, ਅੰਮ੍ਰਿਤਸਰ ਵਿਖੇ ਨੁਮਾਇਸ਼ ਹੋਈ।ਗੁਰਚਰਨ ਪੋਹਲੀ ਦੀ ਪਹਿਲੀ ਰੰਗੀਨ ਹਿੰਦੀ ਫ਼ਿਲਮ ਵੀ ਬਰਾੜ ਪ੍ਰੋਡਕਸ਼ਨਜ਼, ਬੰਬੇ ਦੀ ਬੀ.ਐੱਸ. ਸ਼ਾਦ ਨਿਰਦੇਸ਼ਿਤ 'ਕੋਰਾ ਬਦਨ' (1974) ਸੀ। ਫ਼ਿਲਮ 'ਚ ਸ਼ਾਦ ਨੇ ਗੁਰਚਰਨ ਪੋਹਲੀ ਨੂੰ 'ਸ਼ੇਰਾ' ਦੇ ਨਵੇਂ ਨਾਮ ਨਾਲ ਪੇਸ਼ ਕੀਤਾ। ਪੋਹਲੀ ਨੇ ਫ਼ਿਲਮ ਵਿੱਚ 'ਡਾਕੂ' ਦਾ ਕਿਰਦਾਰ ਨਿਭਾਇਆ। ਸਾਵਨ ਕੁਮਾਰ ਦੇ ਫ਼ਿਲਮਸਾਜ਼ ਅਦਾਰੇ ਮਰਕਰੀ ਪ੍ਰੋਡਕਸ਼ਨਜ਼, ਬੰਬੇ ਦੀ ਸਾਵਨ ਕੁਮਾਰ ਨਿਰਦੇਸ਼ਿਤ ਫ਼ਿਲਮ 'ਹਵਸ' (1974), ਰੂਪਾ ਐੱਚ.ਐੱਮ. ਦੇ ਫ਼ਿਲਮਸਾਜ਼ ਅਦਾਰੇ ਅਨੁਭਵ ਫ਼ਿਲਮਜ਼, ਬੰਬੇ ਦੀ ਕੇਦਾਰ ਕਪੂਰ ਨਿਰਦੇਸ਼ਿਤ ਫ਼ਿਲਮ 'ਚਟਾਨ ਸਿੰਘ' (1974), ਸ਼ਿਆਮ ਸੁੰਦਰ ਤੇ ਸ਼ਿਵਦਾਸਾਨੀ ਦੇ ਫ਼ਿਲਮਸਾਜ਼ ਅਦਾਰੇ ਮੁਰਧਨ ਇੰਟਰਪ੍ਰਾਈਸਜ਼, ਬੰਬੇ ਦੀ ਪ੍ਰਯਾਗ ਰਾਜ ਨਿਰਦੇਸ਼ਿਤ ਫ਼ਿਲਮ 'ਪਾਪ ਔਰ ਪੁਨਯ' (1974), ਰਾਮਾਨੰਦ ਸਾਗਰ ਦੇ ਫ਼ਿਲਮਸਾਜ਼ ਅਦਾਰੇ ਸਾਗਰ ਆਰਟ ਕਾਰਪੋਰੇਸ਼ਨ, ਬੰਬੇ ਦੀ ਆਨੰਦ ਸਾਗਰ ਨਿਰਦੇਸ਼ਿਤ ਫ਼ਿਲਮ 'ਹਮਰਾਹੀ' (1974) ਵਿੱਚ ਖ਼ਲ ਕਿਰਦਾਰ ਨਿਭਾਏ।ਨਰੇਸ਼ ਕੁਮਾਰ ਦੇ ਫ਼ਿਲਮਸਾਜ਼ ਅਦਾਰੇ ਡਿੰਪਲ ਫ਼ਿਲਮਜ਼, ਬੰਬੇ ਦੀ ਨਰੇਸ਼ ਕੁਮਾਰ ਨਿਰਦੇਸ਼ਿਤ ਫ਼ਿਲਮ 'ਦੋ ਜਾਸੂਸ' (1975), ਐੱਸ.ਪੀ. ਮਲਹੋਤਰਾ ਤੇ ਪ੍ਰਤਾਪ ਸਿੰਘ ਦੇ ਫ਼ਿਲਮਸਾਜ਼ ਅਦਾਰੇ ਸਿਲਵਰ ਸਕਰੀਨ ਇੰਟਰਪ੍ਰਾਈਸਜ਼, ਬੰਬੇ ਦੀ ਦੇਸ਼ ਗੌਤਮ ਨਿਰਦੇਸ਼ਿਤ ਫ਼ਿਲਮ 'ਲਗਾਮ' (1976) 'ਚ ਪੋਹਲੀ ਨੇ ਫਿਰ ਖ਼ਲ ਕਿਰਦਾਰ ਨਿਭਾਏ। ਹਾਲਾਂਕਿ 1970ਵਿਆਂ ਦੇ ਅਸ਼ਰੇ 'ਚ ਗੁਰਚਰਨ ਪੋਹਲੀ ਦਾ ਆਗਾਜ਼ ਪੰਜਾਬੀ ਫ਼ਿਲਮ ਤੋਂ ਹੋਇਆ ਤੇ ਬਾਅਦ 'ਚ ਉਸ ਨੇ ਕਈ ਹਿੰਦੀ ਫ਼ਿਲਮਾਂ 'ਚ 'ਸ਼ੇਰਾ' ਦੇ ਨਾਮ ਨਾਲ ਛੋਟੇ-ਛੋਟੇ ਕਿਰਦਾਰ ਵੀ ਨਿਭਾਏ, ਪਰ ਉਹ ਨਾਮ ਨਹੀਂ ਬਣ ਸਕਿਆ ਜੋ ਉਸ ਦੀ ਦਿੱਖ ਮੁਤਾਬਿਕ ਬਣਦਾ ਸੀ। ਆਦਾਤਰ ਹਿੰਦੀ ਫ਼ਿਲਮਾਂ 'ਚ ਉਸ ਦੀ ਆਵਾਜ਼ ਕਿਸੇ ਹੋਰ ਕੋਲੋਂ ਡੱਬ ਕਰਵਾਈ ਜਾਂਦੀ ਸੀ। ਉਸ ਨੂੰ ਅਸਲ ਸ਼ੁਹਰਤ ਸਿਰਫ਼ ਪੰਜਾਬੀ ਫ਼ਿਲਮਾਂ ਤੋਂ ਹੀ ਮਿਲ ਪਾਈ। ਚਾਦਰਾ-ਕੁੜਤਾ, ਦੰਦਾਂ 'ਚ ਪੈਂਦੀ ਵਿਰਲ ਤੇ ਹੱਸਣ ਦੇ ਅਨੋਖੇ ਅੰਦਾਜ਼ ਨੇ ਉਸ ਨੂੰ ਪੰਜਾਬੀ ਫ਼ਿਲਮਾਂ ਦਾ ਸਿਰਕੱਢ ਖ਼ਲਨਾਇਕ ਬਣਾ ਦਿੱਤਾ। 1980ਵਿਆਂ ਦੇ ਦਹਾਕੇ 'ਚ ਭੁੱਲਾ ਰਾਮ ਚੰਨ, ਹਰਦੇਵ ਸਿੰਘ ਦਿਲਗੀਰ, ਕੁਲਦੀਪ ਮਾਣਕ ਤੇ ਗੁਰਚਰਨ ਪੋਹਲੀ ਨੇ ਜਦੋਂ ਆਪਣੇ ਫ਼ਿਲਮਸਾਜ਼ ਅਦਾਰੇ ਬੀ. ਐੱਚ. ਕੇ. ਜੀ. ਪ੍ਰੋਡਕਸ਼ਨਜ਼, ਬੰਬੇ ਦੇ ਬੈਨਰ ਹੇਠ ਵਰਿੰਦਰ ਦੀ ਹਿਦਾਇਤਕਾਰੀ ਵਿੱਚ ਐਕਸ਼ਨ ਪੰਜਾਬੀ ਫ਼ਿਲਮ 'ਬਲਬੀਰੋ ਭਾਬੀ' (1981) ਬਣਾਈ ਤਾਂ ਗੁਰਚਰਨ ਪੋਹਲੀ ਨੂੰ ਇੱਕ ਵਾਰ ਫਿਰ ਨਵੇਂ ਅਦਾਕਾਰ ਵਜੋਂ ਮੁਤਆਰਿਫ਼ ਕਰਵਾਇਆ। ਫ਼ਿਲਮ ਵਿੱਚ ਉਸ ਵੱਲੋਂ ਨਿਭਾਏ 'ਘੁਕਰ'/'ਚੌਧਰੀ ਸਾਹਬ' ਦੇ ਵੈਲੀ ਕਿਰਦਾਰ ਨੇ ਮਕਬੂਲੀਅਤ ਅਤੇ ਪੁਖਤਾ ਪਛਾਣ ਦਿੱਤੀ। ਕੁਲਦੀਪ ਮਾਣਕ ਦੇ ਸੰਗੀਤ 'ਚ ਦੇਵ ਥਰੀਕੇ ਵਾਲਾ ਦਾ ਲਿਖਿਆ ਅਖਾੜਾ ਗੀਤ 'ਹੋ ਹੋ...ਨੱਚ ਲੈ ਮੋਰਨੀਏ' (ਗੁਰਮੀਤ ਬਾਵਾ, ਕੁਲਦੀਪ ਮਾਣਕ) ਗੁਰਮੀਤ ਬਾਵਾ, ਕੁਲਦੀਪ ਮਾਣਕ, ਵਰਿੰਦਰ, ਗੁਰਚਰਨ ਪੋਹਲੀ 'ਤੇ ਫ਼ਿਲਮਾਇਆ ਗਿਆ। ਇਹ ਸੁਪਰਹਿੱਟ ਫ਼ਿਲਮ 18 ਜੂਨ 1982 ਨੂੰ ਮਾਲਵਾ ਸਿਨਮਾ, ਪਟਿਆਲਾ ਵਿਖੇ ਨੁਮਾਇਸ਼ ਹੋਈ। ਇਸ ਫ਼ਿਲਮ ਦੀ ਜਬਰਦਸਤ ਕਾਮਯਾਬੀ ਤੋਂ ਬਾਅਦ ਗੁਰਚਰਨ ਸਿੰਘ ਪੋਹਲੀ ਨੇ ਐੱਲ. ਐੱਸ. ਪਾਹਲ ਦੇ ਫ਼ਿਲਮਸਾਜ਼ ਅਦਾਰੇ ਪਾਹਲ ਬ੍ਰਦਰਜ਼, ਪ੍ਰੋਡਕਸ਼ਨਜ਼, ਬੰਬੇ ਦੀ ਕੰਵਲ ਬਿਆਲਾ ਨਿਰਦੇਸ਼ਿਤ ਪੰਜਾਬੀ ਫ਼ਿਲਮ 'ਰੂਪ ਸ਼ੁਕੀਨਣ ਦਾ' (1983) 'ਚ ਅਦਾਕਾਰਾ ਦਲਜੀਤ ਕੌਰ (ਪ੍ਰੀਤੋ) ਦੇ ਭਰਾ 'ਜੋਰਾ' ਦਾ ਖ਼ਲ ਕਿਰਦਾਰ ਨਿਭਾਇਆ। ਚਰਨਜੀਤ ਅਹੂਜਾ ਦੇ ਸੰਗੀਤ 'ਚ ਮਜ਼ਾਹੀਆ ਗੀਤ 'ਮੈਂ ਨਈ ਜਾਣਾ ਰੋਡੂ ਦੇ' (ਨੇਕੀ ਕਾਬਿਲ) ਮਿਹਰ ਮਿੱਤਲ, ਪੋਹਲੀ ਤੇ ਸਾਥੀਆਂ 'ਤੇ ਫ਼ਿਲਮਾਇਆ ਗਿਆ ਸੀ। ਇਹ ਫ਼ਿਲਮ 30 ਸਤੰਬਰ 1983 ਨੂੰ ਜੋਸ਼ੀ ਪੈਲੇਸ, ਫ਼ਿਰੋਜ਼ਪੁਰ ਸ਼ਹਿਰ ਵਿਖੇ ਨੁਮਾਇਸ਼ ਹੋਈ। ਪੁਖਰਾਜ ਪ੍ਰੋਡਕਸ਼ਨਜ਼, ਬੰਬੇ ਦੀ ਜਗਜੀਤ ਨਿਰਦੇਸ਼ਿਤ ਪੰਜਾਬੀ ਫ਼ਿਲਮ 'ਕੀ ਬਣੂ ਦੁਨੀਆ ਦਾ' (1986) 'ਚ ਗੁਰਚਰਨ ਪੋਹਲੀ ਨੇ 'ਪੋਹਲੀ ਸਾਹਬ' ਦਾ ਖ਼ਲ ਪਾਤਰ ਅਦਾ ਕੀਤਾ ਜਦੋਂਕਿ ਮੁੱਖ ਕਿਰਦਾਰ ਵਿੱਚ ਗੁਰਦਾਸ ਮਾਨ ਪਹਿਲੀ ਵਾਰ ਦੋਹਰੀ ਭੂਮਿਕਾ ਨਿਭਾ ਰਿਹਾ ਸੀ। ਹੁਣ ਫ਼ਿਲਮਸਾਜ਼ਾਂ ਤੇ ਫ਼ਿਲਮ ਮੱਦਾਹਾਂ ਨੂੰ ਪੋਹਲੀ ਦੀ ਖ਼ਲਨਾਇਕੀ ਦਾ ਅੰਦਾਜ਼ ਪਸੰਦ ਆਉਣ ਲੱਗ ਪਿਆ ਸੀ।

Printed & Published by Amritpal Singh Printed at I.G. Printers, Pvt Ltd 104, DSIDC, Complex Okhla Industrial Area Phase-I New Delhi-110020 Keepr Jagpal Singh Published at office Daily Educator, 104 DSIDC, Okhla Industrial Area Phase-I, New Delhi .Owner : Jagjit Singh Dardi, Editor Harpreet Singh, PRGI (RNI) Regd. N0.42998/1985

ਅੰਮ੍ਰਿਤਪਾਲ ਸਿੰਘ ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਐਜੂਕੇਟਰ, ਆਈ.ਜੀ. ਪ੍ਰਿੰਟਰਜ਼ ਪ੍ਰਾਈਵੇਟ ਲਿਮਟਿਡ 104, ਡੀ.ਐਸ.ਆਈ. ਡੀ. ਸੀ. ਕੰਪਲੈਕਸ, ਓਖਲਾ ਇੰਡਸਟਰੀਅਲ ਏਰੀਆ ਫੇਜ਼-1 ਨਵੀਂ ਦਿੱਲੀ-110020 ਕੀਪਰ ਜਗਪਾਲ ਸਿੰਘ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਐਜੂਕੇਟਰ 104, ਡੀ.ਐਸ.ਆਈ.ਡੀ.ਸੀ. ਓਖਲਾ ਇੰਡਸਟਰੀਅਲ ਏਰੀਆ, ਫੇਜ਼-1 ਨਵੀਂ ਦਿੱਲੀ ਤੋਂ ਪ੍ਰਕਾਸ਼ਿਤ ਕੀਤਾ। (ਮਾਲਕ ਜਗਜੀਤ ਸਿੰਘ ਦਰਦੀ), ਐਡੀਟਰ ਹਰਪ੍ਰੀਤ ਸਿੰਘ, PRGI (RNI) Regd. N0.42998/1985